
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 30
November 3, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਅਦਾਰਾ 'ਦੇਸ਼ ਦੁਆਬਾ' ਵੱਲੋਂ ਬੰਦੀ ਛੋੜ ਦਿਵਸ ਦੀਆਂ ਵਿਸ਼ਵ ਭਾਈਚਾਰੇ ਨੂੰ ਲੱਖ-ਲੱਖ ਵਧਾਈਆਂ।

## ਚੋਣਾਂ ਤੋਂ ਪਹਿਲਾਂ ਹੀ ਪੰਜਾਬ ਵਿਚ ਸਸਤੀ ਹੋਵੇਗੀ ਬਿਜਲੀ



**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ 'ਚ ਹੋ ਰਹੀ ਕੈਬਨਿਟ ਮੀਟਿੰਗ ਖ਼ਤਮ ਹੋਣ ਤੋਂ ਬਾਅਦ ਸਭ ਤੋਂ ਪਹਿਲਾਂ ਐਲਾਨ ਉਨ੍ਹਾਂ ਸਰਕਾਰੀ ਮੁਲਾਜ਼ਮਾਂ ਲਈ ਕੀਤਾ। ਉਨ੍ਹਾਂ ਸਰਕਾਰੀ ਮੁਲਾਜ਼ਮਾਂ ਦੇ ਡੀਏ 'ਚ 11 ਫ਼ੀਸਦ ਵਾਧਾ ਕਰਨ ਦਾ ਐਲਾਨ ਕੀਤਾ ਜਿਹੜਾ ਜੁਲਾਈ 2021 ਤੋਂ ਲਾਗੂ ਹੋਵੇਗਾ। ਇਸ ਤਹਿਤ ਸਰਕਾਰ ਹਰ ਮਹੀਨੇ ਸਰਕਾਰੀ ਮੁਲਾਜ਼ਮਾਂ ਨੂੰ 440 ਕਰੋੜ ਰੁਪਏ ਦੇ ਧਓ ਵਜੋਂ ਭੁਗਤਾਨ ਕਰੇਗੀ। ਇਸ ਤੋਂ ਇਲਾਵਾ ਚੰਨੀ ਨੇ ਆਮ ਆਦਮੀ ਨੂੰ ਰਾਹਤ ਦਿੰਦੇ ਹੋਏ ਘਰੇਲੂ ਬਿਜਲੀ ਦਰਾਂ 'ਚ ਵੱਡੀ ਕਟੌਤੀ ਕੀਤੀ ਹੈ। ਸੀਐਮ ਚੰਨੀ ਨੇ ਕਿਹਾ ਕਿ ਲੋਕਾਂ ਨੂੰ ਮੁਫ਼ਤ ਨਹੀਂ ਸਸਤੀ ਬਿਜਲੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਓਨੀ ਹੀ ਮਹਿੰਗੀ ਹੋਵੇਗੀ ਜਿੰਨੀ ਦਾ ਲੋਕ ਭੁਗਤਾਨ ਕਰ ਸਕਣਗੇ। ਸਰਬਸੰਮਤੀ ਨਾਲ ਕੈਬਨਿਟ ਨੇ ਫ਼ੈਸਲਾ ਲਿਆ ਹੈ ਕਿ ਬਿਜਲੀ ਦਰਾਂ 'ਚ ਕਟੌਤੀ ਕੀਤੀ ਜਾਵੇ।

ਪੰਜਾਬ ਸਰਕਾਰ ਨੇ 7 ਕਿੱਲੋਵਾਟ ਤਕ ਤਿੰਨ ਰੁਪਏ ਬਿਜਲੀ ਸਸਤੀ ਕਰ ਦਿੱਤੀ ਹੈ। ਹੁਣ 100 ਯੂਨਿਟ ਤਕ ਦ ' ਰੇਟ 1।19 ਪੈਸੇ ਹੋਵੇਗਾ। 8।76 ਰੁਪਏ ਵਾਲਾ ਰੇਟ ਹੁਣ 5।76 ਰੁਪਏ ਪ੍ਰਤੀ ਯੂਨਿਟ ਦੇਣੇ ਪੈਣਗੇ। ਚੰਨੀ ਨੇ ਕਿਹਾ ਕਿ ਲੋਕ ਮੁਫਤ ਨਹੀਂ ਸਸਤੀ ਬਿਜਲੀ ਚਾਹੁੰਦੇ ਹਨ। 7 ਕਿਲੋਵਾਟ ਦੇ ਉਪਰ ਵਾਲਿਆਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਿਜਲੀ ਅੱਜ ਤੋਂ ਹੀ ਸਸਤੀ ਮਿਲਣੀ ਸ਼ੁਰੂ ਹੋ ਜਾਵੇਗੀ। ਇਸ ਨਾਲ ਸਰਕਾਰ 'ਤੇ 3316 ਕਰੋੜ ਰੁਪਏ ਦ ' ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਹੀ 10,628 ਕਰੋੜ ਰੁਪਏ ਸਬਸਿਡੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 200 ਯੂਨਿਟ ਤਕ ਦੇ 21 ਲੱਖ ਖਪਤਕਾਰਾਂ ਨੂੰ ਪਹਿਲਾਂ ਹੀ ਮੁਫ਼ਤ ਬਿਜਲੀ ਦੇ ਰਹੇ ਹਾਂ। ਚੰਨੀ ਨੇ ਕਿਹਾ ਕਿ 2 ਕਿੱਲੋਵਾਟ ਤਕ ਦੇ ਬਕਾਏ ਸਰਕਾਰ ਪਹਿਲਾਂ ਹੀ ਮਾਫ਼ ਕਰ ਚੁੱਕੀ ਹੈ। ਬਿਜਲੀ ਬਿੱਲਾਂ 'ਚ ਰਾਹਤ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਘਰ ਦਾ ਬਿੱਲ ਉਨ੍ਹਾਂ ਦੀ ਪਤਨੀ ਦਿੰਦੀ ਹੈ।



ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ
ਸਜਾਏ ਨਗਰ ਕੀਰਤਨ ਦੌਰਾਨ ਚਮਕਿਆ ਖਾਲਸਾਈ ਰੰਗ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 'ਤੇ)

## ਤੀਹ ਸਾਲ ਬਾਅਦ ਕੈਪਟਨ ਅਮਰਿੰਦਰ ਨੇ ਫਿਰ ਬਣਾਈ ਨਵੀਂ ਪਾਰਟੀ



**ਚੰਡੀਗੜ੍ਹ (ਬਿਊਰੋ)–** ਕੈਪਟਨ ਅਮਰਿੰਦਰ ਸਿੰਘ ਵੱਲੋਂ ਵੱਖਰੀ ਪਾਰਟੀ ਬਣਾਉਣ ਨਾਲ ਸੂਬੇ ਅੰਦਰ ਨਵੇਂ ਸਮੀਕਰਨ ਉੱਭਰ ਆਏ ਹਨ। ਉਂਜ ਨਵੀਂ ਪਾਰਟੀ ਬਣਾਉਣ ਦਾ ਇਤਿਹਾਸ ਉਨ੍ਹਾਂ ਨੇ ਤੀਹ ਸਾਲਾਂ ਬਾਅਦ ਦੁਹਰਾਇਆ ਹੈ। ਪਹਿਲਾਂ 1991 'ਚ ਵੀ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ (ਪੰਥਕ) ਨਾਮੀ ਪਾਰਟੀ ਬਣਾਈ ਸੀ।ਅਸਲ 'ਚ ਬਲੂ ਸਟਾਰ ਅਪਰੇਸ਼ਨ ਖ਼ਿਲਾਫ਼ ਲੋਕ ਸਭਾ ਮੈਂਬਰੀ ਤੋਂ ਅਸਤੀਫ਼ਾ ਦੇਣ ਮਗਰੋਂ ਉਹ ਅਕਾਲੀ ਦਲ ਨਾਲ ਜੁੜ ਗਏ। 1992 ਦੀਆਂ ਚੋਣਾਂ ਵਿਚ ਅਕਾਲੀ ਦਲ ਵੱਲੋਂ ਬਾਈਕਾਟ ਕੀਤੇ ਜਾਣ ਕਾਰਨ ਅਮਰਿੰਦਰ ਸਿੰਘ ਨੇ ਵੱਖਰੀ ਪਾਰਟੀ ਬਣਾ ਕੇ ਚੋਣਾਂ ਲੜੀਆਂ ਸਨ। ਅਮਰਿੰਦਰ ਸਿੰਘ ਖ਼ੁਦ ਸਮਾਣਾ ਤੋਂ ਚੋਣ ਲੜੇ ਪਰ ਉਨ੍ਹਾਂ ਦੇ ਮੁਕਾਬਲੇ ਖੜ੍ਹੇ ਬਿਰਜ ਲਾਲ ਗੋਇਲ ਨੂੰ ਕਾਂਗਰਸ ਨੇ ਨਾਮਜ਼ਦਗੀ ਫਾਰਮ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਤੇ ਅਮਰਿੰਦਰ ਸਿੰਘ ਬਿਨਾਂ ਮੁਕਾਬਲਾ ਵਿਧਾਇਕ ਚੁਣੇ ਗਏ। ਕੈਪਟਨ ਦੀ ਪਾਰਟੀ ਦੇ ਦੋ ਹੋਰ ਉਮੀਦਵਾਰ ਵੀ ਵਿਧਾਇਕ ਬਣੇ ਸਨ। ਉਸ ਵਕਤ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪ੍ਰਚਾਰਿਆ ਗਿਆ ਸੀ ਪਰ ਸਰਕਾਰ ਕਾਂਗਰਸ ਦੀ ਬਣੀ ਤੇ ਬੇਅੰਤ ਸਿੰਘ ਮੁੱਖ ਮੰਤਰੀ ਬਣੇ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਪੰਥਕ ਨੂੰ 1998 'ਚ ਕਾਂਗਰਸ ਵਿਚ ਮਰਜ਼ ਕਰਦਿਆਂ ਕੈਪਟਨ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਕਾਂਗਰਸ ਦਾ ਸੂਬਾਈ ਪ੍ਰਧਾਨ ਬਣਾਇਆ ਗਿਆ। ਉਨ੍ਹਾਂ ਦੀ ਅਗਵਾਈ ਹੇਠ 2002 'ਚ ਲੜੀਆਂ ਤੇ ਕਾਂਗਰਸ ਨੇ ਸਰਕਾਰ ਬਣਾਈ। ਅਮਰਿੰਦਰ ਸਿੰਘ ਪਹਿਲੀ ਵਾਰ ਮੁੱਖ ਮੰਤਰੀ ਬਣੇ। ਇਸ ਤੋਂ ਬਾਅਦ ਅਮਰਿੰਦਰ ਸਿੰਘ ਪਟਿਆਲਾ ਸ਼ਹਿਰ ਤੋਂ ਹੀ 2007, 12 ਤੇ 2017 ਵਿੱਚ ਵੀ ਵਿਧਾਇਕ ਬਣੇ ਹੁਣ ਉਹ ਪਟਿਆਲਾ ਦੇ ਵਿਧਾਇਕ ਵਜੋਂ ਹੀ ਦੂਜੀ ਵਾਰ ਮੁੱਖ ਮੰਤਰੀ ਬਣੇ ਸਨ। ਅੱਜ ਵੱਖਰੀ ਪਾਰਟੀ ਬਣਾ ਕੇ ਅਮਰਿੰਦਰ ਸਿੰਘ ਨੇ ਤਿੰਨ ਦਹਾਕਿਆਂ ਮਗਰੋਂ ਨਵੀਂ ਪਾਰਟੀ ਬਣਾਉਣ ਦਾ ਇਤਿਹਾਸ ਦੁਹਰਾਇਆ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com




Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823




RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Temple Pittsburg (CA)
## Gurughar's coming programs

**Diwali Celebrations November 4, 2021**

Diwali will be celebrated in the Gurughar with Sukhmani Sahib path starting at 6:00 PM. Jatha of Bhai Ajit Singh and Bhai Nirvair Singh along with Giani Gurnam Singh/Giani Ompal Singh will do the Kirtan Sewa. Guru Ka Langar will be hosted by Suman family. Sangat is requested to come for Ardas and celebrations. May Waheguru bless His Sangat with good health and happiness.

**Sukhmani Sahib Path & Langar Sewa by Jatinder Singh Ralmil and family**
**November 14, 2021**

Sukhmani Sahib Path and Langar Sewa will be hosted by Jatinder Singh Ralmil and family to thank Guru Sahib for blessing them with a daughter. May Waheguru keep Ralmil family in Chardi Kala.

**Sri Guru Nanak Dev Ji's Parkash Utsav**
**November 21, 2021**
**Satguru Nanak Pargateya - Miti Dhund Jag Chanan Hoya**

Sri Guru Nanak Dev Ji's Gurpurab will be celebrated at our Gurughar on November 21, 2021. Akhand path will start on Friday 11/19/2021, at 10:00 AM and will be concluded on Sunday morning 11/21/2021 followed by Kirtan. Path and Langar sewa will be hosted by devoted family of Pt. Kewal Krishan Sudhir, Phagwara Wale. Giani Ompal /Giani Gurnam Singh will adorn the occasion with Shabad Kirtan along with other Kirtani Jathas.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of **GURU GRANTH SAHIB**, are an embodiment of truthfulness and godliness which illuminated the millions of ignorant souls. HIS simple message of **"UNIVERSAL BROTHERHOOD" EQUALITY** and Love of Mankind formed the basic principles of Sikh Religion. His firm belief that God is formless, infinite and all pervasive, dwelling within us awakened the entire mankind.

**The entire Sangat is humbly requested to participate in this "Gurupurb" and do the SEWA with TAN, MAN and DHAN.**

**For food & other stalls, please contact the management committee. We have a limited space, so please call as soon as possible to reserve the stall space or for any other Sewa. First come, first choice.**

**"NANAK NAM CHARDI KALA TERE BHANE SARBAT DA BHALA"**

# 2021-2022 Committee of
## Sri Guru Ravidass Sabha Pittsburg (CA)



**EXECUTIVE COMMITTEE**

Kulwant Kaur Banga (Chairperson), Surinder Rattu (Vice-Chairman), Jagtar Singh Bhatia (President), Harmesh Bangar (Vice President), Harbans Kalu (2nd Vice President), Abhishek Pal Narabut (General Secretary), Naresh Kumar (Assistant Secretary), Joginder Singh (2nd Assistant Secretary), Sunita K. Singh (Treasurer), Vinod Kumar Jakhu (Assistant Treasurer).

**ADVISORY COMMITTEE**

Ramesh Suman, O.P. Balley, Balbir Mall, Jagdev Ram, Jaila Jaggi

**BOARD OF DIRECTORS**

Ashok Kumar Ralh, Dharam Pal Chonkria, Gurnam Singh Rattu, Gyan Suman, Harbans Singh Rattu, Kashmiri Bhatia, Major Bhatia, Paras Ram, Prem Lal Saroay, Santokh Madhar, Shinder Paul Narabut

**CO OPT MEMBERS**

Baksho Jaggi, Salinder Singh Bhatia, Simer Kaur, Satya Dass

**LEGAL COMMITTEE**

Shashi K Paul, Ajay Pal Ram

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਨਗਰ ਕੀਰਤਨ ਦੌਰਾਨ ਚਮਕਿਆ ਖਾਲਸਾਈ ਰੰਗ





**ਫਰਿਜ਼ਨੋ (ਕੈਲੀਫੋਰਨੀਆਂ) ਕੁਲਵੰਤ ਊੱਭੀ ਧਾਲੀਆਂ / ਨੀਟਾ ਮਾਛੀਕੇ:-** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਨਗਰ ਕੀਰਤਨ ਹੋਇਆ। ਜਿਸ ਦੀ ਸੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਬਾਅਦ ਹੋਈ। ਗੁਰੂਘਰ ਵਿਖੇ ਹਾਜ਼ਰ ਬਹੁਤ ਸਾਰੇ ਕੀਰਤਨੀ ਜੱਥਿਆ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਕੇਸ਼ਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾ ਅਤੇ ਦੁਪੱਟਿਆ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਾਈ ਰੰਗ ਵਿੱਚ ਰੰਗ ਦਿੱਤਾ ਹੋਵੇ। ਟਰੱਕਾਂ ਤੇ ਸਜੇ ਹੋਏ ਵੱਖੋ ਵੱਖ ਤਰ੍ਹਾਂ ਦੇ ਸੁਨੇਹੇ ਪੇਸ਼ ਕਰਦੇ ਫਲੋਟਾ ਨੇ ਵਿਲੱਖਣ ਨਜਾਰਾ ਪੇਸ਼ ਕੀਤਾ।

ਬੱਚਿਆ ਦੇ ਗੱਤਕਾ ਗਰੁੱਪਾ ਦੁਆਰਾ ਆਪਣੀ ਇਸ ਕਲਾ ਦਾ ਖੁਲ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਦੁਕਾਨਦਾਰਾ ਵੱਲੋਂ ਅਨੇਕਾ ਦੁਕਾਨਾਂ ਵੀ ਸੰਗਤਾ ਲਈ ਖਿੱਚ ਦਾ ਕੇਂਦਰ ਬਣੀਆਂ ਨਜ਼ਰ ਆ ਰਹੀਆਂ ਸਨ। ਲਾਉਡ ਸਪੀਕਰਾ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ।

ਨਗਰ ਕੀਰਤਨ ਦੀ ਸੁਰੂਆਤ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆਂ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਕਰਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਪੰਜ ਪਿਆਰੇ ਅਤੇ ਨਿਸਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਭਾਰੀ ਉਤਸਾਹ ਅਤੇ ਸਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਜਿਸ ਬਾਅਦ ਵੱਖਰੀਆਂ-ਵੱਖਰੀਆਂ ਝਾਕੀਆਂ ਰਾਹੀ ਸਿੱਖ ਇਤਿਹਾਸ ਦੀ ਅਗਵਾਈ ਕਰਦੇ ਫਲੋਟ ਚਲ ਰਹੇ ਸਨ। ਕੈਲੇਫੋਰਨੀਆਂ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਇਸ ਸਮੇਂ ਪੰਜਾਬ ਤੋਂ ਮੰਗਵਾਏ ਟਰੈਕਟਰ ਅਤੇ ਟ੍ਰਾਲੀਆਂ ਤੋਂ ਇਲਾਵਾ ਘੋੜ ਸਵਾਰ ਵੀ ਨਗਰ ਕੀਰਤਨ ਦਾ ਸ਼ਿੰਗਾਰ ਬਣ ਰਹੇ ਸਨ। ਇਸ ਸਮੇਂ ਬਹੁਤ ਸਾਰੇ ਬੁੱਧੀਜੀਵੀਆਂ ਨੇ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤੇ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।

## ਅਮਰੀਕਾ ਨੇ ਅਫਗਾਨਿਸਤਾਨ ਦੇ ਲੋਕਾਂ ਲਈ 144 ਮਿਲੀਅਨ ਡਾਲਰ ਦੀ ਸਹਾਇਤਾ ਦਾ ਕੀਤਾ ਐਲਾਨ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਵੱਲੋਂ ਅਫਗਾਨਿਸਤਾਨ ਦੇ ਲੋਕਾਂ ਨੂੰ 144 ਮਿਲੀਅਨ ਡਾਲਰ ਦੀ ਸਹਾਇਤਾ ਪ੍ਰਦਾਨ ਕਰਨ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਗੰਭੀਰ ਮਨੁੱਖੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਅਮਰੀਕੀ ਅਧਿਕਾਰੀ ਟੋਨੀ ਬਲਿੰਕਨ ਨੇ ਵੀਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਹਾਇਤਾ ਸਿੱਧੇ ਤੌਰ 'ਤੇ ਇੰਡਿਪੈਂਡੇਂਟ ਅੰਤਰ-ਰਾਸ਼ਟਰੀ ਅਤੇ ਗੈਰ-ਸਰਕਾਰੀ ਮਾਨਵਤਾਵਾਦੀ ਸੰਸਥਾਵਾਂ ਨੂੰ ਪ੍ਰਦਾਨ ਕੀਤੀ ਜਾਵੇਗੀ। ਜਿਸ ਵਿੱਚ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ (ੂੰਢ), ਸੰਯੁਕਤ ਰਾਸ਼ਟਰ ਚਿਲਡਰਨ ਫੰਡ (ੂੀਛਓਾਂ), ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ (ੀੌ), ਅਤੇ ਵਿਸ਼ਵ ਸਿਹਤ ਸੰਗਠਨ ( ੍ਹੌ), ਸ਼ਾਮਲ ਹਨ। ਇਹ ਫੰਡਿੰਗ ਗੁਆਂਢੀ ਦੇਸ਼ਾਂ ਵਿੱਚ ਵੀ ਅਫਗਾਨ ਸ਼ਰਨਾਰਥੀਆਂ ਸਮੇਤ, 18 ਮਿਲੀਅਨ ਤੋਂ ਵੱਧ ਕਮਜ਼ੋਰ ਅਫਗਾਨਾਂ ਵਿੱਚੋਂ ਕੁੱਝ ਨੂੰ ਸਿੱਧੇ ਤੌਰ 'ਤੇ ਸਹਾਇਤਾ ਪ੍ਰਦਾਨ ਕਰੇਗੀ। ਬਲਿੰਕੇਨ ਅਨੁਸਾਰ ਇਸ ਸਹਾਇਤਾ ਦੇ ਨਾਲ, ਅਫਗਾਨਿਸਤਾਨ ਵਿੱਚ ਅਤੇ ਅਫਗਾਨ ਸ਼ਰਨਾਰਥੀਆਂ ਲਈ ਕੁੱਲ ਅਮਰੀਕੀ ਮਨੁੱਖੀ ਸਹਾਇਤਾ 2021 ਵਿੱਚ ਲਗਭਗ 474 ਮਿਲੀਅਨ ਡਾਲਰ ਤੱਕ ਹੋ ਗਈ ਹੈ, ਜੋ ਕਿ ਕਿਸੇ ਵੀ ਦੇਸ਼ ਤੋਂ ਸਹਾਇਤਾ ਦੀ ਸਭ ਤੋਂ ਵੱਡੀ ਰਕਮ ਹੈ ਅਤੇ ਇਹ ਮਾਨਵਤਾਵਾਦੀ ਸਹਾਇਤਾ ਅਫਗਾਨਿਸਤਾਨ ਦੇ ਲੋਕਾਂ ਨੂੰ ਲਾਭ ਪਹੁੰਚਾਏਗੀ ।



## ਭਾਰਤ ਨੂੰ 15 ਮਿਲੀਅਨ ਡਾਲਰ ਮੁੱਲ ਦੀਆਂ 248 ਪੁਰਾਤਨ ਵਸਤਾਂ ਕੀਤੀਆਂ ਵਾਪਸ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਦੁਆਰਾ ਵੀਰਵਾਰ ਨੂੰ ਲੱਖਾਂ ਡਾਲਰ ਮੁੱਲ ਦੀਆਂ 248 ਪੁਰਾਤਨ ਵਸਤਾਂ ਵਾਪਸ ਕੀਤੀਆਂ ਗਈਆਂ ਹਨ, ਜਿਸ ਵਿੱਚ 12 ਵੀਂ ਸਦੀ ਵੇਲੇ ਦਾ ਕਾਂਸੀ ਦਾ ਸ਼ਿਵ ਨਟਰਾਜ ਵੀ ਸ਼ਾਮਲ ਹੈ। ਇਹਨਾਂ ਪੁਰਾਤਨ ਵਸਤਾਂ ਦੀ ਕੀਮਤ 15 ਮਿਲੀਅਨ ਅਮਰੀਕੀ ਡਾਲਰ ਦੱਸੀ ਗਈ ਹੈ। ਮੈਨਹੱਟਨ ਦੇ ਜ਼ਿਲ੍ਹਾ ਅਟਾਰਨੀ ਸੀ। ਵਾਂਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਇੱਕ ਦਹਾਕੇ ਵਿੱਚ ਪੰਜ ਵੱਖ-ਵੱਖ ਅਪਰਾਧਿਕ ਜਾਚਾਂ ਦੌਰਾਨ ਬਰਾਮਦ ਇਹ ਕਲਾਕ੍ਰਿਤੀਆਂ ਪ੍ਰਾਚੀਨ ਅਤੇ ਆਧੁਨਿਕ ਭਾਰਤ ਵਿਚਾਲੇ ਸੱਭਿਆਚਾਰਕ ਪ੍ਰਤੀਕ ਹੈ। ਅਮਰੀਕਾ ਨੇ ਭਾਰਤ ਦੇ ਕੌਂਸਲ ਜਨਰਲ ਰਣਧੀਰ ਜੈਸਵਾਲ ਅਤੇ ਯੂ ਐਸ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ (ਐਚ ਐਸ ਆਈ) ਦੇ ਡਿਪਟੀ ਸਪੈਸ਼ਲ ਏਜੰਟ ਇਨ ਚਾਰਜ ਏਰਿਕ ਰੋਜ਼ਨਬਲਾਟ ਦੀ ਹਾਜ਼ਰੀ ਵਿੱਚ ਇੱਕ ਸਮਾਰੋਹ ਦੌਰਾਨ 15 ਮਿਲੀਅਨ ਅਮਰੀਕੀ ਡਾਲਰ ਮੁੱਲ ਦੀਆਂ 248 ਪੁਰਾਤਨ ਵਸਤਾਂ ਭਾਰਤ ਨੂੰ ਵਾਪਸ ਕਰ ਦਿੱਤੀਆਂ। ਇਸ ਦੌਰਾਨ ਜੈਸਵਾਲ ਨੇ ਭਾਰਤ ਨੂੰ ਪੁਰਾਤਨ ਵਸਤਾਂ ਦੀ ਵਾਪਸੀ ਵਿੱਚ ਸਹਾਇਤਾ ਅਤੇ ਸਹਿਯੋਗ ਲਈ ਮੈਨਹੱਟਨ ਡਿਸਟ੍ਰਿਕਟ ਅਟਾਰਨੀ (ਡੀ ਏ) ਦਫਤਰ ਦਾ ਧੰਨਵਾਦ ਕੀਤਾ। ਐਚ ਐਸ ਆਈ ਨਿਊਯਾਰਕ ਦੇ ਕਾਰਜਕਾਰੀ ਸਪੈਸ਼ਲ ਏਜੰਟ ਇਨ ਚਾਰਜ ਰਿਕੀ ਪਟੇਲ ਅਨੁਸਾਰ ਇਹ ਕਲਾਕ੍ਰਿਤੀਆਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਹਿੱਸਾ ਹਨ ਅਤੇ ਇਹ ਭਾਰਤ ਦੇ ਲੋਕਾਂ ਕੋਲ ਵਾਪਸ ਜਾ ਰਹੀਆਂ ਹਨ।





SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਲੰਮੀ ਗ਼ੈਰਹਾਜ਼ਰੀ ਬਾਅਦ ਗਾਇਕ ਅਕਾਸ਼ਦੀਪ ਦੀਵਾਲੀ -2 ਗੀਤ ਨਾਲ ਫਿਰ ਚਰਚਾ 'ਚ

**ਫਰਿਜ਼ਨੋ (ਕੈਲੀ-ਫੋਰਨੀਆਂ)** - ਅਮਰੀਕਾ ਵਸਦੇ ਗਾਇਕ ਅਕਾਸ਼ਦੀਪ ਜਿਸ ਨੇ ਗੀਤ "ਸਾਡੀ ਤੂੰਹੀ ਇਹ ਦੀਵਾਲੀ ਦੀਵੇ ਲਾਉਣ ਵਾਲੀਏ" ਨਾਲ ਇੱਕ ਵਾਰੀ ਪੂਰੀ ਦੁਨੀਆਂ ਵਿੱਚ ਧੁੰਮ ਪਾ ਦਿੱਤੀ ਸੀ। ਉਸ ਦੀਆਂ ਤਕਰੀਬਨ ਦਸ-ਬਾਰਾਂ ਕੈਸਿੱਟਾ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣ ਚੁੱਕੀਆਂ ਹਨ। ਜਿੰਨਾਂ ਵਿੱਚ ਚੱਲ ਮੇਲੇ ਚੱਲੀਏ, ਰਹੇ ਬਿਸਤਰਾ ਗੋ.ਲ ਨੀ ਮਾਂ ਪ੍ਰਦੇਸੀ ਮਾਹੀ ਦਾ ਆਦਿ ਉਸਦੇ ਮਕਬੂਲ ਗੀਤਾਂ ਦੇ ਕੁਝ ਕੁ ਨਮੂੰਨੇ ਹਨ। ਪ੍ਰਦੇਸਾਂ ਵਿੱਚ ਆਕੇ ਕਈ ਵਾਰ ਇਨਸਾਨ ਮਜਬੂਰੀਆਂ ਵੱਸ ਆਪਣੀ ਲਾਈਨ ਤੋਂ ਉੱਕ ਜਾਂਦਾ ਹੈ। ਅਮਰੀਕਾ ਵਿੱਚ ਘਰ ਬਾਰ ਬਣਾਕੇ, ਆਪਣੇ ਪਰਿਵਾਰ ਨੂੰ ਸਿੱਟ ਕਰਨ ਤੋਂ ਬਾਅਦ ਅਕਾਸ਼ਦੀਪ ਇੱਕ ਵਾਰ ਫੇਰ ਸਰਗਰਮ ਹੋਇਆ ਹੈ, ਅਤੇ ਉਹ ਕਈ ਸਿੰਗਲ ਟ੍ਰੈਕ ਲੈਕੇ ਦਰਸ਼ਕਾਂ ਦੀ ਕਚਿਹਰੀ ਵਿੱਚ ਜਲਦ ਹਾਜ਼ਰ ਹੋ ਰਿਹਾ ਹੈ। ਉਸਨੇ ਪਹਿਲੀ ਦਸਤਕ ਆਪਣੇ ਨਵੇਂ ਨਕੋਰ ਗੀਤ ਦੀਵਾਲੀ-2 ਜ਼ਰੀਏ




ਦਿੱਤੀ ਹੈ, ਇਸ ਗੀਤ ਨੂੰ ਉਸਦੇ ਚਾਹੁੰਣ ਵਾਲ਼ਿਆ ਵੱਲੋਂ ਰੱਜਵਾ ਪਿਆਰ ਮਿਲ ਰਿਹਾ ਹੈ। ਇਸ ਗੀਤ ਨੂੰ ਲਿਖਿਆ ਹੈ ਸਫ਼ੀ ਜਲਵੇੜਾ ਨੇ, ਅਤੇ ਮਿਊਜ਼ਿਕ ਨਾਲ ਸ਼ਿੰਗਾਰਿਆ ਹੈ ਉੱਘੇ ਸੰਗੀਤਕਾਰ ਲਾਲ ਕਮਲ ਨੇ। ਇਸ ਗੀਤ ਦੀ ਮਿਕਸਿੰਗ ਅਮੀਤ ਮੋਗਾ ਵੱਲੋਂ ਕੀਤੀ ਗਈ ਹੈ। ਵੀਡੀਓ ਨਿਰਦੇਸ਼ਨ ਸੱਜਣ ਧਾਲੀਵਾਲ ਨੇ ਬਾਖੂਬੀ ਕੀਤਾ ਹੈ। ਅਕਾਸ਼ਦੀਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਨੂੰ ਇਸ ਗੀਤ ਤੋਂ ਬਹੁਤ ਉਮੀਦਾਂ ਹਨ, ਦੀਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਕੇ ਅਸੀਂ ਇਹ ਗੀਤ ਮਾਰਕੀਟ ਵਿੱਚ ਉਤਾਰਿਆ ਹੈ। ਸਾਨੂੰ ਆਸ ਹੈ ਕਿ ਜਿਵੇਂ ਪਹਿਲਾਂ ਵਾਲੇ ਦੀ-ਵਾਲੀ ਗੀਤ ਨੂੰ ਲੋਕਾਂ ਨੇ ਹਿੱਟ ਕੀਤਾ ਸੀ, ਇਸ ਗੀਤ ਨੂੰ ਵੀ ਰੱਜਵਾਂ ਪਿਆਰ ਦੇਣਗੇ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਬਿਲਕੁਲ ਨਵੇਂ ਵਿਸ਼ਿਆਂ ਨਾਲ ਸਬੰਧਤ ਸਿੰਗਲ ਟ੍ਰੈਕ ਲੈਕੇ ਤੁਹਾਡੀ ਕਚਿਹਰੀ ਵਿੱਚ ਹਾਜ਼ਰ ਹੁੰਦਾ ਰਹਾਂਗਾ ।

# ਰਾਜ ਕਾਕੜਾ ਦੀ ਫਰਿਜ਼ਨੋ ਵਿਚਲੀ ਦੂਸਰੀ ਮਹਿਫ਼ਲ ਨੂੰ ਲੋਕਾਂ ਸਾਹ ਰੋਕਕੇ ਸੁਣਿਆ





















**ਫਰਿਜ਼ਨੋ (ਕੈਲੀਫੋਰਨੀਆਂ)**- ਆਪਣੇ ਚਾਹੁੰਣ ਵਾਲਿਆਂ ਦੀ ਪੁਰ-ਜ਼ੋਰ ਮੰਗ 'ਤੇ ਸਥਾਨਿਕ ਈਲਾਈਟ ਈਵੈਂਟ ਸੈਂਟਰ ਵਿੱਚ ਰਾਜ ਕਾਕੜਾ ਦੀ ਦੂਸਰੀ ਪਰਿਵਾਰਕ ਮਹਿਫ਼ਲ ਬੇਹੱਦ ਕਾਮਯਾਬ ਰਹੀ। ਇਸ ਮਹਿਫ਼ਲ ਵਿੱਚ ਲੋਕਲ ਮਰਦਾਂ ਤੋਂ ਬਿਨਾ ਸਾਡੀਆਂ ਮਾਵਾਂ, ਭੈਣਾਂ ਅਤੇ ਬੱਚੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਮਹਿਫ਼ਲ ਨੂੰ ਪਰਿਵਾਰਕ ਰੰਗ ਵਿੱਚ ਯਾਦਗਾਰੀ ਬਣਾਇਆ। ਰਾਜ ਕਾਕੜੇ ਨੇ ਪਿਛਲੇ ਤਕਰੀਬਨ ਤਿੰਨ ਦਹਾਕੇ ਤੋਂ ਪੰਜਾਬੀ ਗੀਤਕਾਰੀ ਵਿੱਚ ਕੁਝ ਐਸੀਆਂ ਪੈੜ੍ਹਾ ਪਾਈਆ ਜਿੰਨ੍ਹਾਂ ਦਾ ਕਿੱਧਰੇ ਕੋਈ ਤੋੜ ਨਜ਼ਰ ਨਹੀਂ ਆਉਦਾ। ਉਹਨਾਂ ਧੁੰਮ ਧੜੱਕੇ ਦੇ ਯੁਗ ਵਿੱਚ ਹਰ ਕੋਈ ਉਹ ਵਿਸ਼ਾ ਛੋਇਆ ਜਿਸ ਦੀ ਸਾਡੇ ਸਮਾਜ ਨੂੰ ਲੋੜ ਸੀ।

ਉਹਨਾਂ ਨੇ ਰਾਜਨੀਤੀ ਗੀਤ ਲਿਖਕੇ ਸਾਡੇ ਲੋਕਾਂ ਨੂੰ ਭਾਰਤ ਦੇ ਕਰੱਪਟ ਪਲੀਟੀਕਲ ਸਿਸਟਮ ਖਿਲਾਫ ਜਗਾਉਣ ਦੀ ਬਹੁਤ ਸਾਰਥਿਕ ਕੋਸ਼ਿਸ਼ ਕੀਤੀ। ਉਹਨਾਂ ਦਾ ਲਿਖਿਆ ਗੀਤ ਬਾਪੂ, ਮੇਰਾ ਪਿੰਡ ਆਦਿ ਸਦੀਵੀ ਯਾਦ ਰਹਿਣਗੇ। ਰਾਜ ਕਾਕੜਾ ਦੀ ਗਾਇਕੀ ਦੀ ਸੁਗੰਧ ਪੂਰੀ ਦੁਨੀਆਂ ਦੇ ਗੈਰਤਮੰਦ ਪੰਜਾਬੀਆਂ ਦੇ ਸੀਨੇ ਵਿੱਚ ਧਸੀ ਪਈ ਹੈ। ਜਿਹੜੇ ਅਨੁਭਵ ਨਾਲ ਉਸਨੇ ਪੰਜਾਬ ਦੇ ਦਰਦ ਨੂੰ ਆਪਣੇ ਗੀਤਾ ਜ਼ਰੀਏ ਲਿਖਿਆ ਤੇ ਗਾਇਆ, ਉਸਨੂੰ ਆਮ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਸਦੀ ਅਵਾਜ਼ ਅਤੇ ਪੇਸ਼ਕਾਰੀ ਨਿਵੇਕਲੀ ਹੈ। ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਉਸਦੀਆਂ ਲਿਖੀਆਂ ਸਤਰਾਂ ਪੰਜਾਬੀ ਗਾਇਕੀ ਦੇ ਇਤਿਹਾਸ ਵਿੱਚ ਸਦੀਵੀਂ ਯਾਦ ਰਹਿਣਗੀਆਂ । ਇਸ ਮਹਿਫ਼ਲ ਨੂੰ ਕਰਵਾਉਣ ਦਾ ਸਿਹਰਾ ਸ। ਹਾਕਮ ਸਿੰਘ ਢਿੱਲੋ, ਨਾਜ਼ਰ ਸਿੰਘ ਸਹੋਤਾ, ਨਿਰਮਲ ਨਿੰਮਾਂ, ਕੁਲਵਿੰਦਰ ਢਿੱਲੋ, ਦਵਿੰਦਰ ਢਿੱਲੋ ਅਤੇ ਸਤਨਾਮ ਪ੍ਰਧਾਨ ਸਿਰ ਜਾਂਦਾ ਹੈ। ਰਾਜ ਕਾਕੜਾ ਤੋਂ ਬਿਨਾਂ ਗੀਤਕਾਰ ਪੱਪੀ ਭਦੌੜ, ਧੰਨਜੀਤ ਸਿੰਘ ਬੀਸਲਾ ਅਤੇ ਗਾਇਕ ਗੋਗੀ ਸੰਧੂ ਨੇ ਵੀ ਆਪਣੇ ਇੱਕ ਇੱਕ ਗੀਤ ਨਾਲ ਹਾਜ਼ਰੀ ਭਰੀ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾਖ਼ੂਬੀ ਕੀਤਾ। ਅਖੀਰ ਰਾਤਰੀ ਦੇ ਸੁਆਦਿਸ਼ਟ ਖਾਣੇ ਨਾਲ ਇਸ ਮਹਿਫ਼ਲ ਦੀ ਸਮਾਪਤੀ ਹੋਈ ਅਤੇ ਲੋਕੀ ਚਾਈ ਚਾਈ ਆਪਣੇ ਘਰਾਂ ਨੂੰ ਪਰਤੇ।

# ਫਰਿਜ਼ਨੋ ਦੇ ਹਸਪਤਾਲਾਂ 'ਚ ਵਧ ਰਹੀ ਹੈ, ਕੋਰੋਨਾ ਮਰੀਜ਼ਾਂ ਦੀ ਗਿਣਤੀ

**ਫਰਿਜ਼ਨੋ (ਕੈਲੀਫੋਰਨੀਆਂ)**- ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿੱਚ ਕੋਵਿਡ ਨਾਲ ਪੀੜਤ ਮਰੀਜ਼ਾਂ ਦੀ ਹਸਪਤਾਲਾਂ ਵਿੱਚ ਗਿਣਤੀ 'ਚ ਵਾਧਾ ਹੋ ਰਿਹਾ ਹੈ। ਪੂਰੇ ਕੈਲੀਫੋਰਨੀਆ ਵਿੱਚ



ਕੋਵਿਡ ਨਾਲ ਸਬੰਧਿਤ ਹਸਪਤਾਲਾਂ ਵਿੱਚ ਭਰਤੀ ਹੋਣ ਦੀ ਗਿਣਤੀ ਲਈ ਫਰਿਜ਼ਨੋ ਦੂਜੇ ਨੰਬਰ 'ਤੇ ਹੈ। ਸੈਂਟਰਲ ਵੈਲੀ ਦੇ ਹਸਪਤਾਲ ਬਾਕੀ ਕੈਲੀਫੋਰਨੀਆ ਦੇ ਮੁਕਾਬਲੇ ਕੋਵਿਡ-19 ਮਰੀਜਾਂ ਦੁਆਰਾ ਪ੍ਰਭਾਵਿਤ ਹੁੰਦੇ ਰਹਿੰਦੇ ਹਨ। ਕੈਲੀਫੋਰਨੀਆ ਦੇ ਅੰਕੜਿਆਂ ਅਨੁਸਾਰ, ਫਰਿਜ਼ਨੋ 300 ਤੋਂ ਵੱਧ ਹਸਪਤਾਲ ਮਰੀਜ਼ਾਂ ਦੇ ਨਾਲ ਦੂਜੇ ਨੰਬਰ 'ਤੇ ਹੈ ਜਦਕਿ ਲਾਸ ਏਂਜਲਸ ਕਾਉਂਟੀ 630 ਤੋਂ ਵੱਧ ਮਰੀਜ਼ਾਂ ਦੇ ਨਾਲ ਪਹਿਲੇ ਸਥਾਨ 'ਤੇ ਹੈ। ਉੱਤਰੀ ਅਤੇ ਕੇਂਦਰੀ ਕੈਲੀਫੋਰਨੀਆ ਹਸਪਤਾਲ ਕੌਂਸਲ ਦੇ ਵਾਈਸ ਪ੍ਰੈਜ਼ੀਡੈਂਟ ਡੇਵਿਡ ਬੈਕੀ ਅਨੁਸਾਰ ਪ੍ਰਤੀ-ਵਿਅਕਤੀ ਆਧਾਰ 'ਤੇ ਸੈਂਟਰਲ ਵੈਲੀ ਬਹੁਤ ਜ਼ਿਆਦਾ ਪ੍ਰਭਾਵਿਤ ਹੋ ਰਹੀ ਹੈ। ਬੈਕੀ ਅਨੁਸਾਰ ਕਾਵੇਹ ਹੈਲਥ ਅਤੇ ਕਮਿਊਨਿਟੀ ਮੈਡੀਕਲ ਸੈਂਟਰ ਕੈਲੀਫੋਰਨੀਆ ਦੇ ਸਾਰੇ ਹਸਪਤਾਲਾਂ ਵਿੱਚੋਂ ਸਭ ਤੋਂ ਵੱਧ ਕੋਵਿਡ -19 ਨਾਲ ਪੀੜਤ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ। ਕਾਵੇਹ ਹੈਲਥ ਦੇ ਆਨਲਾਈਨ ਡੈਸ਼ਬੋਰਡ ਦੇ ਅਨੁਸਾਰ, ਹਸਪਤਾਲ ਵਿੱਚ 120 ਕੋਵਿਡ -19 ਨਾਲ ਪੀੜਤ ਮਰੀਜ਼ ਹਨ ਜਦਕਿ ਸੀ ਐੱਮ ਸੀ ਦਾ ਡੈਸ਼ਬੋਰਡ 180 ਕੋਵਿਡ-19 ਪਾਜੇਟਿਵ ਮਰੀਜ਼ ਦਿਖਾਉਂਦਾ ਹੈ। ਇਸਦੇ ਇਲਾਵਾ ਤਕਰੀਬਨ 900,000 ਦੀ ਆਬਾਦੀ ਵਾਲੀ ਸਾਨ ਫਰਾਂਸਿਸਕੋ ਕਾਉਂਟੀ ਵਿੱਚ ਲਗਭਗ 50 ਕੋਵਿਡ-19 ਨਾਲ ਸਬੰਧਤ ਮਰੀਜ਼ ਹਸਪਤਾਲਾਂ ਵਿੱਚ ਭਰਤੀ ਹਨ।

# ਭਾਰਤ ਸਰਕਾਰ ਨੇ ਰੱਦ ਕੀਤੇ ਕਿਸਾਨ ਹਿਮਾਇਤੀ ਕੈਨੇਡੀਅਨ ਨਾਗਰਿਕਾਂ ਦੇ ਵੀਜ਼ਾ ਅਤੇ ਕਾਰਡ

**ਫਰਿਜ਼ਨੋ (ਕੈਲੀਫੋਰਨੀਆਂ)**- ਭਾਰਤ ਸਰਕਾਰ ਨੇ ਕਿਸਾਨ ਮੋਰਚੇ ਅਤੇ ਹੋਰ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਕੈਨੇਡਾ ਹੋਰ ਦੇਸ਼ਾਂ ਵਿਚ ਰਹਿ ਰਹੇ ਕੁੱਝ ਭਾਰਤੀ ਮੂਲ ਦੇ ਨਾਗਰਿਕਾਂ ਦੇ ਲੰਬੀ ਮਿਆਦ ਦੇ ਵੀਜ਼ਾ ਅਤੇ ਓ। ਸੀ। ਆਈ। ਕਾਰਡ ਰੱਦ ਕੀਤੇ ਹਨ। ਇਸ ਸਬੰਧੀ ਇੱਕ ਰਿਪੋਰਟ ਦੇ ਅਨੁਸਾਰ,ਭਾਰਤ ਸਰਕਾਰ ਉਨ੍ਹਾਂ ਵਿਅਕਤੀਆਂ 'ਤੇ ਸਖਤ ਕਾਰਵਾਈ ਕਰ ਰਹੀ ਹੈ ਜੋ ਭਾਰਤ ਵਿੱਚ ਸੈਲਾਨੀ ਵੀਜ਼ੇ 'ਤੇ ਆਏ ਸਨ ਅਤੇ ਕਿਸਾਨ ਮੋਰਚੇ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਸੀ। ਇਸੇ ਤਰ੍ਹਾਂ ਕੁੱਝ ਵਿਅਕਤੀ ਜੋ ਓ ਸੀ ਆਈ ਕਾਰਡ ਧਾਰਕ ਸਨ ਅਤੇ ਉਹਨਾਂ ਨੇ ਕਿਸਾਨ ਮੋਰਚੇ ਅਤੇ ਹੋਰ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਹਿੱਸਾ ਲਿਆ ਸੀ ਦੇ ਓ ਸੀ ਆਈ ਕਾਰਡ ਰੱਦ ਕਰ ਦਿੱਤੇ ਗਏ ਹਨ।

ਹਾਲਾਂਕਿ ਸਰਕਾਰ ਦੁਆਰਾ ਰੱਦ ਕੀਤੇ ਗਏ ਵੀਜ਼ਾ ਅਤੇ ਓ ਸੀ ਆਈ ਕਾਰਡਾਂ ਦੀ ਸਹੀ ਗਿਣਤੀ ਜਨਤਕ ਨਹੀਂ ਕੀਤੀ ਗਈ ਹੈ ਪਰ ਰਿਪੋਰਟਾਂ ਅਨੁਸਾਰ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ ਦਰਜਨ ਤੋਂ ਵੱਧ ਹੋ ਸਕਦੀ ਹੈ। ਇਸਦੇ ਇਲਾਵਾ ਭਾਰਤ ਸਰਕਾਰ ਨੇ ਉਨ੍ਹਾਂ ਭਾਰਤੀ



ਵਿਦਿਆਰਥੀਆਂ ਦੇ ਦਾਖਲੇ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ ਜੋ ਵਿਦੇਸ਼ਾਂ ਵਿੱਚ ਪੜ੍ਹ ਰਹੇ ਸਨ ਅਤੇ ਉਨ੍ਹਾਂ ਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਦੇ ਬਾਹਰ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਸੀ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਵੈਕਸੀਨ ਲਾਜ਼ਮੀ ਕਰਨ ਦੇ ਵਿਰੋਧ ਵਿਚ ਨਿਊਯਾਰਕ ਵਿਚ ਵਿਸ਼ਾਲ ਰੈਲੀ ਕੱਢੀ

## ਕੋਵਿਡ ਟੀਕਾਕਰਣ ਦੀ ਬਜਾਏ ਵੱਡੀ ਤਾਦਾਦ ਵਿਚ ਕਾਮੇ ਨੌਕਰੀਆਂ ਛੱਡਣ ਲਈ ਤਿਆਰ- ਸਰਵੇ

**ਸੈਕਰਾਮੈਂਟੋ 29 ਅਕਤੂਬਰ–** ਕੋਵਿਡ-19 ਵੈਕਸੀਨ ਲਾਜ਼ਮੀ ਕਰਨ ਦੇ ਵਿਰੋਧ ਵਿਚ ਨਿਊਯਾਰਕ ਵਿਚ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਇਕ ਵਿਸ਼ਾਲ ਰੈਲੀ ਕੱਢੀ ਗਈ। ਮੁਲਾਜ਼ਮ ਮੇਅਰ ਦੀ ਸਰਕਾਰੀ ਰਿਹਾਇਸ਼ ਗਰੇਸੀ ਮੈਨਸ਼ਨ ਵਿਖੇ ਇਕੱਠੇ ਹੋਏ ਤੇ ਕੋਵਿਡ ਵੈਕਸੀਨ ਲਾਜ਼ਮੀ ਲਵਾਉਣ ਦਾ ਵਿਰੋਧ ਕੀਤਾ। ਪ੍ਰਦਰਸ਼ਕਾਰੀਆਂ ਨੇ ਵੈਕਸੀਨ ਟੀਕਾਕਰਣ ਵਿਰੁੱਧ ਨਾਅਰੇਬਾਜੀ ਕੀਤੀ। ਉਨਾਂ ਨੇ 'ਮਾਈ ਬੌਡੀ ਮਾਈ ਚੌਇਸ' , ਨੈਚਰਲ ਇਮਊਨਿਟੀ' ਤੇ 'ਇਸ਼ੈਂਸ਼ੀਅਲ ਵਰਕਰਜ਼ ਆਰ ਨਾਟ ਡਿਸਪੋਜ਼ੇਬਲ ਹੀਰੋਜ਼' ਵਰਗੇ ਨਾਅਰੇ ਲਾ ਕੇ ਕੋਵਿਡ-19 ਟੀਕੀਕਰਨ ਦਾ ਵਿਰੋਧ ਕੀਤਾ। ਇਥੇ ਵਰਣਨਯੋਗ ਹੈ ਕਿ ਨਿਊਯਾਰਕ ਦੇ ਅੱਗ ਬੁਝਾਊ ਵਿਭਾਗ, ਪੁਲਿਸ ਵਿਭਾਗ ਤੇ ਸ਼ਹਿਰ ਵਿਚ ਕੰਮ ਕਰਦੇ ਹੋਰ ਮੁਲਾਜ਼ਮਾਂ ਨੂੰ ਸ਼ੁੱਕਰਵਾਰ ਸ਼ਾਮ 5 ਵਜੇ ਤੱਕ ਘੱਟੋ ਘੱਟ ਇਕ ਟੀਕਾ ਲੱਗੇ ਹੋਣ ਦਾ ਸਬੂਤ ਵਿਖਾਉਣ ਲਈ ਕਿਹਾ ਗਿਆ ਹੈ। ਇਸੇ ਦੌਰਾਨ ਮੁਲਾਜ਼ਮਾਂ ਨੇ ਕਿਹਾ ਹੈ ਕਿ ਉਹ ਕੋਵਿਡ-19 ਟੀਕੇ ਨਹੀਂ ਲਵਾਉਣਗੇ ਤੇ ਨੌਕਰੀਆਂ ਛੱਡ ਜਾਣਗੇ।




**72% ਕਾਮੇ ਨੌਕਰੀਆਂ ਛੱਡਣ ਲਈ ਤਿਆਰ:** ਕਾਰੋਬਾਰੀ ਅਦਾਰਿਆਂ ਵਿਚ ਕੰਮ ਕਰਦੇ ਵੱਡੀ ਤਾਦਾਦ ਵਿਚ ਕੋਵਿਡ ਟੀਕਾਕਰਣ ਨਾ ਕਰਵਾਉਣ ਵਾਲੇ ਕਾਮਿਆਂ ਦਾ ਕਹਿਣਾ ਹੈ ਕਿ ਜੇਕਰ ਉਨਾਂ ਦੇ ਮਾਲਕਾਂ ਨੇ ਕੋਵਿਡ-19 ਮਹਾਮਾਰੀ ਬਾਰੇ ਸੰਘੀ ਨਿਯਮਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਨੌਕਰੀਆਂ ਛੱਡ ਦੇਣਗੇ। ਕੈਸਰ ਫੈਮਿਲੀ ਫਾਉਂਡੇਸ਼ਨ ਜੋ ਸਿਹਤ ਮੁੱਦਿਆਂ ਨਾਲ ਜੁੜੀ ਇਕ ਵੱਡੀ ਸੰਸਥਾ ਹੈ, ਵੱਲੋਂ ਕਰਵਾਏ ਇਕ ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ ਕੋਵਿਡ-19 ਟੀਕਾਕਰਣ ਨਾ ਕਰਵਾਉਣ ਵਾਲੇ 72% ਕਾਮਿਆਂ ਨੇ ਕਿਹਾ ਹੈ ਕਿ ਜੇਕਰ ਉਨਾਂ ਦੇ ਮਾਲਕਾਂ ਨੇ ਕੋਵਿਡ ਵੈਕਸੀਨ ਜਰੂਰੀ ਲਵਾਉਣ ਲਈ ਕਿਹਾ ਤੇ ਟੈਸਟ ਕਰਵਾਉਣ ਦੀ ਪੇਸ਼ਕਸ਼ ਨਾ ਕੀਤੀ ਤਾਂ ਉਹ ਨੌਕਰੀਆਂ ਛੱਡ ਦੇਣਗੇ। 37% ਕਾਮਿਆਂ ਨੇ ਕਿਹਾ ਹੈ ਕਿ ਜੇਕਰ ਉਨਾਂ ਨੂੰ ਕੋਵਿਡ ਵੈਕਸੀਨ ਲਵਾਉਣ ਲਈ ਮਜਬੂਰ ਕੀਤਾ ਜਾਂ ਵੈਕਸੀਨ ਨਾ ਲਵਾਉਣ 'ਤੇ ਹਫਤਾਵਾਰੀ ਟੈਸਟ ਲਾਜਮੀ ਕਰ ਦਿੱਤਾ ਤਾਂ ਉਹ ਨੌਕਰੀਆਂ ਨੂੰ ਅਲਵਿਦਾ ਕਹਿ ਦੇਣਗੇ। ਜਿਕਰਯੋਗ ਹੈ ਕਿ ਬਾਈਡਨ ਪ੍ਰਸ਼ਾਸਨ ਨੇ ਕੋਵਿਡ-19 ਸਬੰਧੀ ਨਵੇਂ ਨਿਯਮ ਤਿਆਰ ਕੀਤੇ ਹਨ ਜਿਨਾਂ ਤਹਿਤ ਜੇਕਰ ਕਿਸੇ ਕਾਰੋਬਾਰੀ ਅਦਾਰੇ ਵਿਚ 100 ਜਾਂ ਇਸ ਤੋਂ ਵਧ ਮੁਲਾਜ਼ਮ ਕੰਮ ਕਰਦੇ ਹਨ ਤਾਂ ਉਸ ਨੂੰ ਆਪਣੇ ਸਾਰੇ ਮੁਲਾਜ਼ਮਾਂ ਦਾ ਟੀਕਾਕਰਣ ਕਰਵਾਉਣਾ ਲਾਜਮੀ ਹੋਵੇਗਾ ਤੇ ਜਿਹੜੇ ਮੁਲਾਜ਼ਮ ਟੀਕਾਕਰਣ ਨਹੀਂ ਕਰਵਾਉਣਗੇ ਉਨਾਂ ਨੂੰ ਹਫਤੇ ਵਿਚ ਦੋ ਵਾਰ ਕੋਰੋਨਾ ਟੈਸਟ ਕਰਵਾਉਣੇ ਪੈਣਗੇ। ਸਰਵੇ ਵਿਚ ਇਹ ਵੀ ਪਾਇਆ ਗਿਆ ਹੈ ਕਿ ਬਹੁਤ ਸਾਰੇ ਕਾਰੋਬਾਰੀ ਅਦਾਰਿਆਂ ਦੇ ਸਮੁੱਚੇ ਮੁਲਾਜ਼ਮ ਟੀਕਾਕਰਣ ਕਰਵਾਉਣ ਲਈ ਸਹਿਮਤ ਹੋਏ ਹਨ ਜਾਂ ਉਨਾਂ ਨੇ ਟੀਕਾਕਰਣ ਕਰਵਾ ਲਿਆ ਹੈ। ਯੁਨਈਇਟਡ ਏਅਰਲਾਈਨਜ਼ ਤੇ ਟਾਈਸਨ ਫੂਡਜ਼ ਜਿਨਾਂ ਨੇ ਟੀਕਾਕਰਣ ਲਾਜ਼ਮੀ ਕੀਤਾ ਹੈ, ਦੇ ਸਾਰੇ ਮੁਲਾਜ਼ਮ ਟੀਕਾਕਰਣ ਨਿਯਮਾਂ ਨੂੰ ਅਪਣਾਉਣ ਲਈ ਸਹਿਮਤ ਹੋਏ ਹਨ।

ਕਾਰੋਬਾਰੀ ਅਦਾਰਿਆਂ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਟੀਕਾਕਰਣ ਦੇ ਵਿਰੋਧ ਵਿਚ ਮੁਲਾਜ਼ਮਾਂ ਵੱਲੋਂ ਨੌਕਰੀਆਂ ਛੱਡ ਦੇਣ ਕਾਰਨ ਵੱਡੀ ਪੱਧਰ ਉਪਰ ਮੁਲਾਜ਼ਮਾਂ ਦੀ ਘਾਟ ਪੈਦਾ ਹੋ ਜਾਵੇਗੀ ਜਿਸ ਕਾਰਨ ਸਪਲਾਈ ਪ੍ਰਭਾਵਿਤ ਹੋਵੇਗੀ ਜਿਸ ਦਾ ਸਿੱਧਾ ਅਸਰ ਕਾਰੋਬਾਰੀ ਅਦਾਰਿਆਂ ਉਪਰ ਹੀ ਪਵੇਗਾ।

# ਅਮਰੀਕਾ ਦੇ ਹਵਾਈ ਅੱਡੇ ਉਪਰ 3 ਮਹੀਨੇ ਟਿਕੇ ਰਹੇ ਭਾਰਤੀ ਅਦਿਤਿਆ ਸਿੰਘ ਨੂੰ ਜੱਜ ਨੇ ਕੀਤਾ ਬਰੀ

**ਸੈਕਰਾਮੈਂਟੋ 30 ਅਕਤੂਬਰ–** ਸ਼ਿਕਾਗੋ (ਅਮਰੀਕਾ) ਦੇ ਓ ਹੇਅਰ ਕੌਮਾਂਤਰੀ ਹਵਾਈ ਅੱਡੇ ਉਪਰ 3 ਮਹੀਨੇ ਗੈਰ ਕਾਨੂੰਨੀ ਢੰਗ ਨਾਲ ਬਿਤਾਉਣ ਵਾਲੇ ਭਾਰਤੀ ਨਾ-ਗਰਿਕ ਅਦਿਤਿਆ ਸਿੰਘ ਨੂੰ ਜੱਜ ਨੇ ਸਾਰੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਅਦਿਤਿਆ ਸਿੰਘ ਵਿਰੁੱਧ ਦੋਸ਼ ਲਾਏ ਗਏ ਸਨ ਕਿ ਉਹ ਭਾਰਤ ਜਾਣ ਦੀ ਬਜਾਏ ਆਪਣੀ ਗਿਣੀਮਿਥੀ ਯੋਜਨਾ ਅਨੁਸਾਰ 3 ਮਹੀਨੇ ਹਵਾਈ ਅੱਡੇ ਉਪਰ ਹੀ ਇਕ ਘੁਸਪੈਠੀਏ ਦੀ ਤਰਾਂ ਗੈਰ ਕਾਨੂੰਨੀ ਤੌਰ 'ਤੇ ਟਿਕਿਆ ਰਿਹਾ। ਕੁੱਕ ਕਾਊਂਟੀ ਦੇ ਜੱਜ ਐਡਰੀਨ ਡੇਵਿਸ ਨੇ ਅਦਿਤਿਆ ਦੇ ਵਕੀਲ ਕੋਲ ਆਪਣੇ ਮੁਵੱਕਲ ਦੇ ਹੱਕ ਵਿਚ ਬਹੁਤ ਕੁਝ ਕਹਿਣ ਲਈ ਨਾ ਹੋਣ ਦੇ ਬਾਵਜੂਦ ਅਦਿਤਿਆ ਸਿੰਘ ਨੂੰ ਬਰੀ ਕਰਨ ਦਾ ਆਦੇਸ਼ ਦਿੱਤਾ।



37 ਸਾਲਾ ਅਦਿਤਿਆ ਸਿੰਘ ਇਸ ਹਫਤੇ ਮੁੜ ਅਦਾਲਤ ਵਿਚ ਪੇਸ਼ ਹੋਵੇਗਾ ਜਿਥੇ ਉਸ ਵਿਰੁੱਧ ਨਿੱਜੀ ਮੁਚੱਲਕੇ ਉਪਰ ਰਿਹਾਈ ਦੌਰਾਨ ਇਲੈਕਟ੍ਰਾਨਿਕ ਨਿਗਰਾਨੀ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿਚ ਸੁਣਵਾਈ ਹੋਵੇਗੀ। ਅਦਿਤਿਆ ਸਿੰਘ ਤਕਰੀਬਨ 6 ਸਾਲ ਪਹਿਲਾਂ ਮਾਸਟਰ ਡਿਗਰੀ ਕਰਨ ਲਈ ਅਮਰੀਕਾ ਆਇਆ ਸੀ। ਉਹ ਓਰੇਂਜ, ਕੈਲੀਫੋਰਨੀਆ ਵਿਚ ਰਹਿੰਦਾ ਸੀ। ਪਿਛਲੇ ਸਾਲ ਅਕਤੂਬਰ ਵਿਚ ਉਹ ਭਾਰਤ ਜਾਣ ਲਈ ਲਾਸ ਏਂਜਲਸ ਤੋਂ ਸ਼ਿਕਾਗੋ ਜਾਣ ਵਾਲੀ ਉਡਾਨ ਵਿਚ ਸਵਾਰ ਹੋਇਆ ਸੀ। ਪਰੰਤੂ ਇਸ ਸਾਲ ਜਨਵਰੀ ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹ ਹਵਾਈ ਅੱਡੇ ਦੇ ਮੁਲਾਜ਼ਮਾਂ ਵਾਂਗ ਬੈਜ ਲਗਾ ਕੇ ਘੁੰਮਦਾ ਰਿਹਾ ਜਿਸ ਬੈਜ ਦੇ ਲਾਪਤਾ ਹੋਣ ਬਾਰੇ ਹਵਾਈ ਅੱਡੇ ਦੇ ਆਪਰੇਸ਼ਨ ਮੈਨੇਜਰ ਨੇ ਰਿਪੋਰਟ ਵੀ ਲਿਖਵਾਈ ਸੀ। ਉਸ ਨੇ ਪੁਲਿਸ ਨੂੰ ਦਸਿਆ ਕਿ ਕੋ-ਰੋਨਾਵਾਇਰਸ ਮਹਾਮਾਰੀ ਕਾਰਨ ਉਹ ਡਰ ਗਿਆ ਸੀ ਤੇ ਉਹ ਹਵਾਈ ਜਹਾਜ਼ ਵਿਚ ਸਫਰ ਨਹੀਂ ਕਰਨਾ ਚਹੁੰਦਾ ਸੀ। ਉਹ 3 ਮਹੀਨੇ ਅਜ਼ਨਬੀ ਲੋਕਾਂ ਕੋਲੋਂ ਖਾਣਾ ਲੈ ਕੇ ਖਾਂਦਾ ਰਿਹਾ।

ਉਸ ਨੇ ਆਪਣੀ ਇਕ ਮਿੱਤਰ ਕੁੜੀ ਨੂੰ ਇਕ ਸੁਨੇਹੇ ਵਿਚ ਲਿਖਿਆ ਸੀ ਕਿ "ਉਹ ਹਵਾਈ ਅੱਡੇ ਉਪਰ ਬੁੱਧ ਤੇ ਹਿੰਦੂ ਧਰਮ ਦੇ ਲੋਕਾਂ ਨਾਲ ਗੱਲਬਾਤ ਕਰਕੇ ਆਨੰਦ ਨਾਲ ਰਹਿ ਰਿਹਾ ਹੈ। ਮੈ ਇਸ ਤਜ਼ਰਬੇ ਨਾਲ ਅਧਿਆਤਮਿਕ ਤੌਰ 'ਤੇ ਮਜ਼ਬੂਤ ਹੋਇਆ ਹਾਂ।"

# ਮੈਕਸੀਕੋ -ਅਮਰੀਕ ਸਰਹੱਦ ਉਪਰ ਪਿਛਲੇ ਸਾਲਾਂ ਦੀ ਤੁਲਨਾ ਵਿਚ 2021 ਦੌਰਾਨ ਰਿਕਾਰਡ ਮੌਤਾਂ ਹੋਈਆਂ



**ਸੈਕਰਾਮੈਂਟੋ 30 ਅਕਤੂਬਰ–** ਯੂ ਐਸ ਬਾਰਡਰ ਗਸ਼ਤ ਵਿਭਾਗ ਨੇ ਇਕ ਰਿਪੋਰਟ ਵਿਚ ਕਿਹਾ ਹੈ ਕਿ ਮਾਲੀ ਸਾਲ 2021 ਜੋ ਸਤੰਬਰ ਵਿਚ ਖਤਮ ਹੋਇਆ ਹੈ, ਦੌਰਾਨ ਅਮਰੀਕਾ- ਮੈਕਸੀਕੋ ਦੱਖਣੀ ਸਰਹੱਦ ਉਪਰ 557 ਪ੍ਰਵਾਸੀਆਂ ਦੀਆਂ ਮੌਤਾਂ ਹੋਈਆਂ ਹਨ । ਇਸ ਤੋਂ ਪਹਿਲਾਂ ਕਿਸੇ ਵੀ ਮਾਲੀ ਸਾਲ ਵਿਚ ਏਨੀਆਂ ਮੌਤਾਂ ਨਹੀਂ ਹੋਈਆਂ। ਇਸ ਤੋਂ ਪਿਛਲੇ ਸਾਲਾਂ 2020 ਵਿਚ 254 ਤੇ 2019 ਵਿਚ 300 ਪ੍ਰਵਾਸੀਆਂ ਦੀਆਂ ਮੌਤਾਂ ਹੋਈਆਂ ਸਨ। ਵਿਭਾਗ ਨੇ ਕਿਹਾ ਹੈ ਕਿ ਪ੍ਰਵਾਸੀਆਂ ਦੀਆਂ ਮੌਤਾਂ ਲਈ ਕਈ ਕਾਰਨ ਜਿੰਮੇਵਾਰ ਹਨ। ਟੇਢੇ ਮੇਢੇ ਇਲਾਕੇ ਵਿਚ ਪ੍ਰਵਾਸੀ ਭਟਕ ਜਾਂਦੇ ਹਨ ਜੋ ਗਰਮੀ ਤੇ ਪਾਣੀ ਦੀ ਘਾਟ ਕਾਰਨ ਦਮ ਤੋੜ ਜਾਂਦੇ ਹਨ। ਵਿਭਾਗ ਦਾ ਕਹਿਣਾ ਹੈ ਕਿ ਅਸਲ ਵਿਚ ਪ੍ਰਵਾਸੀਆਂ ਦੀਆਂ ਮੌਤਾਂ ਵਧ ਹੋ ਸਕਦੀਆਂ ਹਨ ਕਿਉਂਕਿ ਸਰਹੱਦੀ ਗਸ਼ਤ ਵਿਭਾਗ ਨੂੰ ਦਸੇ ਬਿਨਾਂ ਹੋਰ ਰਾਜ ਤੇ ਏਜੰਸੀਆਂ ਵੀ ਪ੍ਰਵਾਸੀਆਂ ਦੀਆਂ ਲਾਸ਼ਾਂ ਬਰਾਮਦ ਕਰਦੀਆਂ ਹਨ।

# ਸੈਨੇਟ ਦੁਆਰਾ ਭਾਰਤੀ ਮੂਲ ਦੀ ਅਮਰੀਕਨ ਔਰਤ ਸਰਲਾ ਨਗਾਲਾ ਦੀ ਸੰਘੀ ਜੱਜ ਵੱਜੋਂ ਨਿਯੁਕਤੀ ਦੀ ਪੁਸ਼ਟੀ

**ਸੈਕਰਾਮੈਂਟੋ 31 ਅਕਤੂਬਰ–** ਅਮਰੀਕੀ ਸੈਨੇਟ ਨੇ ਭਾਰਤੀ ਮੂਲ ਦੀ ਅਮਰੀਕਨ ਔਰਤ ਸਰਲਾ ਨਗਾਲਾ ਸਮੇਤ ਕੋਨੈਕਟੀਕਟ ਰਾਜ ਲਈ ਦੋ ਵਿਅਕਤੀਆਂ ਦੀਆਂ ਸੰਘੀ ਜੱਜ ਵਜੋਂ ਨਿਯੁਕਤੀਆਂ ਦੀ ਪੁਸ਼ਟੀ ਕਰ ਦਿੱਤੀ ਹੈ। ਸਰਲਾ ਨਗਾਲਾ ਦੱਖਣੀ ਏਸ਼ੀਆ ਦੀ ਪਹਿਲੀ ਔਰਤ ਬਣ ਗਈ ਹੈ ਜੋ ਸੰਘੀ ਜੱਜ ਵੱਜੋਂ ਸੇਵਾਵਾਂ ਨਿਭਾਵੇਗੀ। ਸਰਲਾ ਨਗਾਲਾ ਦੀ ਨਿਯੁਕਤੀ ਦੀ ਪੁਸ਼ਟੀ 52-46 ਵੋਟਾਂ ਦੇ ਫਰਕ ਨਾਲ ਹੋਈ। ਇਸ ਸਮੇ ਨਗਾਲਾ ਕੋਨੈਕਟੀਕਟ ਵਿਚ ਯੂ ਐਸ ਅਟਾਰਨੀ ਦੀ ਸਹਾਇਕ ਵਜੋਂ ਕੰਮ ਕਰ ਰਹੀ ਹੈ। ਨਗਾਲਾ ਸੰਘੀ ਜੱਜ ਵਾਨੇਸਾ ਬਰੀਆਂਟ ਦੀ ਥਾਂ ਲਵੇਗੀ ਜਿਨਾਂ ਨੂੰ ਸੀਨੀਅਰ ਜੱਜ ਦਾ ਰੁੱਤਬਾ ਦਿੱਤਾ ਗਿਆ ਹੈ। ਬਰੀਆਂਟ ਦੀ ਇਹ ਨੀਮ ਸੇਵਾ ਮੁਕਤੀ ਹੋਵੇਗੀ ਜਿਨਾਂ ਉਪਰ ਪਹਿਲਾਂ ਦੀ ਤੁਲਨਾ ਵਿਚ ਕੇਸਾਂ ਦਾ ਬੋਝ ਘੱਟ ਹੋਵੇਗਾ। ਇਥੇ ਜਿਕਰਯੋਗ ਹੈ ਕਿ ਸਰਲਾ ਨਗਾਲਾ ਨੂੰ ਫੌਜਦਾਰੀ ਨਿਆਂ ਪ੍ਰਣਾਲੀ ਬਾਰੇ ਡੂੰਘੀ ਜਾਣਕਾਰੀ ਹੈ। ਡੈਮੋਕਰੈਟਿਕ ਆਗੂਆਂ ਨੇ ਸਰਲਾ ਨਗਾਲਾ ਦੀ ਜੱਜ ਵਜੋਂ ਪੁਸ਼ਟੀ ਦਾ ਪੁਰਜੋਰ ਸਵਾਗਤ ਕੀਤਾ ਹੈ।



ਸੈਨੇਟ ਦੇ ਡੈਮੋਕਰੈਟਿਕ ਮੈਂਬਰ ਕ੍ਰਿਸ ਮਰਫੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ "ਉਹ ਸਰਲਾ ਨਗਾਲਾ ਦੀ ਜੱਜ ਵਜੋਂ ਪੁਸ਼ਟੀ ਲਈ ਵੋਟ ਪਾ ਕੇ ਮਾਣ ਮਹਿਸੂਸ ਕਰ ਰਹੇ ਹਨ। ਮੈਨੂੰ ਉਸ ਦੀ ਨਿਯੁਕਤੀ ਦੀ ਪੁਸ਼ਟੀ ਉਪਰ ਬੇਹੱਦ ਖੁਸ਼ੀ ਹੋਈ ਹੈ। ਉਹ ਬਹੁਤ ਹੀ ਕਾਬਲ ਸਖਸ਼ੀਅਤ ਹਨ।"

# ਅਮੈਰੀਕਨ ਏਅਰਲਾਈਨਜ਼ ਨੇ ਸੈਂਕੜੇ ਉਡਾਣਾਂ ਕੀਤੀਆਂ ਰੱਦ

**ਸੈਕਰਾਮੈਂਟੋ 31 ਅਕਤੂਬਰ–** ਅਮੈਰੀਕਨ ਏਅਰਲਾਈਨਜ਼ ਨੇ ਖਰਾਬ ਮੌਸਮ ਤੇ ਸਟਾਫ ਦੀ ਘਾਟ ਕਾਰਨ ਸੈਂਕੜੇ ਉਡਾਣਾਂ ਰੱਦ ਕਰ ਦਿੱਤੀਆਂ ਹਨ ਜਿਸ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ। ਸਰਦ ਹਵਾਵਾਂ ਕਾਰਨ ਡਾਲਾਸ-ਫੋਰਟ ਵਰਥ ਵਿਚ ਉਡਾਣਾਂ ਦੇ ਪਹੁੰਚਣ ਦੀ ਗਿਣਤੀ ਬਹੁਤ ਘੱਟ ਗਈ ਹੈ। ਚਰਲੋਟ ਐਨ ਸੀ ਹੱਬ ਵਿਚ ਵੀ ਉਡਾਨਾਂ ਪ੍ਰਭਾਵਿਤ ਹੋਈਆਂ ਹਨ। ਅਮੈਰੀਕਨ ਏਅਰਲਾਈਨਜ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੌਸਮ ਦੀ ਖਰਾਬੀ ਕਾਰਨ ਸਟਾਫ ਦੀ ਗਿਣਤੀ ਘੱਟ ਜਾਣ ਦੇ ਸਿੱਟੇ ਵਜੋਂ ਦਿਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਵਾਬਾਜੀ ਟਰੈਕਿੰਗ ਪ੍ਰੋਗਰਾਮ ਈ ਡੀ ਟੀ ਫਲਾਈਟਅਵੇਅਰ ਅਨੁਸਾਰ 460 ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ ਜੋ ਕਿ ਕੁਲ ਏਅਰਲਾਈਨਜ਼ ਆਪਰੇਸ਼ਨ ਦਾ 17% ਬਣਦੀਆਂ ਹਨ। ਇਸ ਤੋਂ ਇਲਾਵਾ ਤਕਰੀਬਨ 300 ਉਡਾਨਾਂ ਵਿਚ ਦੇਰੀ ਹੋਈ ਹੈ।

# ਫਾਰਮਾਸਿਊਟਲ ਕੰਪਨੀ ਦੇ ਸੀਈਓ ਭਾਰਤੀ ਮੂਲ ਦੇ ਅਮਰੀਕੀ ਦੀ ਲੁੱਟਮਾਰ ਦੀ ਕੋਸ਼ਿਸ਼ ਦੌਰਾਨ ਹੱਤਿਆ

**ਸੈਕਰਾਮੈਂਟੋ 1 ਨਵੰਬਰ–** ਭਾਰਤੀ ਮੂਲ ਦੇ ਅਮਰੀਕੀ ਸ੍ਰੀ ਰੰਗਾ ਅਰਾਵਾਪਾਲੀ ਜੋ ਇਕ ਫਾਰਮਾਸਿਊਟਲ ਕੰਪਨੀ ਦੇ ਸੀ ਈ ਓ ਸਨ, ਦੀ ਲੁੱਟਮਾਰ ਦੌਰਾਨ ਲੁਟੇਰੇ ਨੇ ਹੱਤਿਆ ਕਰ ਦਿੱਤੀ। ਮਿਲੀ ਜਾਣਕਾਰੀ ਅਨੁਸਾਰ 54 ਸਾਲਾ ਅਰਾਵਾਪਾਲੀ ਔਰੈਕਸ ਲੈਬਾਰਟਰੀ ਦੇ ਮੁੱਖੀ ਸਨ। ਉਸ ਨੇ ਪੈਨਸਿਲਵਾਨੀਆ ਵਿਚ ਇਕ ਕੋਸੀਨੋ ਤੋਂ 10000 ਡਾਲਰ ਜਿੱਤੇ ਸਨ। ਜਦੋਂ ਉਹ ਨਿਊਜਰਸੀ ਵਿਚ ਪਲੇਨਸਬੋਰੋ ਵਿਖੇ ਆਪਣੇ ਘਰ ਪੁੱਜਾ ਤਾਂ ਲੁਟੇਰੇ ਨੇ ਉਸ ਨੂੰ ਗੋਲੀ ਮਾਰ ਦਿੱਤੀ। ਪਲੇਨਸਬੋਰੋ ਦੇ ਪੁਲਿਸ ਮੁੱਖੀ ਫਰੈਡ ਟਾਵੈਨਰ ਤੇ ਕਾਊਂਟੀ ਦੇ ਵਕੀਲ ਯੋਲਾਂਡਾ ਸਿਸਕੋਨ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਕਥਿੱਤ ਹਤਿਆਰੇ 27 ਸਾਲਾ ਜੇਕਈ ਰੀਡ ਜੌਹਨ ਨੇ ਅਰਾਵਾਪਾਲੀ ਦਾ ਉਸ ਦੇ ਘਰ ਤੱਕ ਪਿੱਛਾ ਕੀਤਾ। ਪੁਲਿਸ ਅਧਿਕਾਰੀਆਂ ਅਨੁਸਾਰ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਅਰਾਵਾਪਾਲੀ ਜਖਮੀ ਹਾਲਤ ਵਿਚ ਮਿਲਿਆ। ਉਸ ਦੇ ਗੋਲੀਆਂ ਦੇ ਕਈ ਜ਼ਖਮ ਸਨ। ਉਸ ਨੂੰ ਨਾਲ ਲੱਗਦੇ ਹਸਪਤਾਲ ਵਿਚ ਲੈਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਦੀ ਜਾਂਚ ਉਪਰੰਤ ਪਤਾ ਲੱਗਾ ਕਿ ਰੀਡ ਜੌਹਨ ਨੇ ਲੁੱਟ ਦੀ ਨੀਅਤ ਨਾਲ ਅਰਾਵਾਪਾਲੀ ਨੂੰ ਗੋਲੀ ਮਾਰੀ ਹੈ। ਅਰਾਵਾਪਾਲੀ ਨੇ ਪੈਨਸਿਲਵਾਨੀਆ ਵਿਚ ਪਰਾਕਸ ਕੈਸੀਨੋ ਵਿਚ 10000 ਡਾਲਰ ਦੇ ਕਰੀਬ ਜਿੱਤੇ ਸਨ। ਜੌਹਨ ਰੀਡ ਨੇ ਉਸ ਨੂੰ ਨਕਦ ਡਾਲਰ ਜਿੱਤਦਿਆਂ ਵੇਖ ਲਿਆ ਸੀ। ਉਸ ਨੇ ਅਰਾਵਾਪਾਲੀ ਦਾ ਪਲੇਨਸਬੋਰੋ ਸਥਿੱਤ ਘਰ ਤੱਕ 50 ਕਿਲੋਮੀਟਰ ਤੱਕ ਪਿੱਛਾ ਕੀਤਾ। ਪੁਲਿਸ ਅਨੁਸਾਰ ਅਰਾਵਾਪਾਲੀ ਆਪਣੇ ਘਰ ਵਿਚ ਦਾਖਲ ਹੋਇਆ ਤਾਂ ਜੌਹਨ ਪਿਛਲਾ ਦਰਵਾਜ਼ਾ ਤੋੜਕੇ ਅੰਦਰ ਦਾਖਲ ਹੋ ਗਿਆ ਤੇ ਉਸ ਨੇ ਅਰਾਵਾਪਾਲੀ ਉਪਰ ਗੋਲੀਆਂ ਚਲਾ ਦਿੱਤੀਆਂ। ਘਟਨਾ ਸਮੇ ਅਰਾਵਾਪਾਲੀ ਦੀ ਪਤਨੀ ਤੇ ਧੀ ਉਪਰਲੀ ਮੰਜਿਲ 'ਤੇ ਸੌਂ ਰਹੀਆਂ ਸਨ। ਪੈਨਸਿਲਵਾਨੀਆ ਵਿਚ ਸਥਾਨਕ ਪੁਲਿਸ ਅਧਿਕਾਰੀਆਂ ਨੇ ਜੌਹਨ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਹੱਤਿਆ ਦੇ ਦੋਸ਼ ਲਾਏ ਹਨ। ਉਸ ਨੂੰ ਨਿਊਜਰਸੀ ਦੇ ਹਵਾਲੇ ਕੀਤਾ ਜਾਵੇਗਾ। ਮ੍ਰਿਤਕ ਅਰਾਵਾਪਾਲੀ 2014 ਤੋਂ ਔਰੈਕਸ ਲੈਬਾਰਟਰੀ ਦੇ ਮੁੱਖੀ ਵਜੋਂ ਤਾਇਨਾਤ ਸਨ।




‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

# THUS THE REAL SEQUENCE OF THE SLOGAN IS: EDUCATE, AGITATE AND ORGANIZE

**Prem K. Chumber**
**Editor-In-Chief: Ambedkar Times / Desh Doaba**

Educate, Organize and Agitate is the most misquoted slogan of Baba Sahib Dr. Ambedkar. Its true version is: Educate Agitate and Organize. Baba Sahib uttered these precious words at the end of his historic speech delivered at the All-India Depressed Classes Conference (July 18-19, 1942 at Nagpur), convened to create an All-India organization with distinct aims and purposes in co-operation with all the inter-provincial forces. It was at this very conference that a declaration was made about the formation of the All-India Scheduled Castes Federation. Below are given the exact words of the concluding part of this historic speech of Baba Sahib, as cited in his 'fascinating biography' authored by Dhananjay Keer:

"My final words of advice to you are educate, agitate and organize; have faith in yourself. With justice on our side, I do not see how we can lose our battle. The battle to me is a matter of joy. The battle is in the fullest sense spiritual. There is nothing material or social in it. For ours is a battle, not for wealth or for power. It is a battle for freedom. It is a battle for the reclamation of human personality" (Bombay: Popular Prakashan, 3rd ed. 1971, p: 351, emphasis added).

Baba Sahib' struggle for the uplift of the socially excluded was precisely spiritual in the sense that it intends to restore their lost dignity and make them equal with all the other sections of the rest of the society. For that the method he chooses was democratic-constitutional. Being educated in the oldest democracies in the world, Dr. Ambedkar imbibed the true spirit of democracy and constitutionalism. He wanted his fellow –beings and his countrymen to follow democratic ways for the peaceful resolution of all one problems including the most fatal one – the Untouchability.

In his democratic scheme of conflict resolution, education figures at the very beginning of the social struggle. Hence "educate" comes first in his three stepped slogan of educate, agitate and organize. By education Baba Sahib did not mean merely certificates and degrees. For him to educate means to become aware of ones real life conditions; to be conscious of ones surroundings; to raise objection to the inhuman existence in the society; and to ask for change for the better. "Tell the slaves he is a slave and he will revolt", that is the real meaning of education.

It is such education that will stir agitation within, leading to what Baba Sahib called "agitate". To "agitate" does not mean to organize guerrilla warfare, to do Murdabad – Murdabab. On the contrary, it means to become aware about ones social conditions and to seek viable steps for the eradications of the causes of the problems. Baba Sahib told us that only real and true education could only make us to "agitate".

And it is this agitation, which is within, that would ultimately help us to "organize". The true example of which is Baba Sahib himself, who after obtaining critical and rational sense through his education felt toofan within and consequently organized three political parties (Independent Labor Party, Scheduled Caste Federation and Republican Party of India) to secure Dalit human rights.

**Thus the real sequence of the slogan is:**
**Educate Agitate and Organize.**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਬਾਬੇ ਨਾਨਕ ਦੀ ਵੱਡੀ ਕਰਾਮਾਤ ਨੀਚਾਂ ਨੂੰ ਊਚ ਕਰਨਾ?



ਇੱਕ ਓਅੰਕਾਰ ਦਾ ਉਪਦੇਸ਼ ਦੇ ਕੇ, ਬਾਬੇ ਨਾਨਕ ਨੇ ਮੰਨੂੰ ਵਰਗੇ ਮੁਤੱਸਬੀ ਪੁਜਰੀ ਬਾਮਣਾਂ ਅਤੇ ਮੁਲਾਣਿਆਂ ਵੱਲੋਂ ਦੁਰਕਾਰੇ, ਆਰਥਿਕ ਪੱਖੋਂ ਕਮਜੋਰ ਲੋਗਾਂ, ਜਿਨ੍ਹਾਂ ਨੂੰ ਇਹ ਨੀਚ ਬਣਾ ਜਲੀਲ ਕਰਦੇ, ਬਰਾਬਰ ਸਤਿਕਾਰਦੇ ਹੋਏ, ਫੁਰਮਾਨ ਜਾਰੀ ਕੀਤਾ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥(੧੫) ਪਹਿਲ ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਜੀ ਨੂੰ ਆਪਣਾ ਭਾਈ ਬਣਾ ਨਿਵਾਜਿਆ। ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਣੀ ਅਤੇ ਉੱਚਜਾਤੀ ਮਲਕ ਭਾਗੋ ਦੇ ਮਾਲ ਪੂੜੇ ਪਕਵਾਨ ਭਰੀ ਸਭਾ ਵਿੱਚ ਠੁਕਰਾਉਣੇ ਇਸੇ ਕੜੀ ਦਾ ਹਿੱਸਾ ਹਨ। ਧਾਰਮਿਕ ਕਠੜਵਾਦ ਤੋਂ ਉੱਪਰ ਉੱਠ, ਮੰਦਰਾਂ, ਮਸਜਦਾਂ ਅਤੇ ਜੋਗੀ ਮੱਠਾਂ, ਹਿੰਦੂ ਤੀਰਥਾਂ ਅਤੇ ਮੁਸਲਮਾਨਾਂ ਦੇ ਮੱਕੇ ਆਦਿਕ ਧਰਮ ਅਸਥਾਨਾਂ 'ਤੇ ਜਾ ਕੇ ਦ੍ਰਿੜਤਾ ਨਾਲ ਕਹਿਣਾ ਹਿੰਦੂ-ਮੁਸਲਮਾਨ ਆਦਿਕ ਵਾਲੇ ਝਗੜੇ ਛੱਡੋ, ਅਸੀਂ ਸਾਰੇ ਇਨਸਾਨ ਹਾਂ। ਗੁਰੂ ਨਾਨਕ ਦੇ ਪੰਜਵੇਂ ਜਾਂਨਸ਼ੀਨ ਗੁਰੂ ਅਰਜਨ ਸਾਹਿਬ ਨੇ ਵੀ ਇਸ ਦੀ ਪ੍ਰੋੜਤਾ ਕਰਦੇ ਫੁਰਮਾਇਆ-ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥ (1136) ਉਪ੍ਰੋਕਤ ਸਭ ਨੂੰ ਸਭ ਥਾਂਵਾਂ ਤੇ ਜਾ ਕੇ ਸਾਂਝਾ ਉਪਦੇਸ਼ ਦਿੱਤਾ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਸਾਡਾ ਸਭ ਦਾ ਮਾਤਾ ਪਿਤਾ ਇੱਕ ਤੇ ਅਸੀਂ ਸਾਰੇ ਉਸੇ ਦੇ ਪੈਦਾ ਕੀਤੇ ਬੱਚੇ ਬੱਚੀਆਂ ਹਾਂ।

ਆਓ ਅਖੌਤੀ ਜਾਤ-ਪਾਤ ਊਚ ਨੀਚ ਬਾਰੇ ਗੁਰੂ ਬਾਬਾ ਨਾਨਕ ਦੇ ਜਾਂਨਸ਼ੀਨਾਂ ਅਤੇ ਰੱਬੀ ਭਗਤਾਂ ਦੇ ਉਪਦੇਸ਼ ਵੀ ਵੀਚਾਰੀਏ। ਇਸ ਜਾਤਿ-ਪਾਤਿ ਤੇ ਵਰਣ-ਵੰਡ ਦਾ ਭਰਵਾਂ ਖੰਡਣ ਭਾਵੇਂ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਵਰਗੇ ਕ੍ਰਾਂਤੀਕਾਰੀ ਭਗਤਾਂ ਅਤੇ ਸੂਫੀ ਫਕੀਰਾਂ ਨੇ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਬੜੀ ਤਨਦੇਹੀ ਨਾਲ ਕਰਦੇ ਹੋਏ ਕਿਹਾ ਕਿ-ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥ਏਕੁ ਨੂਰ ਤੇ ਸਭਿ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥(੧੩੪੯) ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥ ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ(੩੨੪) ਭਾਵ ਜੇ ਤੂੰ ਉਚ ਜਾਤੀ ਸੀ ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਪੈਦਾ ਹੋਇਆ ਸੀ ਤਾਂ ਜਿਸ ਰਸਤੇ ਔਰਤ ਹੋਰਨਾਂ ਨੂੰ ਜਨਮ ਦਿੰਦੀ ਹੈ ਤੂੰ ਉਸ ਰਸਤੇ ਕਿਊਂ ਪੈਦਾ ਹੋਇਆ? ਤੇਰਾ ਪੈਦਾ ਹੋਣ ਦਾ ਰਸਤਾ ਵੀ ਹੋਰ ਹੋਣਾ ਚਾਹੀਦਾ ਸੀ।ਸਾਡੇ ਵਿੱਚ ਕਿਵੇਂ ਲਹੂ ਤੇ ਤੇਰੇ ਵਿੱਚ ਦੁੱਧ ਹੈ? ਭਾਵ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਅੰਦਰ ਖੂਨ ਲਾਲ ਰੰਗ ਦਾ ਹੀ ਹੈ ਜੋ ਤੇਰੇ ਵਿੱਚ ਤੇ ਸਾਡੇ ਵਿੱਚ ਵੀ ਲਾਲ ਹੈ ਫਿਰ ਤੂੰ ਬ੍ਰਾਹਮਣ ਤੇ ਅਸੀਂ ਸ਼ੂਦਰ ਕਿਵੇਂ ਹੋਏ? ਸਾਡੇ ਵਿੱਚ ਤਾਂ ਬ੍ਰਹਮ ਦੀ ਵਿਚਾਰ ਕਰਨ ਵਾਲਾ ਹੀ ਬ੍ਰਾਮਣ ਮੰਨਿਆਂ ਜਾਂਦਾ ਹੈ। ਇਉਂ ਭਗਤਾਂ ਨੇ ਜਾਤਿ-ਪਾਤਿ ਵਿਰੁੱਧ ਪ੍ਰਚਾਰ ਕੀਤਾ ਪਰ ਬੋਲ ਬਾਲਾ ਬ੍ਰਾਹਮਣ ਦਾ ਹੋਣ ਕਰਕੇ ਅਤੇ ਬ੍ਰਾਹਮਣ ਮੁਗਲੀਆ ਹਕੂਮਤ ਦਾ ਝੋਲੀ ਚੁੱਕ ਹੋਣ ਕਰਕੇ ਵਕਤੀਆ ਹਕੂਮਤ ਦੇ ਕੰਨ ਇਨ੍ਹਾਂ ਕ੍ਰਾਂਤੀਕਾਰੀ ਭਗਤਾਂ ਵਿਰੁੱਧ ਭਰੇ ਕਿ ਇਹ ਲੋਕ ਹਕੂਮਤ ਲਈ ਖਤਰਾ ਹਨ ਇਨ੍ਹਾਂ ਦੀ ਬੁਲੰਦ ਅਵਾਜ਼ ਨੂੰ ਇੱਥੇ ਹੀ ਦਬਾ ਦਿੱਤਾ ਜਾਵੇ। ਇਵੇਂ ਹਕੂਮਤ ਕੋਲੋਂ ਸੱਚ ਦੇ ਮੁਤਲਾਸ਼ੀਆਂ ਨੂੰ ਤਸੀਹੇ ਵੀ ਦਵਾਏ। ਇਨ੍ਹਾਂ ਦੇ ਇਤਿਹਾਸ ਵਿੱਚ ਵੀ ਰਲਾ ਪਾ ਦਿੱਤਾ ਗਿਆ ਅਗਰ ਗੁਰੂ ਨਾਨਕ ਸਾਹਿਬ ਇਨ੍ਹਾਂ ਭਗਤਾਂ ਦੀ ਰਚਨਾ ਨਾਂ ਸੰਭਾਲਦੇ ਤਾਂ ਉਹ ਵੀ ਇਨ੍ਹਾਂ ਜਾਤਿ ਅਭਿਮਾਨੀਆਂ ਨੇ ਰੱਦੂ-ਬੱਦੂ ਕਰ ਦੇਣੀ ਸੀ ਜੋ ਬਾਬੇ ਨਾਨਕ ਨੇ ਪੋਥੀ ਸਾਹਿਬ ਵਿੱਚ ਸੰਭਾਲ ਲਈ ਅਤੇ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ।



ਅਵਤਾਰ ਸਿੰਘ ਮਿਸ਼ਨਰੀ
510-432-5827

ਕੀ ਸਾਡੇ ਪ੍ਰਮਾਤਮਾਂ ਵੀ ਵੱਖਰੇ-ਵੱਖਰੇ ਹਨ? ਕੀ ਊਚ-ਨੀਚ, ਜਾਤਾਂ-ਪਾਤਾਂ ਨੂੰ ਮੰਨਣ ਵਾਲੇ ਪ੍ਰਮਾਤਮਾਂ ਦੀ ਜਾਤਿ ਦੱਸ ਸਕਦੇ ਹਨ? ਜੇ ਨਹੀਂ ਤਾਂ ਪ੍ਰਮਾਤਮਾਂ ਦੀ ਪੈਦਾ ਕੀਤੀ ਮਨੁੱਖਾ ਜਾਤਿ (ਇਨਸਾਨੀਅਤ) ਨੂੰ ਵਰਣ-ਵੰਡ ਵਿੱਚ ਵੰਡ ਕੇ ਕਿਉਂ ਮਨੁੱਖਤਾ ਦੀਆਂ ਵੰਡੀਆਂ ਪਾਈ ਜਾ ਰਹੇ ਹਨ? ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ-ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥ ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥(੧੧੨੭) ਹੇ ਮੂਰਖ ਗਵਾਰ ਤੂੰ ਉੱਚੀ ਜਾਤਿ ਦਾ ਹੰਕਾਰ ਕਿਉਂ ਕਰਦਾ ਹੈਂ ਜੋ ਬਹੁਤੇ ਵਿਕਾਰਾਂ ਨੂੰ ਪੈਦਾ ਕਰਦਾ ਹੈ। ਜਾਤੀ ਦੈ ਕਿਆ ਹਥਿ ਸਚਿ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥(੧੪੨) ਗੁਰੂ ਜੀ ਦੋ ਟੂਕ ਫੈਸਲਾ ਕਰਦੇ ਹਨ ਕਿ ਉੱਚੀ ਜਾਤਿ ਵਾਲੇ ਦੇ ਹੱਥ ਵਿੱਚ ਜੇ ਜ਼ਹਿਰ ਹੈ ਤਾਂ ਚੱਖਣ ਤੇ ਉਹ ਮਰੇਗਾ ਹੀ ਇਹ ਨਹੀ ਕਿ ਉੱਚੀ ਜਾਤਿ ਉਸ ਨੂੰ ਬਚਾ ਲਵੇਗੀ।

ਸਾਰੀ ਮਨੁੱਖਤਾ ਵਿੱਚ ਰੱਬ ਦੀ ਹੀ ਜੋਤਿ ਹੈ ਜੋ ਇਨਸਾਨੀ ਏਕਤਾ ਦਾ ਅਕੱਟ ਸਬੂਤ ਦੇ ਰਹੀ ਹੈ-ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥(੬੬੩) ਪ੍ਰਭੂ ਨੂੰ ਭੁਲਣ ਵਾਲਾ ਹੀ ਕਮਜਾਤਿ ਹੈ ਅਤੇ ਨਾਮ ਵਿਹੂਣਾ ਹੀ ਨੀਵੀਂ ਜਾਤਿ ਵਾਲਾ ਹੈ-ਖਸਮ ਵਿਸਾਰਹਿ ਤੇ ਕਮਜਾਤਿ॥ਨਾਨਕ ਨਾਵੈ ਬਾਝੁ ਸਨਾਤਿ॥(੩੪੯) ਗੁਰੂ ਰਾਮਦਾਸ ਜੀ ਨੇ ਉਨ੍ਹਾਂ ਭਗਤਾਂ ਦਾ ਜਿਕਰ ਕੀਤਾ ਜਿਨ੍ਹਾਂ ਨੂੰ ਜਾਤਿ ਅਭਿਮਾਨੀ ਬ੍ਰਾਹਮਣ ਆਦਿਕ ਨੀਚ ਜਾਤਿ ਕਹਿ ਕੇ ਦੁਰਕਾਰਦੇ ਅਤੇ ਉਨ੍ਹਾਂ ਦਾ ਪ੍ਰਛਾਵਾਂ ਤੱਕ ਲੈਣਾ ਮਾੜਾ ਸਮਝਦੇ ਸਨ। ਉਹ ਰੱਬ ਦਾ ਨਾਮ ਜਪ ਕੇ ਅਤੇ ਚੰਗੇ ਕਰਮ ਕਰਕੇ ਉੱਚੇ-ਸੁੱਚੇ ਹੋ ਗਏ, ਲੋਕ ਉਨ੍ਹਾਂ ਦੀ ਸੇਵਾ ਅਤੇ ਸੰਗਤਿ ਕਰਨ ਲੱਗ ਪਏ, ਰੱਬ ਨੇ ਉਨ੍ਹਾਂ ਦੀ ਕੋਈ ਨੀਵੀ ਜਾਤਿ ਨਾ ਦੇਖੀ ਸਗੋਂ ਉਨ੍ਹਾਂ ਨੂੰ ਆਪਣੀ ਗਲਵਕੜੀ ਵਿੱਚ ਲੈ ਪਿਆਰ ਕੀਤਾ-ਨੀਚ ਜਾਤਿ ਹਰਿ ਜਪਦਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮ ਭਇਆ ਚਾਰਿ ਵਰਨ ਪਏ ਪਗਿ ਆਇ॥੨॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥(੭੩੩) ਸੋ ਭਗਤਾਂ ਤੇ ਗੁਰੂ ਸਾਹਿਬਾਨਾਂ ਜਾਤਿ-ਪਾਤਿ ਤੇ ਵਰਣ-ਵੰਡ ਦੀ ਛੂਆ-ਛਾਤ ਨੂੰ ਉਕਾ ਹੀ ਕਬੂਲ ਨਾ ਕਰਦਿਆਂ ਹੋਇਆਂ ਸਾਂਝੀਆਂ ਸੰਗਤਾਂ ਤੇ ਪੰਗਤਾਂ ਕਾਇਮ ਕੀਤੀਆਂ, ਇੱਕ ਥਾਂ ਰਲ ਕੇ ਇਸ਼ਨਾਨ ਕਰਨ ਲਈ ਸਰੋਵਰ ਬਣਵਾਏ, ਸਰਬਸਾਂਝੇ ਧਰਮ ਅਸਥਾਂਨ ਬਣਾਏ ਤੇ ਕਿਹਾ-ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨਾ ਦਿਸਹਿ ਬਾਹਰਾ ਜੀਉ॥(੯੭)

ਅੱਜ ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂ ਜਾਤਿ-ਪਾਤਿ ਦੇ ਜਾਲ ਵਿੱਚ ਫਸ ਕੇ ਬਾਕੀਆਂ ਨੂੰ ਵੀ ਗੁਮਰਾਹ ਕਰ ਰਹੇ ਹਨ ਜਿਵੇਂ ਬੇਦੀ-ਸੋਢੀ ਅਜੀ ਅਸੀਂ ਗੁਰੂ ਨਾਨਕ ਦੀ ਕੁਲ ਵਿੱਚੋਂ ਹਾਂ, ਅਸੀਂ ਸੋਢੀ ਕੁਲ ਦੇ ਹਾਂ, ਅਸੀਂ ਭੱਲੇ ਹਾਂ ਗੁਰੂ ਕੁਲਾਂ ਪੂਜਣਯੋਗ ਹਨ।ਜਿਸ ਗੁਰੂ ਨੇ ਕਿਸੇ ਜਾਤਿ ਕੁਲ ਨੂੰ ਕੋਈ ਮਾਨਤਾ ਹੀ ਨਾ ਦਿੱਤੀ ਹੋਵੇ, ਉਹ ਪੂਜਣਯੋਗ ਕਿਵੇਂ ਹੋ ਗਈ? ਜੋ ਗੁਰੂ ਦੀ ਜਾਤਿ ਉਹ ਹੀ ਗੁਰੂ ਦੇ ਸਿੱਖ ਦੀ ਜਾਤਿ। ਕੀ ਬੇਦੀ ਤੇ ਸੋਢੀ ਹੀ ਗੁਰੂ ਕੁਲ ਵਿੱਚੋਂ ਤੇ ਬਾਕੀ ਗੁਰੂ ਤੋਂ ਵੱਖਰੇ ਹਨ? ਨਹੀਂ ਅਸੀਂ ਸਾਰੇ ਹੀ ਗੁਰੂ ਦੇ ਸਿੱਖ ਹਾਂ ਨਾ ਕਿ ਬੇਦੀਆਂ ਸੋਢੀਆਂ ਦੇ। ਅੱਜ ਅਸੀਂ ਬੜੇ ਫਕਰ ਨਾਲ ਕਹਿੰਦੇ ਹਾਂ ਇਹ ਜੱਟ ਸਿੱਖ, ਇਹ ਮਜ਼ਬੀ ਸਿੱਖ, ਓਹ ਰਵਿਦਾਸੀਆ ਸਿੱਖ, ਇਹ ਛੀਂਬਾ, ਓਹ ਨਾਈ ਸਿੱਖ ਅਤੇ ਇਹ ਰਾਮਗੜੀਏ ਸਿੱਖ, ਅਸੀਂ ਨਾਮਧਾਰੀ ਸਿੱਖ ਹਾਂ। ਜਿਵੇਂ ਬ੍ਰਾਹਮਣ ਸ਼ੂਦਰਾਂ ਤੋਂ ਨਫਰਤ ਕਰਦਾ ਸੀ ਇਵੇਂ ਹੀ ਅਸੀਂ ਅੱਜ ਇੱਕ ਦੂਜੇ ਤੋਂ ਕਰ ਰਹੇ ਹਾਂ ਇਸਦਾ ਪ੍ਰਤੱਖ ਸਬੂਤ ਅਸੀਂ ਧਰਮ ਅਸਥਾਨ ਵੀ ਵੱਖਰੀਆਂ-ਵੱਖਰੀਆਂ ਜਾਤਾਂ ਬਰਦਰੀਆਂ ਦੇ ਨਾਮ ਤੇ ਬਣਾਏ ਹੋਏ ਹਨ। ਲੜਕੇ ਲੜਕੀ ਦਾ ਰਿਸ਼ਤਾ ਕਰਨ ਵੇਲੇ ਸੌ ਜਾਤਿ ਬਰਾਦਰੀ ਪੁੱਛਦੇ ਹਾਂ ਇਥੋਂ ਤੱਕ ਕਿ ਸਿੱਖੀ ਧਾਰਨ ਕਰਕੇ ਵੀ, ਸਾਡੀ ਜਾਤਿ-ਪਾਤਿ ਵਾਲੀ ਨਫਰਤ ਨਹੀਂ ਜਾਂਦੀ, ਕਿਉਂ?

ਖਾਸ ਕਰਕੇ ਸਿੱਖਾਂ ਵਿੱਚ ਜੱਟ ਬਰਾਦਰੀ ਵਿੱਚ ਜਾਤਿ-ਪਾਤਿ ਸਿਖਰਾਂ 'ਤੇ ਹੈ। ਪਹਿਲੀ ਤਾਂ ਗੱਲ ਜੱਟ ਕਹੀਆਂ ਜਾਂਦੀਆਂ ਨੀਵੀਆਂ ਜਾਂ ਦਲਿਤ ਜਾਤਾਂ ਵਿੱਚ ਰਿਸ਼ਤੇ-ਨਾਤੇ ਕਰਦੇ ਹੀ ਨਹੀਂ, ਜੇ ਕਿਸੇ ਅਤਿ ਮਜਬੂਰੀ ਕਾਰਨ ਕਰਨਾ ਹੀ ਪੈ ਜਾਵੇ ਤਾਂ ਲੜਕੀ ਦਾ ਕਦੇ ਨਹੀਂ ਕਰਗੇ, ਲੜਕਾ ਭਾਵੇਂ ਬਾਗੀ ਹੋ ਕੇ ਕਰ ਲਵੇ। ਜੱਟਾਂ ਦੇ ਪਿੰਡਾਂ ਵਿੱਚ ਵੀ ਦਲਿਤਾਂ ਭਾਵ ਮੰਨੀਆਂ ਗਈਆਂ ਨੀਵੀਆਂ ਜਾਤਾਂ ਦੀਆਂ ਬਸਤੀਆਂ ਵੱਖਰੀਆਂ ਰੱਖੀਆਂ ਜਾਂਦੀਆਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਕਮੀਨ-ਕਾਂਦੂ ਕਿਹਾ ਜਾਂਦਾ ਹੈ। ਨਿਹੰਗ ਸਿੰਘ ਜੋ ਆਪਣੇ ਆਪ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਆਖਦੇ ਹਨ, ਖੰਡੇ ਦੀ ਪਹੁਲ ਦਲਿਤਾਂ ਨੂੰ ਚੌਥੇ ਪੌੜੀਏ ਕਹਿ, ਅਲੱਗ ਬਾਟੇ ਵਿੱਚ ਦਿੰਦੇ ਨੇ, ਬਾਣਾ ਸਿੰਘਾਂ ਦਾ ਕਰਮ-ਕਰਤੂਤ ਜਾਤਿ ਅਭਿਮਾਨੀ ਬ੍ਰਾਹਮਣਾਂ ਵਾਲੀ। ਉੱਤੋਂ-ਉੱਤੋਂ ਸਾਡੇ ਬਹੁਤੇ ਪ੍ਰਚਾਰਕ ਤੇ ਪ੍ਰਬੰਧਕ ਸਟੇਜਾਂ 'ਤੇ ਜਰੂਰ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਦਾ ਹੋਕਾ ਦਿੰਦੇ ਹਾਨ ਪਰ ਪ੍ਰੈਕਟੀਕਲ ਰੂਪ ਵਿੱਚ ਗੁਰੂ ਦਾ ਹੁਕਮ ਮੰਨ, ਜਾਤਿ-ਪਾਤਿ ਦੇ ਕੋਹੜ ਨੂੰ ਛੱਡਦੇ ਨਹੀਂ। ਹਾਂ ਜੇ ਕਿਤੇ ਕੋਈ ਲੜਕੀ ਲੜਕਾ ਜਾਤਿ ਬਰਾਦਰੀ ਤੋਂ ਉੱਪਰ ਉੱਠ ਕੇ ਗੁਣਾਂ ਅਤੇ ਪ੍ਰੇਮ ਦੇ ਅਧਾਰ ਤੇ ਰਿਸ਼ਤਾ ਕਰ ਵੀ ਲੈਂਦਾ ਹੈ ਤਾਂ ਅਸੀਂ ਮਾਂ-ਬਾਪ ਉਸ ਨੂੰ ਕਬੂਲ ਹੀ ਨਹੀਂ ਕਰਦੇ ਸਗੋਂ ਲੜਕੇ ਲੜਕੀ ਨੂੰ ਕਤਲ ਕਰਨ ਤੱਕ ਚਲੇ ਜਾਂਦੇ ਹਾਂ ਕਿਉਂ? ਪ੍ਰਚੱਲਤ ਕਹਾਵਤ ਅਨੁਸਾਰ "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ" ਭਾਵ ਕਹਿੰਦੇ ਕੁਛ ਤੇ ਕਰਦੇ ਕੁਛ ਹੋਰ ਹਾਂ। ਉੱਤੋਂ-ਉੱਤੋਂ ਗੁਰੂ ਨੂੰ ਮੱਥਾ ਵੀ ਟੇਕਦੇ, ਪੂਜਾ-ਪਾਠ ਵੀ ਕਰਦੇ, ਗੁਰੂ ਵਾਲੇ ਅੰਮ੍ਰਿਤਧਾਰੀ ਵੀ ਅਖਵਾਉਂਦੇ ਹਾਂ ਪਰ ਗੱਲ ਬਾਮਣ ਗੁਰੂ ਦੀ ਮੰਨਦੇ ਹਾਂ ਪਰ-ਕਬੀਰ ਬਾਮਨੁ ਗੂਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥ਅਰਝਿ ਉਰਝਿ ਕੇ ਪਚਿ ਮੂਆ ਚਾਰੋਂ ਬੇਦੋਂ ਮਾਹਿ॥(੧੩੭੭) ਜਾਤਾਂ ਪਾਤਾਂ ਨੂੰ ਮੰਨਣ ਤੇ ਧਾਰਨ ਵਾਲਿਓ ਦੱਸੋ ਅਸੀਂ ਬਾਮਣ ਦੇ ਸਿੱਖ ਹਾਂ ਜਾਂ ਗੁਰੂ ਦੇ? ਜੋ ਗੁਰੂ ਦਾ ਹੁਕਮ ਹੀ ਨਹੀਂ ਮੰਨਦਾ ਉਹ ਗੁਰੂ ਦਾ ਸਿੱਖ ਕਿਵੇਂ ਹੋ ਸਕਦਾ ਹੈ? ਅੱਜ ਹੁਕਮ ਅਸੀਂ ਗੁਰੂ ਨੁਮਾਂ ਭੇਖੀ ਸਾਧਾਂ-ਸੰਤਾਂ, ਅਖਾਉਤੀ ਜਥੇਦਾਰਾਂ, ਆਪੋ ਆਪਣੀਆਂ ਜਾਤੀ ਪਾਰਟੀਆਂ ਦਾ ਮੰਨਦੇ ਹਾਂ, ਗੁਰੂ ਨੂੰ ਤਾਂ ਐਵੇਂ ਲੋਕ ਦਿਖਾਵੇ ਖਾਤਿਰ ਸੀਸ ਨਿਵਾਉਂਦੇ ਹਾਂ-ਸੀਸ ਨਿਵਾਇਐ ਕਿਆ ਥੀਐ ਜਾਂ ਰਿਦੈ ਕਸੁਧੇ ਜਾਹਿ॥(੪੭੦) ਗੁਰੂ ਹੁਕਮ ਨਾਂ ਮੰਨਣਾ ਲੋਕ ਦਿਖਾਵਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਸਤਰਾਂ ਦਾ ਲਿਖਾਰੀ ਇਕੱਲਾ ਲਿਖ ਹੀ ਨਹੀਂ ਰਿਹਾ ਪ੍ਰੈਕਟੀਕਲ ਰੂਪ ਵਿੱਚ ਵੀ ਜਾਤਿ-ਪਾਤਿ ਦੇ ਕੋਹੜ ਨੂੰ ਛੱਡ ਚੁੱਕਾ ਅਤੇ ਕਰਤਾਰ ਪਾਸ ਅਰਦਾਸ ਕਰਦਾ ਹੈ ਕਿ ਉਹ ਜਾਤਿ ਅਭਿਮਾਨੀਆਂ ਨੂੰ ਵੀ ਸੁਮਤਿ ਬਖਸ਼ੇ! ਜੋ ਊਚ-ਨੀਚ ਦੇ ਕੋਹੜ ਨੂੰ ਸਦਾ ਲਈ ਗੁਰੂ ਦਾ ਹੁਕਮ ਮੰਨਦੇ ਹੋਏ ਤਿਆਗ ਦੇਣ।

ਇਉਂ ਬਾਬੇ ਨਾਨਕ, ਉਨ੍ਹਾਂ ਦੇ ਜਾਨੀਸ਼ਨਾਂ ਅਤੇ ਰੱਬੀ ਭਗਤਾਂ ਨੇ, ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ, ਸਭ ਨੂੰ ਇੱਕ ਪਿਤਾ ਦੇ ਬੱਚੇ-ਬੱਚੀਆਂ ਦਰਸਾਉਂਦੇ ਹੋਏ, ਨੀਚਾਂ ਨੂੰ ਆਪਣਾ ਭਾਈ ਬਣਾ, ਊਚ ਕਰ ਦਿੱਤਾ। ਸਾਰੇ ਇੱਕ ਥਾਂ ਖਾ ਪੀ, ਸੰਗਤ ਵਿੱਚ ਬਾਣੀ ਪੜ੍ਹ ਵਿਚਾਰ ਅਤੇ ਕੰਮ ਕਰ ਸਕਦੇ ਹਨ।

ਇਸ ਲਈ ਸੰਗਤ-ਪੰਗਤ-ਲੰਗਰ, ਸਰਬਸ਼ਾਂਝੀਆਂ ਧਰਮਸ਼ਾਲਾਵਾਂ ਅਤੇ ਸਰਾਵਾਂ ਬਣਵਾਈਆਂ, ਸਰੋਵਰ, ਬੌਲੀਆਂ, ਅਤੇ ਖੂਹ ਲਗਵਾਏ ਜਿੱਥੇ ਸਾਰੇ ਨਹਾ ਅਤੇ ਪਾਣੀ ਪੀ ਸਕਦੇ ਸਨ।

ਅੱਜ ਗੁਰੂ ਬਾਬੇ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ ਤਾਂ ਹੀ ਮੁਬਾਰਕ ਹੈ ਜੇ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ, ਆਪਣੇ ਰੋਜ਼ਾਨਾਂ ਜੀਵਨ ਵਿੱਚ ਧਾਰਨ ਕਰੀਏ ਅਤੇ ਜਾਤ-ਪਾਤ, ਊਚ-ਨੀਚ ਵਾਲੇ ਨਫਰਤੀ ਕੋਹੜ ਨੂੰ ਆਪਣੀ ਮਾਨਸਿਕਤਾ ਤੋਂ ਗੁਰੂ ਗਿਆਨ ਦੇ ਨਸ਼ਤਰ ਨਾਲ ਕੱਟ ਕੇ ਲਾਹ ਸੁੱਟੀਏ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨੂਰਪੁਰ ਦਾ 32ਵਾਂ ਸਰਦਾਰ ਮੁਹੰਮਦ ਯਾਦਗਾਰੀ ਸੰਗੀਤ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ







## Change of Name

I, Jijar s/o Dalvinder Singh
Currently Resident of:
945 Billie Jean St,
Apt 208 Bldg E East
Santa Rosa, CA-95407, U.S.A.

Now I have changed my name

**From:** Jijar
**To:** Jijar Singh

All concerned kindly note it.


**ਬੰਗਾ (ਸੰਤੋਖ ਸਿੰਘ ਜੱਸੀ) –** ਪ੍ਰਸਿੱਧ ਸੰਗੀਤਕਾਰ ਸਰਦਾਰ ਮੁਹੰਮਦ ਅਤੇ ਗੁਲਜ਼ਾਰ ਮੁਹੰਮਦ ਦੀ ਯਾਦ ’ਚ ਕਰਵਾਏ 32ਵਾਂ ਸੰਗੀਤ ਮੇਲਾ ਪਿੰਡ ਨੂਰਪੁਰ ਵਿਖੇ ਕਰਵਾਇਆ ਗਿਆ। ਇਹ ਸੰਗੀਤ ਮੇਲਾ ਇਸ ਵਾਰ ਪ੍ਰਸਿੱਧ ਗਾਇਕ ਸਰਦੂਲ ਸਿਕੰਦਰ ਅਤੇ ਸ਼ੌਕਤ ਅਲੀ ਮਤੋਈ ਨੂੰ ਸਮਰਪਿਤ ਕੀਤਾ ਗਿਆ। ਮੇਲੇ ਦੀ ਪ੍ਰਧਾਨਗੀ ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਉਦਘਾਟਨ ਕੁਲਜੀਤ ਸਿੰਘ ਸਰਹਾਲ ਅਤੇ ਸੰਗੀਤਕਾਰ ਸਰਦਾਰ ਮੁਹੰਮਦ, ਗੁਲਜ਼ਾਰ ਮੁਹੰਮਦ, ਗਾਇਕ ਸਰਦੂਲ ਸਿਕੰਦਰ ਅਤੇ ਸ਼ੌਕਤ ਅਲੀ ਮਤੋਈ ਦੀਆਂ ਤਸਵੀਰਾਂ ’ਤੇ ਸ਼ਮਾ ਰੌਸ਼ਨ ਦੀ ਰਸਮ ਡਾ। ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਹਾਲਕਾ ਬੰਗਾ, ਰਜਿੰਦਰ ਸਿੰਘ ਐਸ। ਐਸ। ਪੀ, ਕਮਲਜੀਤ ਬੰਗਾ ਅਤੇ ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਨੇ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸੰਗੀਤ ਲਲਿਤ ਕਲਾਵਾਂ ਵਿਚੋਂ ਪ੍ਰਮੁੱਖ ਮੰਨੀ ਗਈ ਕਲਾ ਹੈ। ਇਸ ਕਲਾ ਰਾਹੀਂ ਮਨੁੱਖ ਦੀ ਮਨੋਬਿਰਤੀ ਵਿਚ ਬਹੁਤ ਕੁੱਝ ਤਬਦੀਲ ਕੀਤਾ ਜਾ ਸਕਦਾ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਮੌਜੂਦਾ ਸਮੇਂ ਦੀ ਪੰਜਾਬੀ ਗਾਇਕੀ ਜ਼ਿਆਦਾਤਰ ਲੋਕਾਂ ਵਿਚ ਚੰਗਾ ਸਿਰਜਣ ਦੀ ਬਜਾਏ ਬਹੁਤ ਕੱਝ ਮਾੜਾ ਪਰੋਸਿਆ ਜਾ ਰਿਹਾ ਹੈ। ਸਮਾਜ ਵਿਚ ਫੈਲ ਰਹੀਆਂ ਮੌਜੂਦਾ ਸਮੇਂ ਦੀਆਂ ਕੁਰੀਤੀਆਂ ਦਾ ਇਕ ਕਾਰਨ ਮੌਜੂਦਾ ਸਮੇਂ ਅਸਲ ਪੈਂਦੇ ਤੋਂ ਬਿਖਰੀ ਗਾਇਕੀ ਵੀ ਕਿਹਾ ਜਾ ਸਕਦਾ ਹੈ। ਉਸਤਾਦ ਸਰਦਾਰ ਮੁਹੰਮਦ ਤੇ ਗੁਰੂ ਗੁਲਜ਼ਾਰ ਮੁਹੰਮਦ ਤੋਂ ਜਿਨ੍ਹਾਂ ਲੋਕਾਂ ਨੇ ਸਿੱਖਿਆ ਉਨ੍ਹਾਂ ਤੋਂ ਸੰਗੀਤ ਨੇ ਅਸਲ ਮਾਗਰ ਦੀ ਪਹਿਚਾਣ ਨੂੰ ਵੀ ਬਣਾਈ ਰੱਖਿਆ। ਸਮਾਜਿਕ ਗਿਰਾਵਟ ਨੂੰ ਠੀਕ ਕਰਨ ਵਾਸਤੇ ਗਾਇਕੀ ਦੀ ਰਚਨਾ ਸ਼ੈਲੀ ਅਤੇ ਭਾਵ ਨੂੰ ਸਹੀ ਰਸਤੇ ਵੱਲ ਤੋਰਨਾ ਹੋਵੇਗਾ। ਮੇਲੇ ਦੌਰਾਨ ਪ੍ਰਸਿੱਧ ਗਾਇਕ ਮਾਸਟਰ ਸਲੀਮ, ਸਤਵਿੰਦਰ ਬੁੱਗਾ, ਕੇ। ਐਸ ਮੱਖਣ, ਫਿਰੋਜ਼ ਖਾਨ, ਗੁਰਲੇਜ਼ ਅਖ਼ਤਰ, ਕੁਲਵਿੰਦਰ ਕੈਲੀ, ਜੀ। ਖਾਨ, ਜਮੀਲ ਅਖ਼ਤਰ, ਸਲੀਮ ਸਿਕੰਦਰ, ਸਤਿੰਦਰ, ਰਣਜੀਤ ਰਾਣਾ, ਯੁੱਧਵੀਰ ਮਾਣਕ, ਬਲਰਾਜ ਬਿਲਗਾ, ਆਰ। ਨੇਤ, ਕਮਲ ਖਾਨ, ਬੈਨਿਟ ਦੋਸਾਂਝ, ਕਮਲ ਕਟਾਣੀਆਂ, ਸਲਾਮਤ ਅਲੀ, ਲੱਖਾ ਨਾਜ਼, ਗੁਰਮੇਜ਼ ਮੇਹਲੀ, ਮਾਣਕ ਅਲੀ, ਰਾਜਾ ਸਾਬਰੀ, ਜੀਵਲ ਮਾਨ ਆਦਿ ਕਲਾਕਾਰਾਂ ਨੇ 15 ਘੰਟੇ ਲਗਾਤਾਰ ਸੰਗੀਤ ਮੇਲੇ ਦੌਰਾਨ ਪ੍ਰੋਗਰਾਮ ਪੇਸ਼ ਕੀਤਾ। ਬੂਟਾ ਮੁਹੰਮਦ ਪ੍ਰਧਾਨ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਨੇ ਸੰਗੀਤ ਉਸਤਾਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ’ਤੇ ਦਰਬਜੀਤ ਸਿੰਘ ਪੂੰਨੀ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਐਸ। ਅਸ਼ੋਕ ਭੌਰਾ, ਜਸਵੀਰ ਗੁਣਾਚੌਰੀਆ, ਨਰਿੰਦਰ ਬੰਗਾ, ਦੇਸ ਰਾਜ ਬੰਗਾ, ਜਸਬੀਰ ਸਿੰਘ ਨੂਰਪੁਰ, ਲਵਦੀਪ ਮੁਹੰਮਦ, ਸਰਪੰਚ ਲਖਵਿੰਦਰ ਸਾਬੀ, ਸੋਹਣ ਲਾਲ ਢੰਡਾ, ਰਘਵੀਰ ਸਿੰਘ ਬਿੱਲਾ, ਮੁਖਤਿਆਰ ਰਾਏ ਐਸ। ਪੀ, ਗੁਰਪ੍ਰੀਤ ਸਿੰਘ ਡੀ। ਐਸ। ਪੀ, ਜੀਤ ਬਾਬਾ, ਸੋਮਨਾਥ ਥਿੰਦ, ਪ੍ਰਵੀਨ ਬੰਗਾ, ਬਲਰਾਜ ਸਿੰਘ ਕਲੇਰ, ਰਣਵੀਰ ਸਿੰਘ ਰਾਣਾ, ਗੁਰਜੀਤ ਸਿੰਘ ਬੇਹਾਲ, ਵਰਿੰਦਰ ਸਿੰਘ ਮਾਨ, ਅਜਮੇਰ ਸਿੰਘ ਚਾਨਾ, ਸੁਲਤਾਨ ਮੁਹੰਮਦ, ਪੰਮੀ ਲਾਲੋ ਮਜਾਰਾ, ਧਰਮਵੀਰ ਪਾਲ, ਮਨਜੀਤ ਸਿੰਘ ਜੱਬੋਵਾਲ, ਗੁਰਜੀਤ ਸਿੰਘ ਨੂਰਪੁਰ, ਅਮਰੀਕ ਸਿੰਘ ਢੀਂਡਸਾ, ਲਖਵੀਰ ਬੀਸਲਾ, ਵਰਿੰਦਰ ਘਈ, ਰਣਜੀਤ ਸਿੰਘ ਸਰਹਾਲ, ਨਵਦੀਪ ਸਿੰਘ ਅਨੋਖਰਵਾਲ, ਡਿੰਪਲ ਮੱਲ੍ਹਾ, ਜੱਸ ਔਜਲਾ, ਜਸਵੀਰ ਸਿੰਘ ਰਾਏ, ਚਰਨਜੀਤ ਸਿੰਘ ਆਦਿ ਹਾਜ਼ਰ ਸਨ।





RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

**Cell: 916-628-2210**
**Fax: 916-745-3424**
**Office: 916-285-1000**
**Email : Dil.Realtor@gmail.com**



2081 Arena Blvd #
100 Sacramento, CA 95834

## Chicago's Pizza with a Twist

Call: 1-209-398-2221









Parvinder Dhesi    Kulwant Sandhu

1471 B St., Unit B, Livingston, CA 95334

# ਕੈਲੀਫੋਰਨੀਆ ਵਿਚ ਗਿਲਰਾਇ ਸਿਟੀ ਕੌਂਸਲ ਮੈਂਬਰ ਦੇ ਘਰ ਚੱਲੀ ਗੋਲੀ, ਇਕ ਮੌਤ-3 ਜ਼ਖਮੀ



**ਸੈਕਰਾਮੈਂਟੋ 1 ਨਵੰਬਰ (ਹੁਸਨ ਲੜੋਆ ਬੰਗਾ)–** ਗਿਲਰਾਇ, ਕੈਲੀਫੋਰਨੀਆ, ਵਿਚ ਸਿਟੀ ਕੌਂਸਲ ਮੈਂਬਰ ਦੇ ਘਰ ਚੱਲੀ ਗੋਲੀ ਵਿਚ ਇਕ ਵਿਅਕਤੀ ਮਾਰਿਆ ਗਿਆ ਤੇ 3 ਹੋਰ ਜ਼ਖਮੀ ਹੋ ਗਏ । ਇਹ ਜਾਣਕਾਰੀ ਗਿਲਰਾਇ ਪੁਲਿਸ ਵਿਭਾਗ ਨੇ ਦਿੱਤੀ ਹੈ। ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਰੀਬੇਕਾ ਅਰਮੇਨਡਾਰਿਡ ਨਾਮੀ ਕੌਂਸਲਰ ਦੇ ਘਰ ਦੇ ਬਾਹਰ ਇਕ ਪਾਰਟੀ ਚੱਲ ਰਹੀ ਸੀ ਜਿਸ ਦੌਰਾਨ ਦੋ ਧਿਰਾਂ ਵਿਚਾਲੇ ਬੋਲ ਕਬੋਲ ਹੋਇਆ। ਘੱਟੋ ਘੱਟ ਇਕ ਸ਼ੱਕੀ ਨੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਲੱਗਣ ਨਾਲ ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਿਆ ਜਦ ਕਿ 3 ਜ਼ਖਮੀ ਹੋ ਗਏ। ਜ਼ਖਮੀਆਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਪੁਲਿਸ ਅਨੁਸਾਰ ਸ਼ੱਕੀ ਹੱਤਿਆਰੇ 19 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਹੱਤਿਆ ਦੇ ਦੋਸ਼ਾਂ ਤਹਿਤ ਜੇਲ ਭੇਜ ਦਿੱਤਾ ਗਿਆ ਹੈ। ਕੌਂਸਲਰ ਰੀਬੇਕਾ ਅਰਮੇਨਡਾਰਿਡ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਵਿਚ ਉਹ ਸ਼ਾਮਿਲ ਹੈ। ਇਸ ਸਮੇ ਉਹ ਇਸ ਤੋਂ ਵਧ ਕੁਝ ਨਹੀਂ ਕਹਿ ਸਕਦੀ।

# ਨਿਊਯਾਰਕ ਅੱਗ ਬੁਝਾਊ ਵਿਭਾਗ ਦੇ 6 ਮੁਲਾਜ਼ਮ 4 ਹਫਤਿਆਂ ਲਈ ਮੁਅੱਤਲ

**ਸੈਕਰਾਮੈਂਟੋ 3 ਨਵੰਬਰ (ਹੁਸਨ ਲੜੋਆ ਬੰਗਾ)–** ਡਿਊਟੀ ਦੌਰਾਨ ਅੱਗ ਬੁਝਾਊ ਅਮਲੇ ਦੇ ਮੁਲਾਜ਼ਮਾਂ ਵੱਲੋਂ ਇਕ ਚੁਣੇ ਹੋਏ ਅਧਿਕਾਰੀ ਨਾਲ ਗਲਤ ਵਿਵਹਾਰ ਕਰਨ ਦੀ ਵਾਪਰੀ ਘਟਨਾ ਉਪਰੰਤ 6 ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਮੁਅੱਤਲੀ 4 ਹਫਤਿਆਂ ਲਈ ਹੋਵੇਗੀ ਜਿਸ ਦੌਰਾਨ ਮੁਲਾਜ਼ਮਾਂ ਨੂੰ ਕੋਈ ਤਨਖਾਹ ਨਹੀਂ ਦਿੱਤੀ ਜਾਵੇਗੀ। ਇਹ ਜਾਣਕਾਰੀ ਨਿਊਯਾਰਕ ਫਾਇਰ ਵਿਭਾਗ ਦੇ ਇਕ ਬੁਲਾਰੇ ਨੇ ਦਿੱਤੀ ਹੈ। ਬੁਲਾਰੇ ਨੇ ਦੱਸਿਆ ਕਿ ਵਾਪਰੀ ਘਟਨਾ ਵਿਚ ਕੋਵਿਡ ਵੈਕਸੀਨ ਦੇ ਵਿਰੋਧ ਵਿਚ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮ ਡਿਊਟੀ ਦੌਰਾਨ ਇਕ ਅੱਗ ਬੁਝਾਉਣ ਵਾਲੀ ਗੱਡੀ ਨੂੰ ਨਿਊਯਾਰਕ ਸਟੇਟ ਸੈਨੇਟਰ ਜੈਲਨੌਰ ਮਇਰੀ ਦੇ ਬਰੁਕਲਿਨ ਸਥਿੱਤ ਦਫਤਰ ਵਿਚ ਲੈ ਗਏ ਜਿਥੇ ਉਨਾਂ ਨੇ ਕੋਵਿਡ ਵੈਕਸੀਨ ਦੇ ਵਿਰੋਧ ਵਿਚ ਨਾਅਰੇ ਲਾਏ। ਮੇਅਰ ਬਿੱਲ ਡੀ ਬਲਾਸੀਓ ਨੇ ਕਿਹਾ ਹੈ ਕਿ "ਮੰਗਲਵਾਰ ਵਾਪਰੀ ਇਸ ਘਟਨਾ ਕਾਰਨ ਉਹ ਨਿਰਾਸ਼ ਹੋਏ ਹਨ। ਅੱਗ ਬੁਝਾਊ ਅਮਲੇ ਦੇ ਮੈਂਬਰਾਂ ਨੇ ਵਿਭਾਗ ਦੀ ਵਰਦੀ ਵਿਚ ਸਟੇਟ ਸੈਨੇਟਰ ਦਾ ਅਪਮਾਨ ਕੀਤਾ ਹੈ। ਆਪਣੇ ਹੀ ਰਾਜਸੀ ਵਿਸ਼ਵਾਸ਼ ਦੇ ਆਧਾਰ 'ਤੇ ਕੀਤੀ ਗਈ ਮੁਲਾਜ਼ਮਾਂ ਦੀ ਇਹ ਕਾਰਵਾਈ ਨਿੰਦਣਯੋਗ ਹੈ।" ਅੱਗ ਬੁਝਾਊ ਵਿਭਾਗ ਨਿਊਯਾਰਕ ਦੇ ਕਮਿਸ਼ਨਰ ਡੈਨੀਅਲ ਏ ਨਿਗਰੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਜਿਹੇ ਵਿਵਹਾਰ ਨੂੰ ਬਰਦਾਰਸ਼ਤ ਨਹੀਂ ਕੀਤਾ ਜਾ ਸਕਦਾ। ਇਸ ਘਟਨਾ ਕਾਰਨ ਨੈਤਿਕ ਤੌਰ 'ਤੇ ਜੋ ਨੁਕਸਾਨ ਪੁੱਜਾ ਹੈ, ਉਸ ਦੀ ਭਰਪਾਈ ਨਹੀਂ ਹੋ ਸਕਦੀ।



ਉਨਾਂ ਕਿਹਾ ਕਿ ਇਸ ਘਟਨਾ ਲਈ ਜਿੰਮੇਵਾਰ ਮੁਲਾਜ਼ਮਾਂ ਨੂੰ ਨਿਯਮਾਂ ਤਹਿਤ ਵਧ ਤੋਂ ਵਧ 28 ਦਿਨਾਂ ਲਈ ਮੁਅੱਤਲ ਕੀਤਾ ਗਿਆ ਹੈ। ਉਨਾਂ ਇਹ ਵੀ ਕਿਹਾ ਕਿ ਘਟਨਾ ਦੀ ਮੁਕੰਮਲ ਜਾਂਚ ਹੋਣ ਤੋਂ ਪਹਿਲਾਂ ਮੁਅੱਤਲ ਮੁਲਾਜ਼ਮਾਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਜਾਂ ਜੁਰਮਾਨਾ ਲਾਉਣ ਬਾਰੇ ਉਹ ਕੁਝ ਨਹੀਂ ਕਹਿ ਸਕਦੇ। ਇਥੇ ਜ਼ਿਕਰਯੋਗ ਹੈ ਕਿ ਲੰਘੇ ਸੋਮਵਾਰ ਵੈਕਸੀਨ ਲਵਾਉਣੀ ਜਰੂਰੀ ਹੋ ਜਾਣ ਉਪਰੰਤ ਸਥਾਨਕ ਅੱਗ ਬੁਝਾਊ ਵਿਭਾਗ, ਪੁਲਿਸ ਵਿਭਾਗ ਤੇ ਹੋਰ ਕਈ ਵਿਭਾਗਾਂ ਦੇ ਮੁਲਾਜ਼ਮ ਛੁੱਟੀ ਉਪਰ ਚਲੇ ਗਏ ਹਨ ਜਿਸ ਕਾਰਨ ਵਿਭਾਗਾਂ ਨੂੰ ਮੁਲਾਜ਼ਮਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵੇਲੇ ਵੱਖ ਵੱਖ ਵਿਭਾਗਾਂ ਦੇ 9000 ਮੁਲਾਜ਼ਮ ਬਿਨਾਂ ਤਨਖਾਹ ਛੁੱਟੀ ਉਪਰ ਹਨ।

**92% ਮੁਲਾਜ਼ਮਾਂ ਦੇ ਵੈਕਸੀਨ ਲੱਗੀ**

ਨਿਊਯਾਰਕ ਦੇ ਮੇਅਰ ਬਿੱਲ ਡੀ ਬਲਾਸੀਓ ਨੇ ਕਿਹਾ ਹੈ ਕਿ ਮਿਊਂਸਪਿਲ ਵਰਕਫੋਰਸ ਵਿਚ ਸ਼ਾਮਿਲ 92% ਮੁਲਾਜ਼ਮਾਂ ਨੂੰ ਕੋਵਿਡ-19 ਤੋਂ ਬਚਾਅ ਲਈ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ। ਉਨਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ 2000 ਮੁਲਾਜ਼ਮਾਂ ਨੂੰ ਟੀਕੇ ਲਾਏ ਗਏ ਹਨ। ਮੇਅਰ ਨੇ ਦੱਸਿਆ ਕਿ ਕੁੱਲ ਮਿਊਂਸਪਿਲ ਮੁਲਾਜ਼ਮਾਂ ਵਿਚੋਂ 3% ਤੋਂ ਘੱਟ ਮੁਲਾਜ਼ਮ ਛੁੱਟੀ ਉਪਰ ਹਨ ਜਦ ਕਿ 12000 ਮੁਲਾਜ਼ਮਾਂ ਨੇ ਧਾਰਮਿਕ ਤੇ ਡਾਕਟਰੀ ਆਧਾਰ ਉਪਰ ਛੁੱਟੀ ਮੰਗੀ ਹੈ। ਇਹ ਮੁਲਾਜ਼ਮ ਛੁੱਟੀ ਸਬੰਧੀ ਫੈਸਲਾ ਹੋਣ ਤੱਕ ਕੰਮ ਉਪਰ ਰਹਿਣਗੇ। ਮੇਅਰ ਨੇ ਕਿਹਾ ਕਿ ਅੱਗ ਬੁਝਾਊ ਵਿਭਾਗ, ਪੁਲਿਸ ਤੇ ਸਾਫ-ਸਫਾਈ ਵਿਭਾਗ ਵਿਚ ਮੁਲਾਜ਼ਮਾਂ ਦੇ ਛੁੱਟੀ ਉਪਰ ਚਲੇ ਜਾਣ ਕਾਰਨ ਕੰਮ ਪ੍ਰਭਾਵਿਤ ਨਹੀਂ ਹੋਇਆ ਹੈ।

# ਨਿਊਜ਼ੀਲੈਂਡ 'ਚ ਪੱਕੇ ਹੋਣ ਵਾਲਿਆਂ ਲਈ ਫੀਸ ਹੋਵੇਗੀ 2160 ਡਾਲਰ-ਲੋਕ ਕਾਗਜ਼ਾਂ ਦੀ ਤਿਆਰੀ 'ਚ

**ਔਕਲੈਂਡ 29 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਸਰਕਾਰ ਵੱਲੋਂ ਅਗਲੇ ਸਾਲ ਦੇ ਅੰਤ ਤੱਕ ਲਗਪਗ 165,000 ਹਜ਼ਾਰ ਲੋਕਾਂ ਨੂੰ ਨਿਰਧਾਰਤ ਯੋਗਤਾ ਦੇ ਅਧਾਰ ਉਤੇ ਰੈਜੀਡੈਂਸੀ ਦਿੱਤੀ ਜਾਣੀ ਹੈ। ਇਮੀਗ੍ਰੇਸ਼ਨ ਵਿਭਾਗ ਨੇ ਦਫ਼ਤਰੀ ਕੰਮ ਦਾ ਸਾਰਾ ਅੰਦਰੂਨੀ ਸਿਸਟਮ ਅੱਪਡੇਟ ਕਰਦਿਆਂ ਤਿਆਰੀ ਖਿੱਚ ਲਈ ਲਗਦੀ ਹੈ। ਅੱਜ ਜਾਰੀ ਅੱਪਡੇਟ ਦੇ ਵਿਚ ਦੱਸ ਦਿੱਤਾ ਗਿਆ ਹੈ ਕਿ '2021 ਰੈਜੀਡੈਂਸ ਵੀਜ਼ਾ' ਸ਼੍ਰੇਣੀ ਵਾਸਤੇ 2160 ਡਾਲਰ ਫੀਸ ਲਈ ਜਾਵੇਗੀ। ਇਸਦੇ ਵਿਚ 1330 ਡਾਲਰ ਅਰਜ਼ੀ ਫੀਸ ਹੈ ਅਤੇ 830 ਡਾਲਰ ਇਮੀਗ੍ਰੇਸ਼ਨ ਲੈਵੀ (ਬਾਰਡਰ ਪ੍ਰੋਸੈਸਿੰਗ, ਕੰਪਲਾਇੰਸ ਅਤੇ ਹੋਰ ਖਰਚੇ) ਹੈ। ਅਰਜ਼ੀਆਂ ਲੈਣ ਦਾ ਪਹਿਲਾ ਗੇੜ ਜੋ ਕਿ 1 ਦਸੰਬਰ 2021 ਤੋਂ ਸ਼ੁਰੂ ਹੋ ਰਿਹਾ ਹੈ, ਦੇ ਵਿਚ 'ਸਕਿੱਲਡ ਮਾਈਗ੍ਰਾਂਟ' ਅਤੇ 'ਰੈਜ਼ੀਡੈਂਸ ਫਰਾਮ ਵਰਕ' ਵਾਲੇ ਲਏ ਜਾ ਰਹੇ ਹਨ ਜਿਨ੍ਹਾਂ ਨੇ 29 ਸਤੰਬਰ 2021 ਤੋਂ ਪਹਿਲਾਂ ਰੈਜ਼ੀਡੈਂਸੀ ਲਈ ਅਰਜੀਆਂ ਦਿੱਤੀਆਂ ਹੋਈਆਂ ਹਨ। ਜਾਂ ਫਿਰ ਜਿਨ੍ਹਾਂ ਨੇ 'ਸਕਿਲਡ ਮਾਈਗ੍ਰਾਂਟ ਕੈਟਾਗਿਰੀ' ਅਧੀਨ 'ਐਕਸਪ੍ਰੈਸਨ ਆਫ ਇੰਟਰਸਟ' ਭਰਿਆ ਹੋਇਆ ਹੋਵੇ ਅਤੇ ਜਿਸ ਦੇ ਵਿਚ ਮਾਪਿਆਂ ਦੇ ਅਧਾਰਿਤ ਬੱਚੇ 29 ਸਤੰਬਰ ਨੂੰ 17 ਸਾਲ ਜਾਂ ਉਸ ਤੋਂ ਉਪਰ ਦੇ ਹੋਏ ਹੋਣ। ਜਿਹੜੀ ਫੀਸ ਪਹਿਲਾਂ




ਭਰੀ ਗਈ ਹੈ, ਉਸਨੂੰ ਹਿਸਾਬ-ਕਿਤਾਬ ਵਿਚ ਲੈ ਕੇ ਵਾਧਾ-ਘਾਟਾ ਫਰਕ ਹੀ ਲਿਆ ਜਾਵੇਗਾ। ਅਰਜ਼ੀ ਮੰਜ਼ੂਰ ਹੋਣ ਉਤੇ ਹੀ ਹੁਣ ਫੀਸ ਭਰਨੀ ਹੋਏਗੀ, ਅੱਪਫਰੰਟ ਵਾਲਾ ਕੰਮ ਖਤਮ ਕਰ ਦਿੱਤਾ ਗਿਆ ਹੈ। ਜਿਨ੍ਹਾਂ ਨੇ ਸਕਿੱਲਡ ਮਾਈਗ੍ਰਾਂਟ ਵਾਲੀ ਅਰਜ਼ੀ ਵਾਪਿਸ ਲੈ ਲਈ ਹੈ ਉਨ੍ਹਾਂ ਨੂੰ ਪੈਸੇ ਵਾਪਿਸ ਹੋ ਜਾਣਗੇ ਅਤੇ ਉਹ ਨਵੀਂ ਫੀਸ ਪੂਰੀ ਭਰ ਸਕਣਗੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਖਰਚਾ ਜਿਆਦਾ ਆਵੇਗਾ ਕਿਉਂਕਿ ਇਮੀਗ੍ਰੇਸ਼ਨ ਸਟਾਫ ਨੂੰ ਦੋਹਾਂ ਦੀ ਪ੍ਰੋਸੈਸਿੰਗ ਵੇਖਣੀ ਹੋਏਗੀ। ਵੀਜ਼ਾ ਅਰਜ਼ੀਆਂ 12 ਮਹੀਨਿਆਂ ਦੇ ਵਿਚ ਪਰਖੀਆਂ ਜਾਣਗੀਆਂ ਤੇ ਫੈਸਲੇ ਆਉਣਗੇ। ਜੇਕਰ ਕਿਸੀ ਦੀ ਅਰਜ਼ੀ ਰੱਦ ਹੋ ਜਾਂਦੀ ਹੈ ਤਾਂ ਉਸ ਕੋਲ ਅੱਗੇ ਅਪੀਲ ਕਰਨ ਵਾਸਤੇ ਰੈਜੀਡੈਂਸ ਵੀਜ਼ਾ ਅਰਜ਼ੀ ਵਾਲੇ ਹੱਕ ਬਣੇ ਰਹਿਣਗੇ। ਜੋ ਰੈਜੀਡੈਂਸ ਵੀਜ਼ੇ ਦੇ ਯੋਗ ਨਹੀਂ ਹਨ ਉਹ ਅਗਲੇ ਵਰਕ ਵੀਜ਼ੇ ਵਾਸਤੇ ਯੋਗ ਰਹਿਣਗੇ। ਬਾਕੀ ਦੁਰਲੱਭ ਕਾਮਿਆਂ ਵਾਲੀਆਂ ਸ਼੍ਰੇਣੀਆਂ ਆਉਂਦੇ ਲੋਕਾਂ ਨੂੰ 01 ਮਾਰਚ 2022 ਤੱਕ ਆਪਣੀਆਂ ਅਰਜ਼ੀਆਂ ਲਾਉਣ ਦੀ ਉਡੀਕ ਕਰਨੀ ਹੋਏਗੀ।

31 ਜੁਲਾਈ 2022 ਅਰਜ਼ੀਆਂ ਲੈਣ ਦੀ ਆਖਰੀ ਮਿਤੀ ਹੋਵੇਗੀ। ਸਾਰੀਆਂ ਅਰਜ਼ੀਆਂ ਆਨ ਲਾਈਨ ਹੀ ਲਈਆਂ ਜਾਣਗੀਆਂ। ਯੋਗ ਉਮੀਦਵਾਰਾਂ ਨੂੰ ਇਕ-ਦੋ ਦਿਨਾਂ ਤੱਕ ਈਮੇਲਾਂ ਆ ਜਾਣਗੀਆਂ।

'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA' (LUKE 9:2)

THE SAVIOR'S CHURCH

HINDI, PUNJABI, URDU

You are invited to be our guest

Sunday Service

12:00 PM

913 FLOYD AVE. MODESTO, CA 95350

FOR FURTHER INFORMATION CONTACT: +1 (209) 300-9483

ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।

209 687 6548, 209 300 9483

ਸਾਡੀ ਵੈਬ ਸਾਈਟ www.thesaviorschurch.net

A & S

Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Services





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 14 ਨਵੰਬਰ ਨੂੰ ਮਨਾਇਆ ਜਾਵੇਗਾ



ਵਲੇਹੋ ਅਤੇ ਬੇ ਏਰੀਆ ਦੀ ਸੰਗਤ ਵਲੋ ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 14 ਨਵੰਬਰ 2021 ਦਿਨ ਐਤਵਾਰ ਨੂੰ ਵਲੈਹੋ 1461 N Camino Alto Vallejo CA 94589 ਵਿਖੇ ਮਨਾਇਆ ਜਾ ਰਿਹਾ ਹੈ ਆਪ ਸਭ ਨੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਤੁਹਾਡਾ ਧੰਨਵਾਦ ਜੀ।

ਧੰਨਵਾਦ ਸਹਿਤ<br>
ਬੇ ਏਰੀਆ ਸੰਗਤ

707-704-5216 (sodhi Nahar )<br>
707-704-3869 (Kewal Singh Sidhu)<br>
916-873-0311 (Gurpal Singh)<br>
916-613-3311 (Bhupinder Bhinda )<br>
408-394-6729 (Baljiwan Das)

# ਅਮਰੀਕਾ 'ਚ 1998 'ਚ ਗਾਇਬ ਹੋਈ ਕਾਰ ਮਹਿਲਾ ਦੇ ਅਵਸ਼ੇਸ਼ਾਂ ਸਮੇਤ ਬਰਾਮਦ ਹੋਈ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਅਰਕਾਨਸਾਸ ਵਿੱਚ ਅਧਿਕਾਰੀਆਂ ਨੇਡੂੰਘੇ ਪਾਣੀ ਵਿੱਚੋਂ ਇੱਕ ਕਾਰ ਬਰਾਮਦ ਕੀਤੀ ਹੈ। ਇਹ ਇੱਕ ਔਰਤ ਦੇ ਵਰਣਨ ਨਾਲ ਮੇਲ ਖਾਂਦੀ ਹੈ ਜੋ 20 ਸਾਲ ਪਹਿਲਾਂ ਆਪਣੀ ਧੀ ਨਾਲ ਕਾਰ ਸਮੇਤ ਲਾਪਤਾ ਹੋ ਗਈ ਸੀ। ਇਸ ਮਾਮਲੇ ਬਾਰੇ ਪੋਪ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਇਹ ਕਾਰ ਮੰਗਲਵਾਰ ਨੂੰ ਕਰੀਬ 8 ਫੁੱਟ ਪਾਣੀ ਵਿੱਚੋਂ ਬਾਹਰ ਕੱਢੀ ਗਈ। ਅਧਿਕਾਰੀਆਂ ਅਨੁਸਾਰ ਜਾਂਚਕਰਤਾਵਾਂ ਨੂੰ ਕਾਰ ਦੇ ਅੰਦਰ ਮਨੁੱਖੀ ਅਵਸ਼ੇਸ਼ ਵੀ ਮਿਲੇ ਹਨ। ਪੁਲਿਸ ਦੇ ਅਨੁਸਾਰ, ਵਾਹਨ ਦਾ ਵੇਰਵਾ ਸਮੰਥਾ ਜੀਨ ਹੋਪਰ ਦੀ ਕਾਰ ਨਾਲ ਮੇਲ ਖਾਂਦਾ ਹੈ, ਜੋ ਕਿ 11 ਸਤੰਬਰ 1998 ਨੂੰ ਉਸਦੀ ਧੀ, ਕੋਰਟਨੀ ਸਮੇਤ ਲਾਪਤਾ ਹੋ ਗਈ ਸੀ। ਹੋਪਰ ਲਈ ਬਣਾਏ ਗਏ ਮੈਮੋਰੀਅਲ ਫੰਡ ਦੇ ਅਨੁਸਾਰ, ਲਾਪਤਾ ਹੋਣ ਵੇਲੇ ਉਹ 9 ਮਹੀਨਿਆਂ ਦੀ ਗਰਭਵਤੀ ਸੀ ਅਤੇ ਉਸਦੀ ਧੀ 22 ਮਹੀਨਿਆਂ ਦੀ ਸੀ। ਪੁਲਿਸ ਅਨੁਸਾਰ ਉਸ ਵੇਲੇ ਸਮੰਥਾ ਆਪਣੀ ਧੀ, ਕੋਰਟਨੀ ਹੋਲਟ ਨਾਲ ਯਾਤਰਾ ਕਰ ਰਹੀ ਸੀ ਤੇ ਉਸ ਤੋਂ ਬਾਅਦ ਸਮੰਥਾ, ਉਸਦੀ ਧੀ, ਅਤੇ ਨੀਲੀ ਫੋਰਡ ਕਾਰ ਕਦੇ ਵੀ ਬਰਾਮਦ ਨਹੀਂ ਹੋਏ। ਅਧਿਕਾਰੀਆਂ ਅਨੁਸਾਰ ਇਸ ਵਾਹਨ ਨੂੰ 'ਐਡਵੈਂਚਰ ਵਿਦ ਪਰਪਜ਼' ਨਾਮ ਇੱਕ ਸਮੂਹ ਦੁਆਰਾ ਲੱਭਿਆ ਗਿਆ। ਇਸ ਮਾਮਲੇ ਦੀ ਅਗਲੀ ਕਾਰਵਾਈ ਵਿੱਚ ਕਾਰ ਵਿੱਚੋਂ ਮਿਲੇ ਅਵਸ਼ੇਸ਼ਾਂ ਨੂੰ ਪਛਾਣ ਲਈ ਅਰਕਨਸਾਸ ਸਟੇਟ ਕ੍ਰਾਈਮ ਲੈਬ ਵਿੱਚ ਭੇਜਿਆ ਜਾਵੇਗਾ।



# ਲੰਮੇ ਅਰਸੇ ਬਾਅਦ ਓਕਲਾਹੋਮਾ ਨੇ ਕੈਦੀ ਨੂੰ ਜਹਿਰੀਲਾ ਟੀਕਾ ਲਗਾ ਕੇ ਦਿੱਤੀ ਮੌਤ ਦੀ ਸਜਾ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸਟੇਟ ਓਕਲਾਹੋਮਾ ਨੇ ਵੀਰਵਾਰ ਨੂੰ ਫਾਂਸੀ 'ਤੇ ਲੱਗੀ ਛੇ ਸਾਲਾਂ ਦੀ ਰੋਕ ਨੂੰ ਖਤਮ ਕਰਕੇ ਇੱਕ ਕੈਦੀ ਨੂੰ ਜਹਿਰੀਲਾ ਟੀਕਾ ਲਗਾ ਕੇ ਮੌਤ ਦੀ ਸਜਾ ਦਿੱਤੀ ਹੈ। ਇਸ ਕੈਦੀ ਜੌਹਨ ਮੈਰੀਅਨ ਗ੍ਰਾਂਟ (60) ਦੀ ਮੌਤ ਜਹਿਰੀਲਾ ਟੀਕਾ ਲੱਗਣ ਤੋਂ ਬਾਅਦ ਹੋ ਗਈ। ਗ੍ਰਾਂਟ ਨੂੰ 13 ਨਵੰਬਰ 1998 ਨੂੰ ਜੇਲ੍ਹ ਗਾਰਡ ਗੇ ਕਾਰਟਰ ਦੀ ਹੱਤਿਆ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਵੇਲੇ ਗ੍ਰਾਂਟ ਡਕੈਤੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਦੋਸ਼ਾਂ ਲਈ ਸਜ਼ਾ ਭੁਗਤ ਰਹੇ ਸੀ। ਰਿਪੋਰਟਾਂ ਅਨੁਸਾਰ, ਗ੍ਰਾਂਟ ਨੇ ਟੀਕੇ ਲਗਾਏ ਜਾਣ ਤੋਂ ਤੁਰੰਤ ਬਾਅਦ ਉਲਟੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦਕਿ ਗ੍ਰਾਂਟ ਨੇ ਕਈ ਮਿੰਟਾਂ ਤੱਕ ਸਾਹ ਲੈਣਾ ਜਾਰੀ ਰੱਖਿਆ। ਸ਼ਾਮ 4:15 ਵਜੇ ਟੀਮ ਦੁਆਰਾ ਉਸਨੂੰ ਬੇਹੋਸ਼ ਘੋਸ਼ਿਤ ਕੀਤਾ ਗਿਆ ਅਤੇ ਸੁਧਾਰ ਵਿਭਾਗ ਨੇ 4:21 ਵਜੇ ਦੇ ਕਰੀਬ ਉਸਨੂੰ ਮ੍ਰਿਤਕ ਘੋਸ਼ਿਤ ਕੀਤਾ। ਅਟਾਰਨੀ ਸਾਰਾਹ ਜੇਰਨੀਗਨ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਕਿ ਜਾਨ ਗ੍ਰਾਂਟ ਨੇ ਗੇ ਕਾਰਟਰ ਦੇ ਕਤਲ ਦੀ ਪੂਰੀ ਜ਼ਿੰਮੇਵਾਰੀ ਲਈ ਹੈ ਪਰ ਗ੍ਰਾਂਟ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਅਪਰਾਧ ਅਤੇ ਗ੍ਰਾਂਟ ਦੇ ਪਰੇਸ਼ਾਨ ਬਚਪਨ ਬਾਰੇ ਮੁੱਖ ਤੱਥ ਕਦੇ ਵੀ ਜਿਊਰੀ ਨੂੰ ਪੇਸ਼ ਨਹੀਂ ਕੀਤੇ ਗਏ ਸਨ। ਸਟੇਟ ਦੇ ਮਾਫੀ ਅਤੇ ਪੈਰੋਲ ਬੋਰਡ ਨੇ ਦੋ ਵਾਰ ਮਾਫੀ ਲਈ ਗ੍ਰਾਂਟ ਦੀ ਬੇਨਤੀ ਨੂੰ ਅਸਵੀਕਾਰ ਕੀਤਾ, ਜਿਸ ਵਿੱਚ ਇਸ ਮਹੀਨੇ ਇੱਕ 3-2 ਵੋਟ ਸ਼ਾਮਲ ਹੈ।



ਸਰਦਾਰ ਹਰਮੀਤ ਸਿੰਘ (ਰਾਜਨ ਮੱਕੜ) ਰਾਮਾ ਮੰਡੀ ਜਲੰਧਰ ਵਿਖੇ ਉਨ੍ਹਾਂ ਦੀ ਦੁਕਾਨ ਤੇ ਰਾਜੇਸ਼ ਬਾਘਾ ਜਰਨਲ ਸਕੱਤਰ ਭਾਜਪਾ ਪੰਜਾਬ ਉਨਾਂ ਦੇ ਨਾਲ ਸ਼ੁਗਲੀ ਅਤੇ ਜੁਗਲੀ ਟੀ ਵੀ ਕਲਾਕਾਰ ਜੀ ਨਾਲ ਚਾਹ ਤੇ ਸਮਾਜਿਕ ਮੁੱਦਿਆਂ ਤੇ ਚਰਚਾ ਕਰਦੇ ਹੋਏ।


AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544



Harmandeep Singh



L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Loose Fabrics, Groceries, Blankets, Vegetables

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।







Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

# ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਵੱਲੋਂ ਸੋਇਆਬੀਨ ਦੀ ਸਫ਼ਲ ਕਾਸ਼ਤ ਬਾਬਤ ਖੇਤ ਦਿਵਸ ਦਾ ਆਯੋਜਨ


















ਕਿਸਾਨਾਂ ਨੂੰ ਸੋਇਆਬੀਨ ਦੀ ਸਫਲ ਕਾਸ਼ਤ ਸੰਬੰਧੀ ਜੋਰ ਦੇਣ ਲਈ ਅਤੇ ਖੇਤੀ ਪ੍ਰਦਰਸ਼ਨੀਆਂ ਦੀਆਂ ਕਾਰਗੁਜਾਰੀ ਦਰਸ਼ਾਉਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਜਿਲਾ ਪੱਧਰੀ ਪਸਾਰ ਅਦਾਰੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਬੀਤੇ ਦਿਨੀਂ ਪਿੰਡ ਰਾਮਪੁਰ ਸੈਣੀਆਂ ਵਿਖੇ ਖੇਤ ਦਿਵਸ ਦਾ ਆਯੋਜਨ ਕੀਤਾ।

ਖੇਤ ਦਿਵਸ ਵਿੱਚ ਮਾਹਿਰਾਂ ਵੱਲੋਂ ਵੱਖ-ਵੱਖ ਤਕਨੀਕੀ ਲੈਕਚਰ ਸਾਂਝੇ ਕੀਤੇ ਗਏ।ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਦਾਲਾਂ ਸੈਕਸ਼ਨ ਤੋਂ ਪ੍ਰਮੁੱਖ ਬਰੀਡਰ (ਦਾਲਾਂ), ਡਾ. ਬਲਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਇਹ ਖੇਤ ਦਿਵਸ, ਸੋਇਆਬੀਨ ਦੀ ਸੁਧਰੀ ਕਿਸਮ, ਐਸ. ਐਲ. 958 (ਸ਼ਲ 958) ਦੀ ਕਾਸ਼ਤ ਬਾਬਤ ਆਯੋਜਿਤ ਕੀਤਾ ਜਾ ਰਿਹਾ ਹੈ। ਉਹਨਾ ਨੇ ਇਸ ਗੱਲ ਤੇ ਚਾਨਣਾ ਪਾਇਆ ਕਿ ਖੁਰਾਕ ਅਤੇ ਸਨਅਤ ਵਿੱਚ ਸੋਇਆਬੀਨ ਦੀ ਕਈ ਤਰ੍ਹਾਂ ਨਾਲ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਕਿ ਖਾਣ ਵਾਲਾ ਤੇਲ, ਸੋਇਆ ਦੁੱਧ ਅਤੇ ਇਸ ਤੋਂ ਬਣਨ ਵਾਲੀਆਂ ਚੀਜ਼ਾਂ, ਬੇਕਰੀ ਦੀਆਂ ਚੀਜ਼ਾਂ, ਦਵਾਈਆਂ ਵਿੱਚ ਅਤੇ ਤਾਜ਼ੀ ਹਰੀ ਸੋਇਆਬੀਨ। ਡਾ. ਗਿੱਲ ਨੇ ਕਿਹਾ ਕਿ ਸੋਇਆਬੀਨ ਦੀ ਇਹ ਕਿਸਮ, ਐਸ. ਐਲ. 958 ਦੇ ਦਾਣਿਆਂ ਵਿੱਚ 41.7% ਪ੍ਰੋਟੀਨ ਅਤੇ 20.2% ਤੇਲ ਹੁੰਦਾ ਹੈ ਅਤੇ ਇਹ ਕਿਸਮ ਵਿਸ਼ਾਣੂੰ ਰੋਗਾਂ ਤੋਂ ਰਹਿਤ ਹੈ। ਇਹ ਪੱਕਣ ਲਈ ਤਕਰੀਬਨ 142 ਦਿਨ ਲੈਂਦੀ ਹੈ ਅਤੇ ਇਸ ਕਿਸਮ ਦਾ ਔਸਤ ਝਾੜ ਤਕਰੀਬਨ 7.3 ਕੁਇੰਟਲ ਪ੍ਰਤੀ ਏਕੜ ਹੈ। ਡਾ. ਗਿੱਲ ਨੇ ਇਲਾਕੇ ਦੇ ਕਿਸਾਨਾਂ ਦੀ ਸ਼ਲਾਘਾ ਕੀਤੀ, ਜੋਕਿ ਪਿਛਲੇ ਕਈ ਸਾਲਾਂ ਤੋਂ ਸੋਇਆਬੀਨ ਦੀ ਫਸਲ ਦੀ ਸਫਲ ਕਾਸ਼ਤ ਕਰ ਰਹੇ ਹਨ ਤੇ ਫਸਲੀ ਵਿਭਿੰਨਤਾ ਵਿੱਚ ਅਹਿਮ ਰੋਲ ਅਦਾ ਕਰ ਰਹੇ ਹਨ। ਡਾ. ਮਨਿੰਦਰ ਸਿੰਘ ਬੌਂਸ, ਡਿਪਟੀ ਡਾਇਰੈਕਟਰ, ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਨੇ ਕਿਰਸਾਨੀ ਪ੍ਰਤੀ ਕ੍ਰਿਸ਼ੀ ਵਿਗਿਆਨ ਕੇਂਦਰ ਦੀਆਂ ਸੇਵਾਵਾਂ ਬਾਰੇ ਚਾਨਣਾ ਪਾਇਆ।ਉਹਨਾਂ ਨੇ ਸੋਇਆਬੀਨ ਦੀਆਂ ਫਸਲ ਪ੍ਰਦਰਸ਼ਨੀਆਂ ਦੇ ਮਨੋਰਥ ਬਾਰੇ ਦੱਸਿਆ ਅਤੇ ਯੂਨੀਵਰਸਿਟੀ ਵੱਲੋਂ ਸੋਇਆਬੀਨ ਦੀ ਕਾਸ਼ਤ ਨੂੰ ਹੋਰ ਪ੍ਰਫੁੱਲਿਤ ਕਰਣ ਬਾਰੇ ਕੀਤੀਆ ਜਾ ਰਹੀਆਂ ਖੋਜਾਂ ਤੇ ਕੋਸ਼ਿਸ਼ਾਂ ਬਾਰੇ ਵੀ ਚਾਨਣਾ ਪਾਇਆ।




ਡਾ. ਬੌਂਸ ਨੇ ਦੱਸਿਆ ਕਿ ਦਾਲਾ ਸੈਕਸ਼ਨ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀ ਮਦਦ ਨਾਲ ਇਹ ਪ੍ਰਦਰਸ਼ਨੀਆਂ ਲਗਾਈਆਂ ਜਾ ਰਹੀਆਂ ਹਨ ਅਤੇ ਇਸ ਸਾਲ ਲੱਗ-ਭੱਗ 500 ਏਕੜ ਉੱਤੇ ਰਾਮਪੁਰ, ਝੰਜੋਵਾਲ, ਆਲਮਵਾਲ, ਹੱਲੂਵਾਲ, ਜੰਡਿਆਲਾ, ਆਦਿ, ਪਿੰਡਾਂ ਵਿੱਚ ਕਿਸਾਨਾਂ ਵੱਲੋਂ ਸੋਇਆਬੀਨ ਦੀ ਇਸ ਫਸਲ ਦੀ ਕਾਸ਼ਤ ਕੀਤੀ ਜਾ ਰਹੀ ਹੈ, ਜਿਸ ਉੱਤੇ ਬਹੁਤ ਘੱਟ ਪਾਣੀ ਅਤੇ ਕੀਟਨਾਸ਼ਕਾਂ ਦੀ ਵਰਤੋਂ ਹੁੰਦੀ ਹੈ ਅਤੇ ਜੰਗਲੀ ਜਾਨਵਰ ਵੀ ਇਸ ਦਾ ਨਾਮਤਰ ਨੁਕਸਾਨ ਕਰਦੇ ਹਨ।ਡਾ.ਬੌਂਸ ਨੇ ਕਿਹਾ ਕਿ ਇਸ ਸਾਲ ਵੱਖ-ਵੱਖ ਪਿੰਡਾਂ ਵਿੱਚ ਸੋਇਆਬੀਨ ਦੀਆਂ 20 ਪ੍ਰਦਰਸ਼-ਨੀਆਂ ਲਗਾਈਆਂ ਗਈਆਂ ਹਨ ਅਤੇ ਇਸ ਫਸਲ ਦੀ ਕਾਸ਼ਤ ਨੂੰ ਹੋਰ ਪ੍ਰਫੁਲਿੱਤ ਕਰਨ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਫਾਰਮ ਤੇ ਸੋਇਆਬੀਨ ਦਾ ਬੀਜ ਵੀ ਤਿਆਰ ਕੀਤਾ ਜਾ ਰਿਹਾ ਹੈ। ਡਾ. ਬੌਂਸ ਨੇ ਇਸ ਮੌਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਨਾ ਸਾੜਣ ਬਾਰੇ ਵੀ ਜੋਰ ਦਿੱਤਾ ਅਤੇ ਝੋਨੇ ਦੀ ਪਰਾਲੀ ਸੰਭਾਲਣ ਦੇ ਵੱਖ-ਵੱਖ ਤਰੀਕਿਆਂ ਬਾਰੇ ਵੀ ਜਾਗਰੂਕ ਕੀਤਾ।

ਡਾ: ਗੁਰਪ੍ਰਤਾਪ ਸਿੰਘ, ਸਹਿਯੋਗੀ ਪ੍ਰੋਫੈਸਰ (ਫਸਲ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ ਨੇ ਕਿਸਾਨਾਂ ਨੂੰ ਕਣਕ ਦੀ ਕਾਸ਼ਤ, ਖਾਸ ਕਰਕੇ ਨਵੀਆਂ ਅਤੇ ਉੱਨਤ ਕਿਸਮਾਂ, ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਜੀਵਾਣੂ ਖਾਦਾਂ ਦੀ ਵਰਤੋਂ ਬਾਰੇ ਜਾਗਰੁਕ ਕੀਤਾ।

ਡਾ. ਹਰਪ੍ਰੀਤ ਕੌਰ, ਸੀਨੀਅਰ ਫਸਲ ਵਿਗਿਆਨੀ (ਦਾਲਾਂ), ਦਾਲਾਂ ਸੈਕਸ਼ਨ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਸੋਇਆਬੀਨ, ਛੋਲੇ ਅਤੇ ਮਸਰ ਦੀ ਸਫਲ ਕਾਸ਼ਤ ਦੇ ਢੰਗ, ਕਿਸਮਾਂ ਦੀ ਚੋਣ, ਖਾਦਾਂ ਦੀ ਵਰਤੋਂ ਅਤੇ ਨਦੀਨਾਂ ਦੀ ਰੋਕਥਾਮ ਬਾਰੇ ਦੱਸਿਆ।

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਪਸ਼ੂ ਵਿਗਿਆਨ ਦੇ ਮਾਹਿਰ, ਡਾ.ਕੰਵਰਪਾਲ ਸਿੰਘ ਢਿੱਲੋਂ ਨੇ ਪਰਾਲੀ ਦੀ ਪਸ਼ੂ ਖੁਰਾਕ ਵਜੋਂ ਵਰਤੋਂ ਅਤੇ ਪਸ਼ੂਆਂ ਦੀ ਮੌਸਮੀ ਸਾਂਭ-ਸੰਭਾਲ ਬਾਰੇ ਜਾਣਕਾਰੀ ਸਾਂਝੀ ਕੀਤੀ।

ਸ਼੍ਰੀਮਤੀ ਸੁਨੀਤਾ, ਪ੍ਰੋਗਰਾਮ ਸਹਾਇਕ, ਕ੍ਰਿਸ਼ੀ ਵਿਗਿਆਨ ਕੇਂਦਰ, ਵੱਲੋਂ ਮਿੱਟੀ ਪਰਖ ਦੀ ਮਹੱਤਤਾ ਤੇ ਮਿੱਟੀ ਤੇ ਪਾਣੀ ਪਰਖ ਲਈ ਨਮੂਨੇ ਲੈਣ ਦੀ ਵਿਧੀ ਬਾਰੇ ਦੱਸਿਆ ਗਿਆ। ਖੇਤ ਦਿਵਸ ਵਿੱਚ ਇਲਾਕੇ ਦੇ ਅਗਾਂਹਵਧੂ ਸੋਇਆਬੀਨ ਉਤਪਾਦਕ, ਸ਼੍ਰੀ ਮਨਪ੍ਰੀਤ ਸਿੰਘ, ਪਿੰਡ ਆਲਮਵਾਲ, ਸ਼੍ਰੀ ਕਸ਼ਮੀਰਾ ਸਿੰਘ, ਸ਼੍ਰੀ ਜਰਨੈਲ ਸਿੰਘ, ਸ਼੍ਰੀ ਦਿਲਬਾਗ ਸਿੰਘ, ਸ਼੍ਰੀ ਰਵਿੰਦਰ ਸਿੰਘ, ਸ਼੍ਰੀ ਹਰੀ ਸਿੰਘ, ਪਿੰਡ ਰਾਮਪੁਰ ਸੈਣੀਆਂ, ਸ਼੍ਰੀ ਸੰਤ ਸਿੰਘ, ਸ਼੍ਰੀ ਭੁਪਿੰਦਰ ਸਿੰਘ ਅਤੇ ਸ਼੍ਰੀ ਸੁਖਦੇਵ ਸਿੰਘ, ਪਿੰਡ ਹੱਲੂਵਾਲ ਨੇ ਸ਼ਮੂਲੀਅਤ ਕੀਤੀ ਅਤੇ ਮਾਹਿਰਾਂ ਨਾਲ ਆਪਣੇ ਸ਼ੰਕਿਆਂ ਬਾਰੇ ਵਿਚਾਰ ਚਰਚਾ ਵੀ ਕੀਤੀ।ਇਹਨਾਂ ਤੋਂ ਇਲਾਵਾ ਇਸ ਖੇਤ ਦਿਵਸ ਵਿੱਚ ਪਿੰਡ ਰਾਮਪੁਰ ਸੈਣੀਆਂ ਤੋਂ ਸ਼੍ਰੀ ਜਸਵਿੰਦਰ ਸਿੰਘ, ਸ਼੍ਰੀ ਡੋਗਰ ਸਿੰਘ, ਸ਼੍ਰੀ ਤਰਨਜੀਤ ਸਿੰਘ, ਸ਼੍ਰੀ ਬਲਵੀਰ ਸਿੰਘ, ਸ਼੍ਰੀ ਮਨਦੀਪ ਸਿੰਘ, ਸ਼੍ਰੀ ਸਤਪਾਲ ਸਿੰਘ, ਸ਼੍ਰੀ ਅਮਰਪ੍ਰੀਤ ਸਿੰਘ ਅਤੇ ਸ਼੍ਰੀ ਚੰਨਣ ਸਿੰਘ ਨੇ ਹਿੱਸਾ ਲਿਆ।

ਹਾਜਿਰ ਕਿਸਾਨਾਂ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਬਾਬਤ ਸਿਫਾਰਿਸ਼ਾਂ ਲਈ ਕਿਤਾਬ, ਸਰਦੀ ਦੀਆਂ ਸਬਜੀਆ ਲਈ ਬੀਜ ਕਿੱਟ, ਕਣਕ ਲਈ ਜੀਵਾਣੂ ਖਾਦ ਦਾ ਟੀਕਾ ਅਤੇ ਪਰਾਲੀ ਪ੍ਰਬੰਧਨ ਸਬੰਧੀ ਤਕਨੀਕਾਂ ਬਾਰੇ ਖੇਤੀ ਸਾਹਿੱਤ ਉਪਲਬਧ ਕਰਵਾਏ ਗਏ।

# ਯਾਦਗਾਰੀ ਹੋ ਨਿਬੜ੍ਹਿਆ ਨਵਜੋਤ ਸਾਹਿਤ ਸੰਸਥਾ ਦਾ ਸਮਾਗਮ

**ਬੰਗਾ–** ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਵਲੋਂ ਕਰਵਾਏ ਸਾਹਿਤਕ ਸਮਾਗਮ ’ਚ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਦੀ ਭਰਪੂਰ ਛਹਿਬਰ ਲੱਗੀ। ਮੰਚ ’ਤੇ ਪੁੱਜੇ ਸੋਹਣ ਸਹਿਜਲ, ਮਨੋਜ਼ ਫ਼ਗਵਾੜ੍ਹਵੀ, ਜੋਗੇ ਭੰਗਲ, ਅਵਤਾਰ ਸਿੰਘ ਸੰਧੂ, ਐਸ ਐਸ ਆਜ਼ਾਦ, ਰਾਜ ਦਦਰਾਲ, ਪੱਪਲ ਸ਼ਾਹ, ਸੁੱਚਾ ਰਾਮ ਜਾਡਲਾ ਨੇ ਆਪਣੀਆਂ ਰਚਨਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ। ਇਸ ਮੌਕੇ ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਵਿਸ਼ੇਸ਼ ਤੌਰ ’ਤੇ ਰੂ-ਬ-ਰੂ ਹੋਏ। ਉਹਨਾਂ ਗ਼ਜ਼ਲ ਸ਼ੰਸਾਰ, ਸਾਹਿਤਕ ਸਫ਼ਰ ਅਤੇ ਉਕਤ ਸੰਸਥਾ ਦੇ ਇਤਿਹਾਸ ਆਦਿ ਕਈ ਪਹਿਲੂਆਂ ਤੋਂ ਸਰੋਤਿਆਂ ਨਾਲ ਸਾਂਝ ਪਾਈ। ਉਹਨਾਂ ਆਪਣੇ ਚੋਣਵੇਂ ਸ਼ੇਅਰ ਸਾਂਝੇ ਕਰਕੇ ਅਜੋਕੀਆਂ ਨਾਕਾਰਤਮਕ ਪ੍ਰਸਿਥਤੀਆਂ ’ਤੇ ਤੰਜ਼ ਵੀ ਕੱਸਿਆ। ਪ੍ਰਧਾਨਗੀ ਮੰਡਲ ’ਚ ਸ਼ਾਮਲ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ। ਸੰਧੂ



ਵਰਿਆਣਵੀ ਨੇ ਸਾਹਿਤ ਧਾਰਾ ਅਤੇ ਜ਼ਿੰਦਗੀ ਦੇ ਮਿਸ਼ਨ ਸਬੰਧੀ ਹਾਜ਼ਰੀਨ ਨੂੰ ਜਿੱਥੇ ਚੇਤਨਾ ਪ੍ਰਦਾਨ ਕੀਤੀ ਉੱਥੇ ਲੋਕਾਂ ਨੂੰ ਲੇਖਕ ਵਰਗ ਅਤੇ ਸਾਹਿਤਕ ਸੰਸਥਾਵਾਂ ਦੇ ਸਹਿਯੋਗ ਲਈ ਵੀ ਪ੍ਰੇਰਿਆ। ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ, ਸਮਾਜ ਸੇਵੀ ਜਸਵੰਤ ਕੁਮਾਰ ਸੋਨੂੰ ਅਤੇ ਸਰਪੰਚ ਭੁਪਿੰਦਰ ਕੁਮਾਰ ਰਾਜਾ ਦੀ ਅਗਵਾਈ ’ਚ ਸਨਮਾਨ ਰਸਮਾਂ ਨਿਭਾਈਆਂ ਗਈਆਂ। ਉਹਨਾਂ ਹਾਜ਼ਰ ਲੇਖਕ ਵਰਗ ਨੂੰ ਸਮਾਜ ਦਾ ਮਾਣ ਦੱਸਦਿਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰਬੰਧਕਾਂ ’ਚ ਸੁਰਜੀਤ ਮਜਾਰੀ,ਮੱਖਣ ਬਖਲੌਰ, ਪਿਆਰਾ ਲਾਲ ਬੰਗੜ੍ਹ, ਬਿੰਦਰ ਮੱਲ੍ਹਾਂ ਬੇਦੀਆਂ, ਦਵਿੰਦਰ ਸਕੋਹਪੁਰੀ, ਕਸ਼ਮੀਰੀ ਕੈਂਥ, ਚਮਨ ਮੱਲਪੁਰੀ, ਸੁਰਿੰਦਰ ਭਾਰਤੀ ਆਦਿ ਸ਼ਾਮਲ ਸਨ। **– ਸੁਰਜੀਤ ਮਜਾਰੀ**

# ਅਰਪਨ ਸੋਸਾਇਟੀ ਅਤੇ ਕਾਮਨਹੈਲਥ ਨੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ

ਅਰਪਨ ਸੋਸਾਇਟੀ ਅਤੇ ਕਾਮਨਹੈਲਥ ਵਲੋਂ ਨੰਗਲ ਇਲਾਕੇ ਵਿਚ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਬੰਧੀ ਵਾਰਡ ਨੰਬਰ 13 ਵਿਚ ਕਰਵਾਏ ਗਏ ਪ੍ਰੋਗਰਾਮ ਵਿੱਚ ਸਿਹਤ ਵਿਭਾਗ ਦੇ ਅਧਿਕਾਰੀ ਡਾਕਟਰ ਨਿਸ਼ਚਲ ਸ਼ਰਮਾ, ਮੈਡਮ ਅੰਜਨਾ ਸੀ ਐਚ ਓ, ਮਨਜੀਤ ਕੌਰ ਐਲ ਐਚ ਵੀ ਸੁਪਰਵਾਇਜ਼ਰ, ਗੁਰਵਿੰਦਰ ਸਿੰਘ ਐਸ ਆਈ, ਸੀਮਾ ਸ਼ਰਮਾ ਏ ਐਨ ਐਮ, ਕਮਲਜੀਤ ਕੌਰ ਏ ਐਨ ਐਮ, ਅਰਪਨ ਸੰਸਥਾ ਦੇ ਡਾਇਰੈਕਟਰ ਅਤੇ ਕਾਮਨਹੈਲਥ ਮੈਂਬਰ ਕੁਲਦੀਪ ਚੰਦ, ਹੈਲਥ ਵਰਕਰ ਰੀਤਿਕਾ, ਮੋਨਿਕਾ, ਰੁਪਾਲੀ, ਵਾਰਡ ਦੇ ਐਮ ਸੀ ਮੈਡਮ ਵੀਨਾ ਐਰੀ, ਆਦਿ ਵਿਸੇਸ ਤੋਰ ਤੇ ਪਹੁੰਚੇ ਅਤੇ ਹਾਜਰ ਮਹਿਲਾਵਾਂ ਅਤੇ ਲੜਕੀਆਂ ਨੂੰ ਮਹਿਲਾਵਾਂ ਦੇ ਰਿਪ੍ਰੋਡਕਟਿਵ ਸਿਹਤ ਸਬੰਧੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮਹਿਲਾਵਾਂ ਦੀਆਂ ਰੀਪ੍ਰੋਡਕਟਿਵ ਸਿਹਤ ਸਮੱਸਿਆਵਾਂ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੀਸੀਪੀਐਨਡੀਟੀ ਐਕਟ ਲਾਗੂ ਹੋਣ ਤੋਂ ਬਾਦ ਤਾਂ ਐਮਟੀਪੀ ਐਕਟ ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਕਈ ਮਹਿਲਾਵਾਂ ਨੂੰ ਮੁਸ਼ਕਿਲਾਂ ਆਂਦੀਆਂ ਹਨ ਅਤੇ ਬਹੁਤੀਆਂ ਮਹਿਲਾਵਾਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵਾਉਣਾਂ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ ਗਰਭਪਾਤ ਹੁੰਦੇ ਹਨ। ਭਾਰਤ ਵਿੱਚ ਹਰ ਸਾਲ ਲੱਗਭੱਗ 1.56 ਕਰੋੜ ਗਰਭਪਾਤ ਹੁੰਦੇ ਹਨ ਜਿਨ੍ਹਾਂ ਵਿੱਚੋਂ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ





ਵਿੱਚੋਂ 8.5 ਫਿਸਦੀ ਮੋਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ ਲੱਗਭੱਗ 10 ਮਹਿਲਾਵਾਂ ਦੀ ਮੋਤ ਹੁੰਦੀ ਹੈ ਅਤੇ ਭਾਰਤ ਵਿੱਚ ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫੀਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ। ਇਸਨੂੰ ਵੇਖਦੇ ਹੋਏ ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਪਾਤ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਪਾਤ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਪਾਤ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਨੂੰ ਲਾਗੂ ਹੋਇਆ ਅੱਧੀ ਸਦੀ ਬੀਤ ਰਹੀ ਹੈ ਅਤੇ ਇਸ ਦੌਰਾਨ ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਸਰਕਾਰ ਵਲੋਂ ਗਰਭਪਾਤ ਕਰਵਾਉਣ ਦੀ ਸਮਾਂ ਸੀਮਾ ਵਿੱਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਨੇ ਐਮ ਟੀ ਪੀ ਐਕਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਅਤੇ ਪੀਸੀਪੀਐਨਡੀਟੀ ਐਕਟ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਹਾਜਰ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਜਰੂਰਤ ਪੈਣ ਤੇ ਸਿਰਫ ਸੁਰੱਖਿਅਤ ਗਰਭਪਾਤ ਹੀ ਕਰਵਾਇਆ ਜਾਵੇ ਤਾਂ ਜੋ ਮਾਂ ਦੀ ਸਿਹਤ ਨੂੰ ਹੋਣ ਵਾਲੇ ਖਤਰਿਆਂ ਤੋਂ ਬਚਾਇਆ ਜਾ ਸਕੇ। ਇਸ ਮੌਕੇ ਮੈਡਮ ਪੂਜਾ, ਪ੍ਰਧਾਨ ਜੋਗਿੰਦਰ ਸਿੰਘ, ਰਮੇਸ਼ ਚੰਦਰ, ਰੀਮਾ ਧਿਮਾਨ, ਮੈਡਮ ਸੁਨੀਤਾ ਦੇਵੀ, ਅੰਜਲੀ, ਭਾਰਤੀ, ਮਮਤਾ, ਸ਼ਿਵਾਨੀ, ਮੁਸਕਾਨ, ਸੋਨੀਆ, ਰਾਜਵੀਰ ਕੌਰ, ਸ਼ਿਫਾ, ਰਮਨਾ, ਸੀਮਾ, ਰੀਨਾ, ਸੀਮਾ, ਮੀਨਾ, ਸੋਨਾ ਦੇਵੀ, ਮੋਨਿਕਾ, ਮੁਸਕਾਨ, ਰੀਨਾ ਰਾਣੀ, ਸ਼ਿਵਾਨੀ, ਕੁਸੁਮ, ਸੁਨੀਤਾ ਦੇਵੀ, ਅਮਨਦੀਪ ਕੌਰ, ਰਾਜਵਿੰਦਰ ਕੌਰ, ਰਜਨੀ ਆਦਿ ਹਾਜਰ ਸਨ।

**- ਕੁਲਦੀਪ ਚੰਦ 9417563054**

# ਗਦਰੀ ਬਾਬਿਆਂ ਦੇ ਮੇਲੇ 'ਚ ਲੱਗਾ ਪੁਸਤਕ ਮੇਲਾ

**ਜਲੰਧਰ**–ਦੇਸ਼ ਭਗਤ ਯਾਦਗਾਰ ਹਾਲ ਅੰਦਰ ਅੱਜ ਗ਼ਦਰੀ ਬਾਬਿਆਂ ਦੇ ਮੇਲੇ ਦੀ ਰਸਮੀ ਉਦਘਾਟਨ ਤੋਂ ਇੱਕ ਦਿਨ ਪਹਿਲਾਂ ਹੀ ਪੁਸਤਕ ਮੇਲਾ ਲੱਗ ਗਿਆ। ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਵਿੱਚ ਅੱਜ ਪੰਜਾਹ ਤੋਂ ਵੱਧ ਪੁਸਤਕ ਸਟਾਲਾਂ ਸਜ ਗਈਆਂ। ਅਗਲੇ ਦਿਨ ਇਹ ਗਿਣਤੀ ਦੂਗਣੀ ਹੋ ਜਾਵੇਗੀ।

ਦੇਸ਼ ਭਗਤ ਯਾਦਗਾਰ ਕਮੇਟੀ



ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਆਦਿ ਖੇਤਰਾਂ ਤੋਂ ਪੁਸਤਕ ਮੇਲੇ ਵਿੱਚ ਲੱਗੀਆਂ ਸਟਾਲਾਂ ਤੋਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਦੁਰਲੱਭ ਪੁਸਤਕਾਂ, ਮੇਲੇ 'ਚੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਨੈਸ਼ਨਲ ਬੁੱਕ ਟ੍ਰਸਟ ਦਿੱਲੀ, ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਬੁੱਕ ਸੈਂਟਰ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਚੇਤਨਾ ਪ੍ਰਕਾਸ਼ਨ, ਤਰਕਭਾਰਤੀ ਪ੍ਰਕਾਸ਼ਨ ਬਰਨਾਲਾ, ਪੀਪਲਜ਼ ਫੋਰਮ ਬਰਗਾੜੀ, ਜਨਚੇਤਨਾ ਨਿਊ ਬੁੱਕ ਕੰਪਨੀ ਜਲੰਧਰ, 5ਆਬ ਪ੍ਰਕਾਸ਼ਨ, ਦੀਪਕ ਪਬਲਿਸ਼ਰ, ਨਵਯੁੱਗ ਪਬਲਿਸਿੰਗ ਸਮਾਣਾ, ਬੇਗ਼ਮਪੁਰਾ ਬੁੱਕ ਸ਼ਾਪ, ਲੋਕ ਆਵਾਜ਼, ਲੈਨਿਨ ਕਿਤਾਬ ਘਰ ਮਹਿਲ ਕਲਾਂ ਅਤੇ ਵੱਖ-ਵੱਖ ਇਨਕਲਾਬੀ ਪੱਤ੍ਰਿਕਾਵਾਂ ਸਾਹਿਤ ਪ੍ਰਕਾਸ਼ਨਾਵਾਂ ਵੱਲੋਂ ਵੀ ਸਟਾਲਾਂ ਲਗਾਈਆਂ ਗਈਆਂ ਹਨ। ਅੱਜ ਪੁਸਤਕ ਪ੍ਰਦਰਸ਼ਨੀ ਸ਼ੁਰੂ ਹੁੰਦੇ ਸਾਰ ਹੀ ਸਾਹਿਤ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ।

# ਕੋਪ 26: 100 ਤੋਂ ਵੱਧ ਦੇਸ਼ 2030 ਤੱਕ ਜੰਗਲਾਂ ਦੀ ਕਟਾਈ ਨੂੰ ਖਤਮ ਕਰਨ ਦੇ ਸਮਝੌਤੇ 'ਤੇ ਕਰਨਗੇ ਦਸਤਖਤ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**– ਇਸ ਸਾਲ ਗਲਾਸਗੋ ਵਿੱਚ ਹੋ ਰਹੇ ਕੋਪ 26 ਜਲਵਾਯੂ ਸੰਮੇਲਨ ਵਿੱਚ ਵਾਤਾਵਰਨ ਸੰਕਟ ਨਾਲ ਨਜਿੱਠਣ ਲਈ ਵਿਸ਼ਵ ਨੇਤਾਵਾਂ ਵੱਲੋਂ ਮਹੱਤਵਪੂਰਨ ਫੈਸਲੇ ਲਏ ਜਾਣਗੇ। ਇਸ ਲੜੀ ਤਹਿਤ ਵਿਸ਼ਵ ਦੇ 85% ਜੰਗਲਾਂ ਦੀ ਨੁਮਾਇੰਦਗੀ ਕਰਨ ਵਾਲੇ 100 ਤੋਂ ਵੱਧ ਵਿਸ਼ਵ ਨੇਤਾ ਜਲਵਾਯੂ ਸੰਕਟ ਨਾਲ ਨਜਿੱਠਣ ਦੇ ਰਾਹ 'ਤੇ 2030 ਤੱਕ ਜੰਗਲਾਂ ਦੀ ਕਟਾਈ ਨੂੰ ਰੋਕਣ ਲਈ ਵਚਨਬੱਧ ਹੋਣਗੇ। ਬ੍ਰਾਜ਼ੀਲ, ਰੂਸ, ਕੈਨੇਡਾ, ਕੋਲੰਬੀਆ, ਇੰਡੋਨੇਸ਼ੀਆ ਅਤੇ ਕਾਂਗੋ ਲੋਕਤੰਤਰੀ ਗਣਰਾਜ ਸਮੇਤ ਹੋਰ ਦੇਸ਼ ਮੰਗਲਵਾਰ ਨੂੰ ਇਸ ਵਾਅਦੇ 'ਤੇ ਦਸਤਖਤ ਕਰਨਗੇ, ਜਿਸ ਨੂੰ ਜਨਤਕ ਅਤੇ ਨਿੱਜੀ ਫੰਡਿੰਗ ਵਿੱਚ 14 ਬਿਲੀਅਨ ਪੌਂਡ (19.2 ਬਿਲੀਅਨ ਡਾਲਰ) ਦਾ ਸਮਰਥਨ ਪ੍ਰਾਪਤ ਹੈ। ਯੂਕੇ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੁਆਰਾ ਇੱਕ ਸਮਾਗਮ ਵਿੱਚ ਰਸਮੀ ਤੌਰ 'ਤੇ ਘੋਸ਼ਿਤ ਕੀਤੀ ਜਾਣ ਵਾਲੀ ਇਸ ਵਚਨਬੱਧਤਾ ਦਾ ਪ੍ਰਚਾਰਕਾਂ ਅਤੇ ਮਾਹਰਾਂ ਦੁਆਰਾ ਸਵਾਗਤ ਕੀਤਾ ਗਿਆ ਹੈ। ਜਿਹੜੇ ਲੋਕ ਜੰਗਲ ਅਤੇ ਜ਼ਮੀਨ ਦੀ ਵਰਤੋਂ ਬਾਰੇ ਐਲਾਨਨਾਮੇ 'ਤੇ ਹਸਤਾਖਰ ਕਰਨਗੇ, ਉਹ ਆਪਣੇ ਦੇਸ਼ਾਂ ਵਿੱਚ ਜੰਗਲਾਂ ਦੀ ਸੁਰੱਖਿਆ ਲਈ ਵਚਨਬੱਧ ਹੋਣਗੇ। ਬੋਰਿਸ ਜੌਹਨਸਨ ਨੇ ਇਸ ਕਦਮ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਇਹ ਕਦਮ ਜੰਗਲਾਂ ਦੁਆਰਾ ਕਾਰਬਨ ਨਿਕਾਸ ਨੂੰ ਸੋਖਣ ਤੇ ਗਲੋਬਲ ਵਾਰਮਿੰਗ ਨੂੰ 1.5ਛ ਤੱਕ ਸੀਮਤ ਕਰਨ ਦੇ ਕੋਪ 26 ਟੀਚੇ ਦਾ ਸਮਰਥਨ ਕਰੇਗਾ। ਇਸ ਸਮਝੌਤੇ ਦੁਆਰਾ ਕਵਰ ਕੀਤੀ ਗਈ ਜ਼ਮੀਨ ਕੈਨੇਡਾ ਅਤੇ ਰੂਸ ਦੇ ਉੱਤਰੀ ਜੰਗਲਾਂ ਵਿੱਚ ਬ੍ਰਾਜ਼ੀਲ, ਕੋਲੰਬੀਆ, ਇੰਡੋਨੇਸ਼ੀਆ ਅਤੇ ਕਾਂਗੋ ਦੇ ਲੋਕਤੰਤਰੀ ਗਣਰਾਜ ਦੇ ਨਾਲ 13 ਮਿਲੀਅਨ ਵਰਗ ਮੀਲ ਤੋਂ ਵੱਧ ਖੇਤਰ ਦੇ ਗਰਮ ਖੰਡੀ ਜੰਗਲਾਂ ਤੱਕ ਫੈਲੀ ਹੋਈ ਹੈ। ਯੂਕੇ ਜੰਗਲਾਂ ਦੇ ਵਾਅਦੇ ਨੂੰ ਸਮਰਥਨ ਦੇਣ ਲਈ ਪੰਜ ਸਾਲਾਂ ਵਿੱਚ 1.5 ਬਿਲੀਅਨ ਪੌਂਡ ਸਹਾਇਤਾ ਦੀ ਵਚਨਬੱਧਤਾ ਕਰ ਰਿਹਾ ਹੈ, ਜਿਸ ਵਿੱਚ ਇੰਡੋਨੇਸ਼ੀਆ ਵਿੱਚ ਟਰਾਪੀਕਲ ਜੰਗਲਾਂ ਲਈ 350 ਮਿਲੀਅਨ ਪੌਂਡ ਅਤੇ ਲੀਫ ਕੋਲੀਸ਼ਨ ਲਈ 200 ਮਿਲੀਅਨ ਪੌਂਡ ਸ਼ਾਮਲ ਹਨ। ਇਸਦੇ ਇਲਾਵਾ ਬ੍ਰਿਟੇਨ ਕਾਂਗੋ ਬੇਸਿਨ ਦੀ ਸੁਰੱਖਿਆ ਲਈ ਇੱਕ ਨਵੇਂ 1.1 ਬਿਲੀਅਨ ਪੌਂਡ ਦੇ ਅੰਤਰਰਾਸ਼ਟਰੀ ਫੰਡ ਵਿੱਚ 200 ਮਿਲੀਅਨ ਪੌਂਡ ਦਾ ਯੋਗਦਾਨ ਵੀ ਦੇ ਰਿਹਾ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com





NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

# ਦੂਨੀਆ ਦੇ ਜਹਾਜ਼ ਬਣਾਉਣ ਵਾਲਾ ਸਿਆਟਲ ਸ਼ਹਿਰ ਕਿਸੇ ਅਜੂਬੇ ਨਾਲੋਂ ਘੱਟ ਨਹੀਂ!

"ਮਿਊਜ਼ੀਅਮ ਆਫ ਫਲਾਈਟ" ਹੈ ਮੁੱਖ ਖਿੱਚ ਦਾ ਕੇਂਦਰ ,
ਪੰਜਾਬੀਆਂ ਦੀ ਵੀ ਸਿਆਟਲ ਵਿਚ ਹੈ ਪਹਿਚਾਣ ਵੱਖਰੀ

ਮੇਰੀ ਅਮਰੀਕਾ ਕੈਨੇਡਾ ਫੇਰੀ ਦੌਰਾਨ ਮੈਨੂੰ ਸਿਆਟਲ ਬਾਰੇ ਕੁਝ ਜਾਨਣ ਦਾ ਮੌਕਾ ਮਿਲਿਆ ਉਹ ਇਹ ਕਿ ਅਮਰੀਕਾ ਦੇ ਉੱਤਰ ਦਿਸ਼ਾ ਵੱਲ੍ਹ ਸਥਿਤ ਸਿਆਟਲ ਸ਼ਹਿਰ ਹਰੇਵਾਈ ਅਤੇ ਤਕਨੀਕ, ਵਪਾਰਕ ਪੱਖੋਂ ਦੂਨੀਆ ਦਾ ਇਕ ਅਜੂਬਾ ਹੈ। 40 ਤੋਂ 45 ਲੱਖ ਦੀ ਅਬਾਦੀ ਵਾਲਾ ਇਹ ਸਿਆਟਲ ਸ਼ਹਿਰ ਪਹਾੜਾਂ, ਦਰੱਖਤਾਂ ਅਤੇ ਸਮੁੰਦਰ ਦੇ ਵਿਚ ਘਿਰਿਆ ਅਮਰੀਕਾ ਦੇ ਵੱਡੇ 15 ਸ਼ਹਿਰਾਂ 'ਚੋਂ ਇੱਕ ਹੈ। ਕੈਨੇਡਾ ਦੇ ਵੈਨਕੂਵਰ ਬਾਰਡਰ ਤੋਂ 100 ਕਿਲੋਮੀਟਰ ਦੂਰੀ 'ਤੇ 217 ਕਿਲੋਮੀਟਰ ਦੇ ਖੇਤਰ ਵਿਚ ਵਸਿਆ ਸਿਆਟਲ ਸ਼ਹਿਰ ਅੱਜ ਤੋਂ 4 ਹਜ਼ਾਰ ਸਾਲ ਪਹਿਲਾਂ ਅਮਰੀਕਨ ਮੂਲ ਦੇ ਲੋਕਾਂ ਨੇ ਵਸਾਇਆ ਸੀ ਅਤੇ ਫਿਰ ਇਥੇ ਯੂਰਪੀਅਨ ਲੋਕ ਆ ਕੇ ਵਸੇ। ਇਸ ਵੇਲੇ 65 ਪ੍ਰਤੀਸ਼ਤ ਦੇ ਕਰੀਬ ਯੂਰਪੀਅਨ ਲੋਕ ਅਤੇ 14 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੇ ਲੋਕ ਜਦਕਿ 1 ਪ੍ਰਤੀਸ਼ਤ ਦੇ ਕਰੀਬ ਸਿੱਖ ਭਾਈਚਾਰੇ ਦੇ ਲੋਕ ਵੀ ਵਸਦੇ ਹਨ। ਰੱਬ ਨੂੰ ਘੱਟ ਅਤੇ ਕੁਦਰਤ ਦੀ ਸਾਜੀ ਪ੍ਰਕਿਰਤੀ ਨੂੰ ਵੱਧ ਮੰਨਣ ਵਾਲੇ ਲੋਕ ਵਸਦੇ ਹਨ। 2008 ਦੀ ਮਰਦਮੁਸ਼ਾਰੀ ਮੁਤਾਬਕ ਸਭ ਤੋਂ ਵੱਧ ਪੜ੍ਹੇ ਲਿਖੇ ਅਤੇ ਗ੍ਰੈਜੂਏਟ ਸਿਆਟਲ ਵਿਚੋਂ ਬਣੇ ਹਨ । ਯੂਨੀ-ਵਰਸਿਟੀ ਆਫ ਵਾਸ਼ਿੰਗਟਨ ਸਿਆਟਲ ਦੀ ਪਹਿਚਾਣ ਦੂਨੀਆ ਦੀਆਂ ਪਹਿਲੀਆਂ 11 ਯੂਨੀਵਰਸਿਟਿਆਂ 'ਚ ਹੈ। ਅਮਰੀਕਨ ਫੁਟਬਾਲ ਇਥੋਂ ਦੀ ਹਰਮਨ ਪਿਆਰੀ ਖੇਡ ਹੈ। 2015 'ਚ ਸਿਆਟਲ ਨੇ ਅਮਰੀਕਨ ਫੁਟਬਾਲ 'ਚ ਨੈਸ਼ਨਲ ਚੈਂਪੀਅਨ ਬਣ ਕੇ ਇਤਿਹਾਸ ਸਿਰਜਿਆ। ਇਸਤੋਂ ਇਲਾਵਾ ਬੇਸਬਾਲ, ਸਾਕਰ (ਦੂਨੀਆ ਦੀ ਫੁਟਬਾਲ ਖੇਡ), ਬਾਸਕਟਬਾਲ ਆਦਿ ਖੇਡਾਂ ਨੂੰ ਲੋਕ ਵਧੇਰੇ ਖੇਡਦੇ ਅਤੇ ਪਸੰਦ ਕਰਦੇ ਹਨ। ਸਿਆਟਲ 'ਚ 78 ਪ੍ਰਤੀਸ਼ਤ ਲੋਕਾਂ ਵੱਲੋਂ ਅੰਗ੍ਰੇਜੀ ਭਾਸ਼ਾ ਬੋਲੀ ਜਾਂਦੀ ਹੈ ਜਦਕਿ 10 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੀਆਂ ਭਾਸ਼ਾਵਾਂ ਬੋ-ਲੀਆਂ ਜਾਂਦੀਆਂ ਹਨ। 018 ਫੀਸਦ ਦੇ ਕਰੀਬ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ।

### 1994 ਵਿੱਚ ਐਮਾਜ਼ਾਨ ਦੀ ਸਥਾਪਨਾ ਵੀ ਸਿਆਟਲ ਵਿੱਚ ਹੀ ਹੋਈ

ਮੌਸਮ 'ਚ ਜ਼ਿਆਦਾਤਰ ਬਰਸਾਤੀ ਅਤੇ ਬੱਦਲਵਾਈ ਬਣੇ ਰਹਿਣ ਕਾਰਨ ਇਹ ਇਕ ਠੰਢੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਮਾਈਕਰੋ ਸਾਫਟ ਕੰਪਨੀ ਦਾ ਮਾਲਕ ਅਤੇ ਦੂਨੀਆ ਦਾ ਸਭ ਤੋਂ ਅਮੀਰ ਆਦਮੀ ਬਿੱਲ ਗੇਟਸ ਵੀ ਇਸੇ ਸ਼ਹਿਰ ਸਿਆਟਲ ਵਿਚ ਹੀ ਰਹਿੰਦਾ ਹੈ। ਇਸਨੂੰ ਜਹਾਜਾਂ ਦੇ ਸ਼ਹਿਰ ਵਜੋਂ ਵੀ ਜਾਣਿਆ ਜਾਂਦਾ ਹੈ। ਦੂਨੀਆ ਦੀ ਚਰਚਿਤ ਬੋਇੰਗ ਕੰਪਨੀ ਦੇ ਸਾਰੇ ਜਹਾਜ਼ ਸਿਆਟਲ ਵਿਖੇ ਬਣਦੇ ਹਨ। ਦੂਨੀਆ ਦੀ ਆਨਲਾਈਨ ਰਿਟੇਲਰ ਕੰਪਨੀ 'ਐਮਾਜ਼ਾਨ' ਦੀ ਸਥਾਪਨਾ ਵੀ 1994 ਵਿਚ ਸਿਆਟਲ ਵਿਖੇ ਹੀ ਹੋਈ। ਜਿਸ ਨਾਲ ਆਧੂਨਿਕ ਤਕਨੀਕ ਦਾ ਦੂਨੀਆ ਵਿਚ ਫਲਾਅ ਹੋਇਆ। ਸਾਫਟਵੇਅਰਾਂ ਅਤੇ ਇੰਟਰਨੈੱਟ ਕੰਪਨੀਆਂ ਦੇ ਆਉਣ ਨਾਲ ਸਿਆਟਲ ਦੂਨੀਆ ਦਾ ਇਕ ਵੱਡਾ ਵਪਾਰਕ ਸ਼ਹਿਰ ਬਣ ਗਿਆ। ਜਿਸ ਕਰਕੇ ਇਸਦੀ ਅਬਾਦੀ ਵਿਚ ਦਿਨੋ ਦਿਨ ਵੱਡੇ ਪੱਧਰ 'ਤੇ ਵਾਧਾ ਹੋ ਰਿਹਾ ਹੈ। ਦੂਨੀਆ ਦੇ ਅਗਾਂਹਵਧੂ ਅਤੇ ਤਰੱਕੀ ਪਸੰਦ ਲੋਕ ਸਿਆਟਲ ਵਿਚ ਆ ਕੇ ਵਸ ਰਹੇ ਹਨ।

### 'ਮਿਊਜ਼ਿਅਮ ਆਫ ਫਲਾਈਟ' ਵੱਡੀ ਖਿੱਚ ਦਾ ਕੇਂਦਰ

ਏਅਰ ਅਤੇ ਪੁਲਾੜ ਦੀ ਪਹਿਚਾਣ ਵਜੋਂ ਮਿਊਜ਼ਿਮ ਆਫ ਫਲਾਈਟ ਸਿਆਟਲ ਵਿਚ ਆਉਣ ਵਾਲੇ ਸੈਲਾਨੀਆਂ ਲਈ ਇਕ ਵੱਡੀ ਖਿੱਚ ਦਾ ਕੇਂਦਰ ਹੈ। ਇਸ ਮਿਊਜ਼ਿਅਮ ਵਿਚ 20ਵੀਂ ਸਦੀ ਦੇ ਮੁੱਢਲੇ ਬਣੇ ਜਹਾਜ਼ਾਂ ਤੋਂ ਲੈ ਕੇ ਹੁਣ ਤੱਕ ਦੇ ਆਧੁਨਿਕ ਤਕਨੀਕ ਵਾਲੇ ਜਹਾਜ਼ਾਂ ਦੇ ਦਿਲ ਖਿੱਚਵੇਂ ਮਾਡਲ ਖੜ੍ਹੇ ਹਨ ।ਜਿਨ੍ਹਾਂ ਨੂੰ ਦੇਖ ਕੇ ਇਹ ਪਤਾ ਲੱਗਦਾ ਹੈ ਕਿ ਤਕਨੀਕ ਕਿਥੋਂ ਚੱਲ ਕੇ ਕਿਥੇ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ ਪਹਿਲਾ ਵਿਸ਼ਵ ਯੁੱਧ 1914 ਤੋਂ ਲੈ ਕੇ 1918 ਵਿਚ ਅਤੇ ਦੂਸਰਾ ਵਿਸ਼ਵ ਯੁੱਧ 1942 ਤੋਂ ਲੈ ਕੇ 1946 ਤੱਕ ਵਰਤਿਆ ਗਿਆ ਜੰਗੀ ਸਮਾਨ ਜਹਾਜ਼, ਪਹਿਲਾ ਫਾਈਟਰ ਪਲੇਨ, ਅਤੇ ਹੋਰ ਇਤਿਹਾਸਕ ਵਸਤਾਂ ਦਾ ਨਜ਼ਾਰਾ ਤੇ ਗਿਆਨ ਵਿੱਚ ਵਾਧਾ ਤਾਂ ਦੇਖਿਆਂ ਹੀ ਮਿਲਦਾ ਹੈ। ਬੋਇੰਗ ਕੰਪਨੀ ਇੱਕ ਨਵੇਂ ਜਹਾਜ਼ ਨੂੰ 6 ਦਿਨ ਵਿੱਚ ਤਿਆਰ ਕਰ ਦਿੰਦੀ ਹੈ । ਇਸ ਇਤਿਹਾਸਕ ਸ਼ਹਿਰ ਨੇ ਵੱਡੇ ਉਤਰਾਅ ਚੜ੍ਹਾਅ ਵੀ ਝੱਲੇ ਹਨ। ਪਹਿਲੇ ਵਿਸ਼ਵ ਯੁੱਧ ਮੌਕੇ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਸਿਆਟਲ ਨੇ ਝੱਲਿਆ ਜਿਸਨੂੰ ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਆਫਤਾਂ ਦਾ ਸਾਹਮਣਾ ਵੀ ਕਰਨਾ ਪਿਆ। 1970 'ਚ ਬੋਇੰਗ ਕੰਪਨੀ ਨੇ ਇਸਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ ।ਜਿਸ ਨਾਲ ਇਹ ਸ਼ਹਿਰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋਇਆ। ਇਸੇ ਵਜ੍ਹਾ ਕਰਕੇ ਅੱਜ ਦੀ ਘੜੀ ਸੁੰਦਰਤਾ , ਆਰਥਿਕਤਾ ਅਤੇ ਵਪਾਰ ਪੱਖੋਂ ਦੂਨੀਆ ਦਾ ਅਜੂਬਾ ਬਣ ਗਿਆ ਹੈ।

### ਇੱਕ ਅਜੂਬਾ ਹੋਰ ਸਿਆਟਲ ਵਿਚ, ਸਪੇਸ ਨੀਡਲ ਟਾਵਰ

ਦੂਨੀਆ ਦੇ 7 ਅਜੂਬਿਆਂ 'ਚ ਆਪਣੀ ਪਹਿਚਾਣ ਰੱਖਣ ਵਾਲਾ 184 ਮੀਟਰ ਉੱਚਾ ਸਪੇਸ ਨੀਡਲ ਟਾਵਰ ਪੇਰਿਸ ਦੇ ਫਰਾਂਸ ਸ਼ਹਿਰ ਦੇ ਆਈਫਲ ਟਾਵਰ ਦੀ ਤਰ੍ਹਾਂ ਆਪਣੀ ਵੱਖਰੀ ਖਿੱਚ ਦਰਸਾਉਂਦਾ ਹੈ। ਸਟਾਰਬਕਸ ਕੌਫੀ ਦੀ ਵੀ ਸ਼ੁ-ਰੂਆਤ ਸਿਆਟਲ ਤੋਂ ਹੀ ਹੋਈ। ਸਟਾਰਬਕਸ ਕੌਫੀ ਦੀ ਪਹਿਲੀ ਦੁਕਾਨ ਅੱਜ ਵੀ ਡਾਊਨ ਟਾਊਨ ਸਿਆਟਲ ਵਿੱਚ ਮੌਜੂਦ ਹੈ ।ਜਿੱਥੇ ਕੌਫ਼ੀ ਪੀਣ ਲਈ ਅੱਜ ਵੀ ਲੋਕਾਂ ਦੀ ਵੱਡੀ ਭੀੜ ਜੁੜਦੀ ਹੈ । ਸਿਆਟਲ ਸ਼ਹਿਰ ਦਾ ਸਾਰਾ ਢਾਂਚਾ ਉਥੋਂ ਦੇ ਮੇਅਰ ਦੀ ਨਿਗਰਾਨੀ ਹੇਠ ਚਲਦਾ ਹੈ। ਇਥੇ ਦੋ ਪਾਰਟੀ ਰਾਜਨੀਤਿਕ ਸਿਸਟਮ ਡੈਮੋਕਰੇਟਿਕ ਅਤੇ ਰਿਪਬਲਿਕ ਪਾਰ-ਟੀਆਂ ਦਾ ਹੈ। ਵਧੇਰੇ ਰਾਜਨਿਤਿਕ ਦਬਦਬਾ ਡੈਮੋਕਰੇਟਿਕ ਪਾਰਟੀ ਦਾ ਹੈ। 2012 ਦੀਆਂ ਆਮ ਚੋਣਾਂ 'ਚ ਉਸ ਵੇਲੇ ਚੁਣੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ 80 ਪ੍ਰਤੀਸ਼ਤ ਵੋਟ ਸਿਆਟਲ ਸ਼ਹਿਰ 'ਚੋਂ ਲੋਕਾਂ ਨੇ ਪਾਈ ਸੀ। ਜੋ ਕਿ ਇਕ ਰਾਜਨੀਤਿਕ ਰਿਕਾਰਡ ਹੈ ।1926 ਵਿਚ ਬਰਥਾ ਨਾਈਟ ਲੈਂਡਿਸ ਪਹਿਲੀ ਮਹਿਲਾ ਸੀ ਜਿਸਨੂੰ ਮੇਅਰ ਬਣਨ ਦਾ ਮਾਣ ਹਾਸਲ ਹੋਇਆ ,ਜਦਕਿ ਭਾਰਤ ਦੀ ਪਹਿਲੀ ਮਹਿਲਾ ਪ੍ਰੋਮਿਲਾ ਜੈਪਾਲ ਨੂੰ ਇਥੋਂ ਦੀ ਕਾਂਗਰਸ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ।

### ਸਿਆਟਲ ਵਿਚ ਪੰਜਾਬੀਆਂ ਦੀ ਪਹਿਚਾਣ ਵੱਖਰੀ

ਸਿਆਟਲ ਸ਼ਹਿਰ 'ਚ ਜਿਥੇ ਯੂਰਪੀਅਨ ਲੋਕਾਂ ਦਾ ਪੂਰੀ ਤਰ੍ਹਾਂ ਦਬਦਬਾ ਹੈ ਉਥੇ ਸਿੱਖ ਕੌਮ ਅਤੇ ਪੰਜਾਬੀ ਭਾਇ-ਚਾਰੇ ਨਾਲ ਸਬੰਧਤ 60 ਹਜ਼ਾਰ ਦੇ ਕਰੀਬ ਲੋਕ ਰਹਿੰਦੇ ਹਨ। ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਇੰਜੀਨੀਅਰ ਕਾਲਜ ਲੁਧਿਆਣਾ ਦੇ 1980ਵੇਂ ਦਹਾਕੇ ਦੇ ਪਾਸ ਆਊਟ ਵਿਦਿਆਰਥੀ ਵੱਡੀ ਗਿਣਤੀ ਵਿਚ ਬੋਇੰਗ ਕੰਪਨੀ 'ਚ ਉੱਚੀਆਂ ਪੋਸਟਾਂ 'ਤੇ ਨੌਕਰੀ ਕਰਦੇ ਹਨ। ਸਿੱਖਾਂ ਦੀ ਆਮਦ 1900 ਦੇ ਕਰੀਬ ਗੋਰਿਆਂ ਦੀ ਆਰਮੀ ਰਾਹੀਂ ਐਬਸਫੋਰਡ ਤੇ ਵੈਨਕੂਵਰ ਤੋਂ ਸਿਆਟਲ ਵਿਚ ਹੋਈ। 1947 ਭਾਰਤ ਦੀ ਵੰਡ ਤੋਂ ਬਾਅਦ ਕਾਫੀ ਸਿੱਖ ਪਰਿਵਾਰ ਸਿਆਟਲ 'ਚ ਆ ਕੇ ਵਸੇ। ਪਰ 1984 ਤੋਂ ਬਾਅਦ ਸਿੱਖਾਂ ਦੀ ਅਤੇ ਪੰਜਾਬੀਆਂ ਦੀ ਇੱਥੇ ਆਉਣ ਦੀ ਇਕ ਲਹਿਰ ਬਣ ਗਈ। ਜ਼ਿਆਦਾਤਰ ਪੰਜਾਬੀ ਟਰੱਕਾਂ, ਸਟੋਰਾਂ ਅਤੇ ਗੈਸ ਸਟੇਸ਼ਨਾਂ ਆਦਿ 'ਤੇ ਆਪਣੀਆਂ ਨੌਕਰੀਆਂ ਕਰਦੇ ਹਨ ਅਤੇ ਬਹੁਤ ਥੋੜ੍ਹਿਆਂ ਨੇ ਆਪਣੇ ਨਿੱਜੀ ਵਪਾਰ 'ਚ ਪੈਸਾ ਨਿਵੇਸ਼ ਕੀਤਾ ਹੋਇਆ ਹੈ। ਸਿਆਟਲ ਦੀ 45 ਲੱਖ ਦੀ ਵਸੋਂ ਵਿਚੋਂ 5 ਲੱਖ ਦੇ ਕਰੀਬ ਲੋਕਾਂ ਨੂੰ ਸਿੱਖੀ ਬਾਰੇ ਜਾਣਕਾਰੀ ਤੋਂ ਇਲਾਵਾ ਬਹੁਤ ਸ਼ਰਧਾ ਤੇ ਯਕੀਨ ਹੈ। ਇਥੇ ਬਣੇ 'ਵਿੰਗ ਲੂਕ ਏਸ਼ੀਅਨ ਮਿਊਜ਼ੀਅਮ' 'ਚ ਸਿੱਖ ਇਤਿਹਾਸ ਬਾਰੇ ਵਧੀਆ ਜਾਣਕਾਰੀ ਦਿੱਤੀ ਜਾਂਦੀ ਹੈ। ਸਿਆਟਲ 'ਚ 7 ਦੇ ਕਰੀਬ ਗੁਰ-ਦੁਆਰੇ ਹਨ। ਜਦਕਿ ਮੁੱਖ ਗੁਰਦੁਆਰਾ ਸਿੰਘ ਸਭਾ ਗੁਰੂ ਘਰ ਰਿੰਟਨ ਵਿਖੇ ਬਣਿਆ ਹੋਇਆ ਹੈ। ਜਿਥੇ ਹਰ ਐਤਵਾਰ ਅਤੇ ਹੋਰ ਇਤਿਹਾਸਕ ਦਿਨਾਂ ਨੂੰ ਲੋਕ ਵੱਡੀ ਗਿਣਤੀ ਵਿਚ ਨਤਮਸਤਕ ਹੁੰਦੇ ਹਨ। ਇਸਤੋਂ ਇਲਾਵਾ ਪੰਜਾਬੀਆਂ ਵੱਲੋਂ ਖੇਡ ਗਤੀਵਿਧੀਆਂ ਹਰ ਸਾਲ ਵਧੀਆ ਤਰੀਕੇ ਨਾਲ ਚਲਾਈਆਂ ਜਾਂ-ਦੀਆਂ ਹਨ। ਕਬੱਡੀ ਕੱਪ ਅਤੇ ਹੋਰ ਖੇਡਾਂ ਤੋਂ ਇਲਾਵਾ ਪੰਜਾਬੀ ਬੱਚਿਆਂ ਲਈ ਕੋਚਿੰਗ ਕੈਂਪ ਕੋਚ ਗੁਰਚਰਨ ਸਿੰਘ ਢਿੱਲੋਂ ਅਤੇ ਹੋਰ ਸਿੱਖ ਭਾਈਚਾਰੇ ਵੱਲੋਂ ਲਗਵਾਏ ਜਾਂਦੇ ਹਨ। ਪੰਜਾਬ ਸਪੋਰਟਸ ਸਿਆਟਲ ਕਬੱਡੀ ਕਲੱਬ ਦਾ ਵੀ ਅਮਰੀਕਾ, ਕੈਨੇਡਾ ਦੀ ਕਬੱਡੀ ਵਿਚ ਪੂਰੀ ਤਰ੍ਹਾਂ ਜੇਤੂ ਦਬਦਬਾ ਹੈ। ਮਨਮੋਹਨ ਗਰੇਵਾਲ ਉਰਫ਼ ਮੋਹਣਾਂ ਜੋਧਾਂ ਅਤੇ ਉਨ੍ਹਾਂ ਦੀ ਪੂਰੀ ਟੀਮ ਆਪਣਾ ਤਨ ਮਨ ਧਨ ਕਬੱਡੀ ਕਲੱਬ ਦੇ ਲੇਖੇ ਲਾਉਂਦੇ ਹਨ , ਸਿਆਟਲ ਵਸਦੇ ਪੰਜਾਬੀਆਂ ਦੀ ਖੇਡਾਂ ਪ੍ਰਤੀ ਸਮਰਪਿਤ ਭਾਵਨਾ ਕਾਬਿਲੇ ਤਾਰੀਫ ਹੈ। ਅਸਲ ਸੱਚ ਇਹ ਹੈ ਕਿ ਜੇਕਰ ਕਿਸੇ ਨੇ ਜਿਉਂਦੇ ਜੀਅ ਸਵਰਗ ਦੇਖਣਾ ਹੋਵੇ ਤਾਂ ਉਹ ਸਵਿਟਜ਼ਰਲੈਂਡ ਤੋਂ ਬਾਅਦ ਸਿਆਟਲ ਸ਼ਹਿਰ ਵਿੱਚੋਂ ਹੀ ਮਿਲਦਾ ਹੈ। ਗੁਰੂ ਰਹਿਮਤ ਕਰੇ, ਰੱਬ ਰਾਖਾ!



ਜਗਰੂਪ ਸਿੰਘ ਜਰਖੜ
98143-00722


































# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀਬੀਸੀਇੰਪਲਾਈਜ਼ ਵੈੱਲਫੈਅਰ ਫੈੱਡਰੇਸ਼ਨ ਪੰਜਾਬ ਦੀ ਸਟੇਟ ਮੀਟਿੰਗ 5 ਨਵੰਬਰ ਨੂੰ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ.ਇੰਪਲਾਈਜ਼ ਵੈੱਲਫੈਅਰ ਫੈੱਡਰੇਸ਼ਨ ਪੰਜਾਬ ਦੀ ਸਟੇਟ ਮੀਟਿੰਗ 5 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਸਵੰਤ ਰਾਏ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਨੇ ਦੱਸਿਆ ਕਿ ਇਹ ਮੀਟਿੰਗ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ, ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਅਤੇ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿੱਚ ਹੋ ਰਹੀ ਹੈ ਜਿਸ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਕੋਰ ਕਮੇਟੀ ਮੈਂਬਰ ਭਾਗ ਲੈਣਗੇ।ਮੀਟਿੰਗ ਦਾ ਮੁਖ ਏਜੰਡਾ ਪੰਜਾਬ ਸਰਕਾਰ ਵਲੋਂ ਦਲਿਤ ਮੁਲਾਜ਼ਮਾਂ ਅਤੇ ਸਮਾਜ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ਼ ਨਾ ਲੈਣਾ ਹੋਵੇਗਾ। ਕਿਉਂਕਿ ਜਿਨ੍ਹਾਂ ਦੇ ਹੱਥਾਂ ਵਿੱਚ ਅੱਜ ਪੰਜਾਬ ਸਰਕਾਰ ਦੀ ਵਾਗਡੋਰ ਹੈ ਉਹ ਕੱਲ੍ਹ ਤੱਕ ਦਲਿਤ ਸਮਾਜ ਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਹਾਮੀ ਭਰਦੇ ਰਹੇ ਹਨ ਪਰ ਅੱਜ ਜਦੋਂ ਸਰਕਾਰ ਦੀ ਚਾਬੀ ਇਨ੍ਹਾਂ ਦੇ ਹੱਥ ਵਿੱਚ ਆ ਗਈ ਹੈ ਤਾਂ ਇਨ੍ਹਾਂ ਨੇ ਮੂੰਹ 'ਚ ਸਿਊਨਾ ਪਾ ਲਿਆ ਹੈ।ਇਸ ਲਈ ਸਮਾਜ ਤੇ ਮੁਲਾਜ਼ਮਾਂ ਦੇ ਮਨਾਂ 'ਚ ਭਾਰੀ ਰੋਸ ਹੈ ਤੇ ਸਟੇਟ ਮੀਟਿੰਗ ਵਿੱਚ ਭਵਿੱਖ ਮੁਖੀ ਸਖ਼ਤ ਫੈਸਲੇ ਲੈਣ ਦੀ ਤਜਵੀਜ਼ ਹੈ।

**ਰਿਪੋਰਟ : ਡਾ. ਜਸਵੰਤ ਰਾਏ**
**(9815825999)**


EDUCATE ! UNITE !! STRUGGLE !!!
Gazetted & Non-Gazetted S.C.B.C. Employees Welfare Federation Punjab
DISTT. HOSHIARPUR
S.C.B.C. Pensioners Welfare Association Punjab
AMBEDKAR MISSION CLUB (REGD.) PUNJAB
CHAIRMAN Pt. Gurdial Singh (M) 94177-80858 | PRESIDENT Dr. Jaswant Rai (M) 98158-25999 | SENIOR VICE PRESIDENT Lec. Baldev Singh Dhugga (M) 94643-23215
Additional President: Lec. Baljit Singh 81468-74396, Lec. Lakhvir Singh 94171-79666, Jarnail Singh Sikri 99159-36562, Gen. Sec. Yodha Mall 84271-05366, Finance Sec. Balwinder Singh 94174-45739, Press Sec. Amarjit Singh 94172-52049
Ref. No. 193 Dated 29/10/2021
ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ.ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਸਟੇਟ ਮੀਟਿੰਗ 5 ਨਵੰਬਰ ਨੂੰ
ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ.ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਸਟੇਟ ਮੀਟਿੰਗ 5 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਸਵੰਤ ਰਾਏ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਨੇ ਦੱਸਿਆ ਕਿ ਇਹ ਮੀਟਿੰਗ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ, ਵਾਇਸ ਚੇਅਰਮੈਨ ਸ੍ਰੀ ਬਲਰਾਜ ਕੁਮਾਰ ਅਤੇ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਹੋ ਰਹੀ ਹੈ ਜਿਸ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਕੋਰ ਕਮੇਟੀ ਮੈਂਬਰ ਭਾਗ ਲੈਣਗੇ। ਮੀਟਿੰਗ ਦਾ ਮੁਖ ਏਜੰਡਾ ਪੰਜਾਬ ਸਰਕਾਰ ਵਲੋਂ ਦਲਿਤ ਮੁਲਾਜ਼ਮਾਂ ਅਤੇ ਸਮਾਜ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਾ ਲੈਣਾ ਹੋਵੇਗਾ। ਕਿਉਂਕਿ ਜਿਨ੍ਹਾਂ ਦੇ ਹੱਥਾਂ ਵਿਚ ਅੱਜ ਪੰਜਾਬ ਸਰਕਾਰ ਦੀ ਵਾਗਡੋਰ ਹੈ ਉਹ ਕੱਲ੍ਹ ਤੱਕ ਦਲਿਤ ਸਮਾਜ ਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਹਾਮੀ ਭਰਦੇ ਰਹੇ ਹਨ ਪਰ ਅੱਜ ਜਦੋਂ ਸਰਕਾਰ ਦੀ ਚਾਬੀ ਇਨ੍ਹਾਂ ਦੇ ਹੱਥ ਵਿਚ ਆ ਗਈ ਹੈ ਤਾਂ ਇਨ੍ਹਾਂ ਨੇ ਮੂੰਹ 'ਚ ਸਿਊਨਾ ਪਾ ਲਿਆ ਹੈ। ਇਸ ਲਈ ਸਮਾਜ ਤੇ ਮੁਲਾਜ਼ਮਾਂ ਦੇ ਮਨਾਂ 'ਚ ਭਾਰੀ ਰੋਸ ਹੈ ਤੇ ਸਟੇਟ ਮੀਟਿੰਗ ਵਿਚ ਭਵਿੱਖ ਮੁਖੀ ਸਖ਼ਤ ਫੈਸਲੇ ਲੈਣ ਦੀ ਤਜਵੀਜ਼ ਹੈ।
ਰਿਪੋਰਟ : ਡਾ. ਜਸਵੰਤ ਰਾਏ (9815825999)

# ਸਿੱਖ ਨੈਸ਼ਨਲ ਕਾਲਜ ਬੰਗਾ 'ਚ ਲਿਖਤੀ ਪ੍ਰਤੀਯੋਗਤਾ ਕਰਵਾਈ

## ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਜੇਤੂ ਵਿਦਿਆਰਥੀਆਂ ਦਾ ਸਨਮਾਨ

**ਬੰਗਾ, (ਸੰਤੋਖ ਸਿੰਘ ਜੱਸੀ)–** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਇਸ ਵਿੱਚ ਕਾਲਜ ਦੀਆਂ ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰਤੀਯੋਗਤਾ 'ਚ ਬੀ ਐਸ ਸੀ ਦੀਆਂ ਵਿਦਿਆਰਥਣਾਂ ਸਿਵਾਨੀ ਪਿੰਡ ਲਾਲਪੁਰ, ਪ੍ਰਭਜੋਤ ਕੌਰ ਪਿੰਡ ਅਮਰਗੜ੍ਹ ਅਤੇ ਪ੍ਰਿਆ ਵਾਸੀ ਬੰਗਾ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਉਹਨਾਂ ਨੂੰ ਸੰਸਥਾ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ



ਕੀਤਾ ਗਿਆ। ਇਸ ਦੇ ਨਾਲ ਸਾਰੇ ਪ੍ਰਤੀਯੋਗੀਆਂ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ। ਇਹ ਰਸਮ ਸਮਾਗਮ ਦੇ ਮੁੱਖ ਮਹਿਮਾਨ ਸ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਡਾ। ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਬੰਗਾ ਅਤੇ ਹਰਮਿੰਦਰ ਸਿੰਘ ਤਲਵੰਡੀ ਪ੍ਰਧਾਨ ਸਮਾਜਿਕ ਸਾਂਝ ਸੰਸਥਾ ਬੰਗਾ ਨੇ ਸਾਂਝੇ ਤੌਰ 'ਤੇ ਨਿਭਾਈ। ਉਹਨਾਂ ਜਤੂਆਂ ਨੂੰ ਵਧਾਈ ਦਿੰਦਿਆਂ ਆਪੋ ਆਪਣੇ ਸੰਬੋਧਨ 'ਚ ਵਿਦਿਆਰਥੀ ਵਰਗ ਨੂੰ ਸਮਾਜ ਸੁਧਾਰ ਹਿੱਤ ਵਲੰਟੀਅਰ ਵਜੋਂ ਸੇਵਾਵਾਂ ਨਿਭਾਉਣ ਦੀ ਅਪੀਲ ਕੀਤੀ। ਉਹਨਾਂ ਸੰਸਥਾ ਦੀਆਂ ਸਮਾਜਿਕ ਸਰਗਰਮੀਆਂ ਦੀ ਸ਼ਲਾਘਾ ਕਰਦਿਆਂ ਭਵਿੱਖ 'ਚ ਅਜਿਹੇ ਹੋਰ ਉਂਦਮ ਕਰਨ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਚਰਿੱਤਰ ਨਿਰਮਾਣ ਲਈ ਗਿਆਨ ਵਧਾਉਣ ਲਈ ਵੀ ਪ੍ਰੇਰਿਆ। ਇਸ ਮੌਕੇ ਪ੍ਰੋ। ਅਨੁਪਮ, ਕੁਮਾਰੀ ਸ਼ਿਖਾ ਪ੍ਰੋਗਰਾਮ ਕੋ-ਆਰਡੀਨੇਟਰ ਬੋਟਨੀ ਵਿਭਾਗ, ਸਕੱਤਰ ਸੁਰਜੀਤ ਮਜਾਰੀ, ਪ੍ਰੋ। ਤਜਿੰਦਰ ਸਿੰਘ ਆਦਿ ਵੀ ਸ਼ਾਮਲ ਸਨ।

# ਪ੍ਰਵਾਸੀ ਭਾਰਤੀ ਤੇਜਿੰਦਰ ਸਿੰਘ ਜੋਸ਼ਨ ਦੀ ਨਿਵੇਕਲੀ ਪਹਿਲ ਕਦਮੀ ਪਰਿਵਾਰ ਨੂੰ ਮਿਲੇ ਅਸ਼ੀਰਵਾਦ ਸ਼ਗਨ ਬੇਗ਼ਮਪੁਰਾ ਏਡ ਦੀ ਟੀਮ ਨੂੰ ਕੀਤੇ ਭੇਟ

## ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਨੇ ਜੋਸ਼ਨ ਪਰਿਵਾਰ ਕੀਤਾ ਧੰਨਵਾਦ

**ਫਗਵਾੜਾ (ਬੀ ਕੇ ਰੱਤੂ)–** ਸਰਦਾਰ ਤੇਜਿੰਦਰ ਸਿੰਘ ਜੋਸ਼ਨ ਜੀ ਦੇ ਬੇਟੇ ਕੁਲਤਾਰਨਜੀਤ ਸਿੰਘ ਜੀ ਦੀ ਰਿਸੈਪਸ਼ਨ ਪਾਰਟੀ ਤੇ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਵਲੋਂ ਜੋਸ਼ਨ ਪਰਵਾਰ ਨਾਲ ਖੁਸ਼ੀ ਦੇ ਪਲ ਕੀਤੇ ਸਾਂਝੇ। ਫਰਾਂਸ ਦੇ ਉਘੇ ਸਮਾਜ ਸੇਵਕ,ਕਬੱਡੀ ਖੇਡ ਜਗਤ ਵਿਚ ਪ੍ਰਮੁੱਖ ਹਸਤੀ, ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੇ ਸੰ-ਸਥਾਪਕ ਮੈਂਬਰ ਭਾਈ ਤੇਜਿੰਦਰ ਸਿੰਘ ਜੋਸ਼ਨ ਜੀ ਦੇ ਬੇਟੇ ਦੇ ਵਿਆਹ ਖੁਸ਼ੀ ਵਿਚ ਬਹੁਤ ਸ਼ਾਨਦਾਰ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਵਿਚ ਫਰਾਂਸ ਦੀਆ ਧਾਰਮਿਕ, ਸਮਾਜਿਕ, ਖੇਡ ਜਗਤ, ਅਤੇ ਰਾਜਨੀਤਕ ਜਥੇਬੰਦੀਆਂ ਦੇ ਆਗੂਆਂ ਵਲੋਂ ਨਵਵਿਆਹੀ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਪੁੱਜੇ। ਇਸ ਸਮਾਗਮ ਵਿਚ ਵਿਸ਼ੇਸ਼ ਤੋਰ ਤੇ ਬੇਗਮਪੁਰਾ ਏਡ ਦੀ ਸਮੂਚੀ ਟੀਮ ਨੇ ਜੋਸ਼ਨ ਪਰਿਵਾਰ ਦੇ ਨਾਲ ਖੁਸੀਆ ਦੇ ਪਲ ਸਾਂਝੇ ਕੀਤੇ ਜਿਨ੍ਹਾਂ ਵਿਚ ਭਾਈ ਰਾਮ ਸਿੰਘ ਮੈਗੜਾ, ਬਲਵਿੰਦਰ ਸਿੰਘ ਥਿੰਦ, ਰਾਜੂ ਚਾਂਦੀ, ਜਰਨੈਲ ਸਿੰਘ, ਪਰਮਿੰਦਰ ਸਿੰਘ ਮੁਖਤਿਆਰ ਕੌਲ ਲਾਲ ਸਿੰਘ, ਰਾਜ ਕੌਲ, ਪਰਮਜੀਤ ਮਾਨ, ਹਰਮੇਸ਼ ਲਾਲ, ਜੀ ਨੇ ਜੋਸ਼ਨ ਪਰਵਾਰ ਨੂੰ ਵਧਾਈ ਦਿੱਤੀ। ਰਿਸੈਪਸ਼ਨ ਪਾਰਟੀ ਵਿਚ ਜੋਸ਼ਨ ਪਰਿਵਾਰ ਵਲੋਂ ਬੇਹੱਦ ਪਿਆਰ ਅਤੇ ਸਤਿਕਾਰ ਦਿੱਤਾ ਗਿਆ। ਸਭ ਨੇ ਪਾਰਟੀ ਵਿਚ ਸ਼ਾਮਿਲ ਹੋ ਕੇ ਬਹੁਤ ਹੀ ਆਨੰਦ ਮਾਣਿਆ



ਦਿਲਚਸਪ ਗੱਲ ਇਹ ਰਹੀ ਪ੍ਰਵਾਰਾਂ ਵਲੋਂ ਦਿਤੇ ਅਸ਼ੀਰਵਾਦ ਸ਼ਗਨ ਵੀ ਬੇਗ਼ਮਪੁਰਾ ਏਡ ਦੀ ਟੀਮ ਨੂੰ ਦੇ ਦਿਤੇ ਅਤੇ ਆਉਣ ਵਾਲੇ ਸਮੇ ਵਿਚ ਵੀ ਜੋਸ਼ਨ ਪਰਿਵਾਰ ਸੰਸਥਾ ਦੇ ਲਈ ਵਚਨਵਧ ਹੈ। ਬੇਗ਼ਮਪੁਰਾ ਦੀ ਸਮੂਚੀ ਟੀਮ ਜੋਸ਼ਨ ਪਰਵਾਰ ਦੇ ਪਿਆਰ ਸਤਿਕਾਰ ਲਈ ਹਮੇਸ਼ਾ ਰਿਣੀ ਰਹੇਗੀ।

# ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਿੰਡ ਪਾਂਛਟ 'ਚ ਲਗਾਇਆ ਲੋਕ ਸੁਵਿਧਾ ਕੈਂਪ

## ਲੋਕ ਸੁਵਿਧਾ ਕੈਂਪਾਂ ਰਾਹੀਂ ਭਲਾਈ ਸਕੀਮਾ ਦਾ ਲਾਭ ਜਨਤਾ ਤੱਕ ਪਹੁੰਚਾਉਣਾ ਚੰਨੀ ਸਰਕਾਰ ਦਾ ਵਧੀਆ ਉਪਰਾਲਾ - ਮਾਨ

**ਫਗਵਾੜਾ (ਬੀ ਕੇ ਰੱਤੂ)–** ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪਿੰਡ ਪਾਂਛਟ ਦੇ ਪਬਲਿਕ ਹਾਈ ਸਕੂਲ ਦੀ ਗਰਾਉਂਡ 'ਚ ਲੋਕ ਸੁਵਿਧਾ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਪੰਜਾਬ ਦੇ ਸਾਬਕਾ ਮੰਤਰੀ ਅਤੇ ਪੰਜਾਬ ਐਗਰੋ ਇੰਜਸਟ੍ਰੀਜ ਕਾਰਪੋਰੇਸ਼ਨ ਦੇ ਚੇਅਰਮੈਨ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਦੇ ਨਾਲ ਸੀਨੀਅਰ ਕਾਂਗਰਸੀ ਆਗੂ ਹਰਜੀਤ ਸਿੰਘ ਪਰਮਾਰ ਚੇਅਰਮੈਨ ਜਿਲ੍ਹਾ ਕੋਆਪਰੇਟਿਵ ਸੁਸਾਇਟੀ ਕਪੂਰਥਲਾ ਵੀ ਸਨ। ਕੈਂਪ ਦੌਰਾਨ ਪੰਜ-ਪੰਜ ਮਰਲੇ ਪਲਾਟਾਂ, ਫਰੀ ਬੱਸ ਪਾਸ, ਬਕਾਇਆ ਇੰਤਕਾਲ ਦੇ ਕੇਸ, ਬਿਜਲੀ ਦੇ ਬਕਾਇਆ ਬਿਲਾਂ ਦੀ ਮੁਆਫੀ, ਕੱਟੇ ਬਿਜਲੀ ਕਨੈਕਸ਼ਨ ਦੋਬਾਰਾ ਲਗਾਉਣ, ਘਰਾਂ ਵਿਚ ਪਖਾਨੇ ਬਨਾਉਣ, ਐਲ।ਪੀ।ਜੀ। ਗੈਸ ਕੁਨੈਕਸ਼ਨ, ਬੱਚਿਆਂ ਲਈ ਸਕਾਲਰਸ਼ਿਪ, ਪੈਨਸ਼ਨ ਸਕੀਮਾਂ, ਕੱਚੇ ਮਕਾਨਾ ਨੂੰ ਪੱਕਾ ਕਰਨ, ਮਗਨਰੇਗਾ ਅਧੀਨ ਰੋਜਗਾਰ, ਸਰਬੱਤ ਸਿਹਤ ਬੀਮਾ ਯੋਜਨਾ ਕਾਰਡ ਸਮੇਤ ਹੋਰ ਲੋਕ ਭਲਾਈ ਸਕੀਮਾ ਅਧੀਨ ਲੋੜਵੰਦਾਂ ਦੇ ਫਾਰਮ ਭਰੇ ਗਏ। ਸਾਬਕਾ ਮੰਤਰੀ ਮਾਨ ਨੇ ਪੰਜਾਬ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕੈਂਪ ਵਿਚ ਮੌਜੂਦ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾ ਦਾ ਲਾਭ ਹਰ ਲੋੜਵੰਦ ਤੱਕ ਯਕੀਨੀ ਤੌਰ ਤੇ ਪਹੁੰਚਾਇਆ ਜਾਵੇ। ਕੈਂਪ ਵਿਚ ਕਿਸੇ ਵੀ ਕੰਮ ਲਈ ਆਏ ਨਾਗਰਿਕ ਨੂੰ ਕੋਈ ਪਰੇਸ਼ਾਨੀ ਨਾ ਹੋਣ ਦਿੱਤੀ ਜਾਵੇ। ਇਸ ਮੌਕੇ ਉਹਨਾਂ ਅੰਗਹੀਣਾਂ ਤੋਂ ਇਲਾਵਾ ਵੱਖ ਵੱਖ ਪਿੰਡਾਂ ਤੋਂ ਆਏ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਜਲਦੀ ਹੀ ਹਲ ਕਰਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਐਸ।ਡੀ।ਐਮ। ਕੁਲਪ੍ਰੀਤ ਸਿੰਘ, ਤਹਿਸੀਲਦਾਰ ਹਰਕਰਮ ਸਿੰਘ, ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ ਤੋਂ ਇਲਾਵਾ ਹਰਜੀਤ ਸਿੰਘ ਸਰਪੰਚ, ਰਾਮਪਾਲ ਸਾਹਨੀ, ਸਰਪੰਚ, ਜੋਗਿੰਦਰ ਪਾਲ ਭਬਿਆਣਾ, ਵਰੁਣ ਬੰਗੜ ਚੱਕ ਹਕੀਮ, ਰਵਿੰਦਰ ਸਿੰਘ ਪੀ।ਏ।, ਨਵੀਨ ਚੱਕ ਹਕੀਮ, ਲਖਵੀਰ ਲਾਲ ਬੱਬੂ, ਇੰਦਰਜੀਤ ਪਾਂਛਟਾ, ਨਰਿੰਦਰ ਗੋਨੀ, ਕ੍ਰਿਪਾਲ ਖਲਿਆਣ, ਅਵਤਾਰ ਸਿੰਘ ਨਸੀਰਾਬਾਦ, ਤਰਸੇਮ ਲਾਲ ਮਾਇਓ ਪੱਟੀ, ਜੋਗਿੰਦਰ ਕੌਰ ਸਾਬਕਾ ਪੰਚ, ਅਮਿਤ ਸਿੰਘ ਸਰਪੰਚ ਰਣਧੀਰਗੜ੍ਹ ਆਦਿ ਹਾਜਰ ਸਨ।





# ਜਸਵਿੰਦਰ ਵਰਿਆਣਾ ਬਣੇ ਸਮਤਾ ਸੈਨਿਕ ਦਲ, ਇਕਾਈ ਪੰਜਾਬ ਦੇ ਪ੍ਰਧਾਨ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।), ਪੰਜਾਬ ਇਕਾਈ ਦੀ ਜਨਰਲ ਬਾਡੀ ਦੀ ਮੀਟਿੰਗ ਅੱਜ ਅੰਬੇਡਕਰ ਭਵਨ ਜਲੰਧਰ ਵਿਖੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਦੀ ਪ੍ਰਧਾਨਗੀ ਹੇਠ ਹੋਈ। ਦਲ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਦਲ ਦੀ ਪੰਜਾਬ ਇਕਾਈ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ। ਦਲ ਦੇ ਵਿੱਤ ਸਕੱਤਰ ਐਡਵੋਕੇਟ ਕੁਲਦੀਪ ਭੱਟੀ ਵੱਲੋਂ ਦਲ ਦੇ ਖਾਤੇ ਪੇਸ਼ ਕੀਤੇ ਗਏ। ਦਲ ਦੀ ਪੰਜਾਬ ਇਕਾਈ ਦੀ ਚੋਣ ਕਰਵਾਉਣ ਲਈ ਸਰਬਸੰਮਤੀ ਨਾਲ ਐਡਵੋਕੇਟ ਕੁਲਦੀਪ ਭੱਟੀ ਨੂੰ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ। ਸਮਤਾ ਸੈਨਿਕ ਦਲ, ਪੰਜਾਬ ਇਕਾਈ ਦੇ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਸਭ ਦਾ ਧੰਨਵਾਦ ਕਰਦਿਆਂ ਸਦਨ ਨੂੰ ਭੰਗ ਕੀਤਾ ਅਤੇ ਐਡਵੋਕੇਟ ਕੁਲਦੀਪ ਭੱਟੀ ਨੂੰ ਚੋਣ ਕਰਵਾਉਣ ਦੀ ਬੇਨਤੀ ਕੀਤੀ। ਅਹੁਦੇਦਾਰਾਂ



ਅਤੇ ਕਾਰਜਕਾਰਨੀ ਕਮੇਟੀ ਮੈਂਬਰਾਂ ਦੀ ਨਵੀਂ ਟੀਮ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।

ਨਵੀਂ ਚੁਣੀ ਗਈ ਟੀਮ ਦੇ ਮੈਂਬਰ ਹਨ: ਪ੍ਰਧਾਨ- ਜਸਵਿੰਦਰ ਵਰਿਆਣਾ, ਜਨਰਲ ਸਕੱਤਰ- ਬਲਦੇਵ ਰਾਜ ਭਾਰਦਵਾਜ, ਸਹਾਇਕ ਜਨਰਲ ਸਕੱਤਰ ਅਤੇ ਪਰੇਡ ਇੰਚਾਰਜ - ਤਿਲਕ ਰਾਜ, ਵਿੱਤ ਸਕੱਤਰ ਅਤੇ ਕਾਨੂੰਨੀ ਸਲਾਹਕਾਰ - ਐਡਵੋਕੇਟ ਕੁਲਦੀਪ ਭੱਟੀ, ਪ੍ਰੈੱਸ ਸਕੱਤਰ- ਡਾ: ਮੋਹਿੰਦਰ ਸੰਧੂ, ਲੇਡੀਜ਼ ਵਿੰਗ ਕਨਵੀਨਰ- ਸ਼੍ਰੀਮਤੀ ਸੁਖਵਿੰਦਰ ਕੌਰ, ਸਹਾਇਕ ਲੇਡੀਜ਼ ਵਿੰਗ ਕਨਵੀਨਰ- ਮਿਸ ਬੁੱਧ ਪ੍ਰਿਆ, ਦਫ਼ਤਰ ਸਕੱਤਰ- ਵਿਨੋਦ ਕੁਮਾਰ। ਚੁਣੇ ਗਏ ਕਾਰਜਕਾਰਨੀ ਕਮੇਟੀ ਮੈਂਬਰ ਹਨ: ਹਰਭਜਨ ਨਿਮਤਾ, ਸ਼ੰਕਰ ਨਵਧਰੇ, ਚਮਨ ਲਾਲ, ਗੌਤਮ (ਹੁਸ਼ਿਆਰਪੁਰ), ਸਾਰੰਗਾ, ਅਵਧੂਤ ਕੁਮਾਰ, ਸੰਨੀ ਥਾਪਰ ਅਤੇ ਸੁਖਰਾਜ। ਐਡਵੋਕੇਟ ਕੁਲਦੀਪ ਭੱਟੀ, ਕਾਨੂੰਨੀ ਸਲਾਹਕਾਰ, ਕੇਂਦਰੀ ਕਾਰਜਕਾਰਨੀ ਕਮੇਟੀ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।), ਮੁੱਖ ਦਫਤਰ, ਨਾਗਪੁਰ (ਮਹਾਰਾਸ਼ਟਰ ਰਾਜ) ਵੱਲੋਂ ਚੋਣ ਬਹੁਤ ਹੀ ਸੁਚਾਰੂ ਢੰਗ ਨਾਲ ਕਰਵਾਈ ਗਈ। ਇਹ ਜਾਣਕਾਰੀ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।

# ਪਰਕਸ ਵੱਲੋਂ ਆਉਂਦੇ ਵਿਧਾਨ ਸਭਾ ਅਜਲਾਸ ਵਿਚ ਲਾਇਬਰੇਰੀ ਬਿਲ ਪਾਸ ਕਰਨ ਦੀ ਮੰਗ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਲੁਧਿਆਣਾ (ਪਰਕਸ) ਦੇ ਪ੍ਰਧਾਨ ਡਾ· ਬਿਕਰਮ ਸਿੰਘ ਘੁੰਮਣ ਤੇ ਮੈਨੇਜਿੰਗ ਡਾਇਰੈਕਟਰ ਡਾ। ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਤੇ ਉਚੇਰੀ ਸਿੱਖਿਆ ਮੰਤਰੀ ਸ੍ਰੀ ਪ੍ਰਗਟ ਸਿੰਘ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਸਾਰੇ ਸੂਬੇ ਲਾਇਬਰੇਰੀ ਐਕਟ ਪਾਸ ਕਰਕੇ ਪਿੰਡਾਂ,ਕਸਬਿਆਂ ਤੇ ਸ਼ਹਿਰਾਂ ਵਿਚ ਲਾਇਬਰੇਰੀਆਂ ਖੋਲ ਚੁੱਕੇ ਹਨ ਪਰ ਪੰਜਾਬ ਹੀ ਇਕੋ ਇਕ ਫਾਡੀ ਸੂਬਾ ਹੈ ਜਿਸ ਨੇ ਅਜੇ ਤੀਕ ਕਾਨੂੰਨ ਨਹੀਂ ਬਣਾਇਆ। ਮਦਰਾਸ ਸੂਬੇ ਨੇ ਇਸ ਸਬੰਧੀ ਬਿੱਲ 1948 ਵਿਚ ਤੇ ਸਾਡੇ ਗੁਆਂਢੀ ਹਰਿਆਣਾ ਨੇ 1989 ਵਿਚ ਪਾਸ ਕਰਕੇ ਪਿੰਡਾਂ ਤੇ ਸਭ ਸ਼ਹਿਰਾਂ ਵਿਚ ਲਾਇਬਰੇਰੀ ਖੋਲ ਦਿ-ੱਤੀਆਂ।ਸਾਡੇ ਸਮੇਤ ਬਹੁਤ ਸਾਰੀਆਂ ਲੇਖਕ ਸਭਾਵਾਂ ਤੇ ਲਾਇਬਰੇਰੀਆਂ ਨਾਲ ਸਬੰਧਿਤ ਲਾਇਬਰੇਰੀਅਨਾਂ ਦੀਆਂ ਜਥੇਬੰਧੀਆਂ ਵੀ ਇਸ ਬਿੱਲ ਨੂੰ ਪਾਸ ਕਰਨ ਲਈ ਜਦੋ-ਜਹਿਦ ਕਰ ਰਹੀਆਂ ਹਨ ਪਰ ਪੰਜਾਬ ਸਰਕਾਰ ਦੇ ਕੰਨਾਂ 'ਤੇ ਜੂੰਅ ਨਹੀਂ ਸਰਕ ਰਹੀ। ਪੰਜਾਬ ਨੂੰ ਨਸ਼ਾ ਮੁਕਤ ਕਰਨ ਅਤੇ ਪੰਜਾਬੀਆਂ ਵਿਚ ਬੌਧਿਕ ਚੇਤਨਾ ਪੈਦਾ ਕਰਨ ਲਈ ਲਾਇਬਰੇਰੀਆਂ ਵਡਮੁੱਲਾ ਯੋਗਦਾਨ ਪਾ ਸਕਦੀਆਂ।

ਅਕਾਲੀ-ਭਾਜਪਾ ਸਰਕਾਰ ਨੇ 2011ਵਿਚ ਪੰਜਾਬ ਵਿਚ ਲਾਇਬਰੇਰੀਆਂ ਦਾ ਜਾਲ ਵਿਛਾਉਣ ਲਈ 'ਸ਼ਬਦ ਪ੍ਰਕਾਸ਼ ਪੰਜਾਬ ਪਬਲਿਕ ਲਾਇਬਰੇਰੀ ਐਂਡ ਇਨਫਰਮੇਸ਼ਨ ਸਰਵਿਸਜ਼ ਬਿਲ 2011' ਨਾਂ ਹੇਠ ਖ਼ਰੜਾ ਤਿਆਰ ਕਰਵਾਇਆ ਸੀ, ਜੋ ਦਸ ਸਾਲ ਬੀਤ ਜਾਣ 'ਤੇ ਵੀ ਕਾਨੂੰਨੀ ਸ਼ਕਲ ਧਾਰਨ ਨਹੀਂ ਕਰ ਸਕਿਆ।

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਵਲੋਂ ਲਿਖੇ ਪੱਤਰਾਂ ਦੇ ਜੁਆਬ ਵਿੱਚ ਸਹਾਇਕ ਡਾਇਰੈਕਟਰ (ਕਾਲਜਾਂ) ਨੇ 6 ਜੁਲਾਈ 2018 ਰਾਹੀਂ ਦੱਸਿਆ ਹੈ ਕਿ ਲਾਇਬਰੇਰੀ ਐਕਟ ਦਾ ਖਰੜਾ 4 ਜੂਨ 2018 ਨੂੰ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਹੈ।ਇਸ ਲਈ ਇਹ ਮਾਮਲਾ ਸਰਕਾਰੀ ਪੱਧਰ ਤੇ ਕਾਰਵਾਈ ਅਧੀਨ ਹੈ। ਸੁਸਾਇਟੀ ਦੇ ਆਗੂਆਂ ਨੇ ਇਸ ਖਰੜੇ ਨੂੰ ਆਉਂਦੇ 8 ਨਵੰਬਰ2021 ਨੂੰ ਹੋਣ ਵਾਲੇ ਵਿਧਾਨ ਸਭਾ ਅਜਲਾਸ ਵਿਚ ਪੇਸ਼ ਕਰਕੇ ਪਾਸ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਹੈ।

****

# ਸ਼ਮਾਂ ਰੌਸ਼ਨ ਕਰਨ ਨਾਲ ਦੋ ਰੋਜ਼ਾ ਮੇਲੇ ਦਾ ਆਗਾਜ਼











**ਜਲੰਧਰ–** ਬੱਬਰ ਅਕਾਲੀ ਲਹਿਰ ਨੂੰ ਯਾਦ ਕਰਦਿਆਂ ਕਿਸਾਨ ਸੰਘਰਸ਼ ਨੂੰ ਸਮਰਪਿਤ ਦੋ ਰੋਜ਼ਾ 30ਵਾਂ ਮੇਲਾ ਗ਼ਦਰੀ ਬਾਬਿਆਂ ਦਾ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਅੰਦਰ ਜੋਸ਼-ਖ਼ਰੋਸ਼ ਨਾਲ ਸ਼ੁਰੂ ਹੋਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਹਰਦੇਵ ਅਰਸ਼ੀ, ਵਿਜੈ ਬੰਬੇਲੀ, ਹਰਮੇਸ਼ ਮਾਲੜੀ, ਪ੍ਰੋ.ਗੋਪਾਲ ਬੁੱਟਰ, ਦੇਵ ਰਾਜ ਨਯੀਅਰ ਅਤੇ ਮਨਜੀਤ ਸਿੰਘ ਨੇ ਸ਼ਮ੍ਹਾਂ ਰੌਸ਼ਨ ਕੀਤੀ। ਇਸ ਮੌਕੇ ਮਿਊਜ਼ੀਅਮ ਨੂੰ ਦਿੱਤੇ ਨਵੇਂ ਮੁਹਾਂਦਰੇ ਦਾ ਉਦਘਾਟਨ ਕਰਦਿਆਂ ਗ਼ਦਰੀ ਸ਼ਹੀਦਾਂ ਨੂੰ ਸਿਜਦਾ ਕੀਤਾ ਗਿਆ।

ਮੇਲੇ ਦੇ ਪਹਿਲੇ ਦਿਨ ਪਹਿਲੇ ਸੈਸ਼ਨ ਦੇ ਮੁੱਖ ਬੁਲ-ਾਰੇ ਡਾ. ਗਿਆਨ ਸਿੰਘ ਨੇ 'ਖੇਤੀ ਸੰਕਟ ਅਤੇ ਹੱਲ' ਵਿਸ਼ੇ 'ਤੇ ਬੋਲਦਿਆਂ ਠੋਸ ਤੱਥਾਂ ਦੇ ਹਵਾਲੇ ਦਿੰਦਿਆਂ ਕਿਹਾ ਕਿ ਕਾਰਪੋਰੇਟ ਦੀ ਨੀਤੀ 'ਤੇ ਫੁੱਲ ਚੜ੍ਹਾਉਂਦਿਆਂ ਖੇਤੀ ਵਿਕਾਸ ਦੇ ਨਾਂਅ 'ਤੇ ਖੇਤੀ ਅਤੇ ਕਿਸਾਨੀ ਦੇ ਉਜਾੜੇ ਦਾ ਰਾਹ ਮੋਕਲਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜਰਈ ਖੇਤਰ ਉਪਰ ਹਮਲੇ ਦਾ ਕੇਂਦਰ ਕਿਸਾਨਾਂ ਨਾਲੋਂ ਵੀ ਖੇਤ ਮਜ਼ਦੂਰ ਕਿਤੇ ਜ਼ਿਆਦਾ ਸ਼ਿਕਾਰ ਹੋਣਗੇ ਇਸ ਲਈ ਸਮਾਜਕ ਵਿਤਕਰੇਬਾਜੀਆਂ ਦੀਆਂ ਸਭੇ ਕੰਧਾਂ ਢਾਹੁੰਦੇ ਹੋਏ ਕਿਰਤੀ ਕਿਸਾਨਾਂ ਨੂੰ ਗੱਲ ਲੱਗ ਕੇ ਸਾਂਝੇ ਸੰਗਰਾਮ ਅਤੇ ਹੱਲ ਦੇ ਨਵੇਂ ਰਾਹ ਤਲਾਸ਼ਣ ਲਈ ਸਾਂਝੇ ਉੱਦਮ ਜੁਟਾਉਣ ਦੀ ਲੋੜ ਹੈ। ਡਾ. ਗਿਆਨ ਸਿੰਘ ਨੇ ਕਿਹਾ ਕਿ ਚੌਤਰਫ਼ੇ ਪ੍ਰਦੂਸ਼ਣ ਖਿਲਾਫ਼ ਆਵਾਜ਼ ਬੁਲੰਦ ਕਰਨ ਲਈ ਅਸਲ 'ਚ ਧਰਤੀ ਨਾਲ ਜੁੜੇ ਕਾਮੇ ਬੁੱਧੀਜੀਵੀਆਂ ਤੋਂ ਵਡੇਰੀਆਂ ਉਮੀਦਾਂ ਹਨ। ਉਹਨਾਂ ਨੇ ਜ਼ਮੀਨੀ ਹਕੀਕਤਾਂ 'ਤੇ ਅਧਾਰਤ ਸਰਵੇ ਦੀ ਤਸਵੀਰ ਖਿੱਚਦਿਆਂ ਕਿਹਾ ਕਿ ਹੇਠਲੇ ਡੰਡੇ ਤੇ ਵਸਦੀ ਮਿਹਨਤਕਸ਼ ਲੋਕਾਈ ਨੂੰ ਕਿਸਾਨ ਮੋਰਚੇ ਨੇ ਰੌਸ਼ਨੀ ਦੀ ਆਸ਼ਾਮਈ ਕਿਰਨ ਦਿਖਾਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸੰਘਰਸ਼ ਨੇ ਇਤਿਹਾਸ ਦੀਆਂ ਨਵੀਆਂ ਪੈੜਾਂ ਪਾਉਂਦਿਆਂ ਇਹ ਹਵਾ 'ਚ ਲਿਖ ਦਿੱਤਾ ਹੈ ਕਿ ਸਿਰਨਾਵਾਂ ਜਿਉਂਦੇ ਲੋਕਾਂ ਦਾ ਹੁੰਦਾ ਹੈ, ਮੋਇਆ ਦਾ ਨਹੀਂ। ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਵਿਚਾਰ-ਚਰਚਾ ਵਿੱਚ ਬੋਲਦਿਆਂ ਕਿਹਾ ਕਿ ਕਿਸਾਨੀ ਸੰਕਟ ਦਾ ਜ਼ਿੰਮੇਵਾਰ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੀ ਸੇਵਾ 'ਚ ਭੁਗਤ ਰਿਹਾ ਜਾਗੀਰ ਸਾਮਰਾਜੀ ਪ੍ਰਬੰਧ ਹੈ ਜੋ ਕੁਦਰਤੀ ਸੋਮਿਆਂ ਅਤੇ ਜ਼ਿੰਦਗੀ ਦੇ ਹਰ ਖੇਤਰ ਉਪਰ ਗਲਬਾ ਜਮਾ ਰਿਹਾ ਹੈ।

ਡਾ.ਪਰਮਿੰਦਰ ਨੇ ਕਿਹਾ ਕਿ ਅਜੋਕੇ ਸਮੇਂ ਕਾਲ਼ੇ ਖੇਤੀ ਕਾਨੂੰਨਾਂ ਖਿਲਾਫ਼ ਚੱਲ ਰਿਹਾ ਸੰਗਰਾਮ ਪੂਰੇ ਮੁਲਕ ਦੇ ਜਰਈ ਸੰਕਟ ਨੂੰ ਅਤੇ ਕਿਰਤੀ ਕਿਸਾਨਾਂ ਸਮੇਤ ਸਮੂਹ ਮਿਹਨਤਕਸ਼ ਤਬਕਿਆਂ ਦੇ ਜੀਵਨ ਨਾਲ ਜੁੜਿਆ ਸੰਘਰਸ਼ ਹੈ।

ਕਮੇਟੀ ਮੈਂਬਰ ਦਰਸ਼ਨ ਸਿੰਘ ਖਟਕੜ ਨੇ ਕਿਹਾ ਕਿ ਹਰੇ ਇਨਕਲਾਬ ਦੇ ਨਾਂਅ 'ਤੇ ਜਿਹਨਾਂ ਖੇਤਰਾਂ 'ਚ ਨਵੀਆਂ ਖੇਤੀ ਨੀਤੀਆਂ ਨੇ ਪੈਰ ਪਸਾਰੇ, ਉਥੇ ਸੰਕਟ ਹੋਰ ਵੀ ਵਿਆਪਕ ਅਤੇ ਤਿੱਖਾ ਹੋਇਆ ਹੈ। ਇਹ ਸੰਕਟ ਜ਼ਮੀਨੀ ਸੁਧਾਰ ਕਰਨ ਦੀ ਬਜਾਏ ਸਗੋਂ ਜਾਗੀਰਦਾਰਾਂ ਦੀ ਮੱਦਦ ਕਰਨ ਕਾਰਨ ਹੋਰ ਵੀ ਗਹਿਰਾ ਹੋਇਆ ਹੈ।

ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਕਿਹਾ ਕਿ ਕਿਸਾਨ ਘੋਲ ਨੇ ਐਮ.ਐਸ.ਪੀ. ਦੀ ਹੱਕੀ ਮੰਗ ਦੇਸ਼ ਭਰ 'ਚ ਉਠਾ ਦਿੱਤੀ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਖੇਤ ਮਜ਼ਦੂਰਾਂ ਨੂੰ ਇਸ ਘੋਲ 'ਚ ਅਨਿਖੜਵਾਂ ਅੰਗ ਬਣਾਉਣਾ ਲਾਜ਼ਮੀ ਹੈ। ਉਹਨਾਂ ਕਿਹਾ ਕਿ ਇਸ ਦਿਸ਼ਾ ਵੱਲ ਜਿਹੜੀਆਂ ਕਿਸਾਨ ਜੱਥੇਬੰਦੀਆਂ ਸੁਚੇਤ ਹੋ ਕੇ ਕੰਮ ਕਰ ਰਹੀਆਂ ਹਨ, ਉਹਨਾਂ ਨੇ ਪ੍ਰਭਾਵਸ਼ਾਲੀ ਕੰਮ ਕੀਤਾ ਹੈ। ਵਿਚਾਰ-ਚਰਚਾ ਦੇ ਦੂਜੇ ਸੈਸ਼ਨ 'ਚ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਵਿਸ਼ੇ 'ਤੇ ਬੋਲਦਿਆਂ ਡਾ. ਕਮਲੇਸ਼ ਉੱਪਲ ਨੇ ਕਿਹਾ ਕਿ ਬੱਬਰ ਅਕਾਲੀ ਲਹਿਰ ਗ਼ਦਰ ਲਹਿਰ ਤੋਂ ਪ੍ਰੇਰਨਾ ਲੈ ਕੇ ਆਜ਼ਾਦੀ ਦੀ ਜੱਦੋ ਜਹਿਦ 'ਚ ਕੁੱਦੀ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਭਾਵੇਂ ਥੋੜ੍ਹੇ ਸਮੇਂ ਦੀ ਅਤੇ ਇੱਕ ਖਿੱਤੇ ਦੀ ਲਹਿਰ ਸੀ ਪਰ ਇਸ ਲਹਿਰ ਨੇ ਆਜ਼ਾਦੀ ਦੇ ਇਤਿਹਾਸ ਵਿੱਚ ਅਮਿੱਟ ਛਾਪ ਛੱਡੀ।

ਵਿਚਾਰ-ਚਰਚਾ 'ਚ 30ਵੇਂ ਮੇਲੇ ਦੀ ਸਾਰਥਕਤਾ ਸਬੰਧੀ ਮੁੱਢਲੇ ਸ਼ਬਦ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਹੇ ਅਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਭਨਾਂ ਬੁੱਧੀਜੀਵੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਸ਼ਾਮ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ, ਪ੍ਰੋ. ਕੁਲਵੰਤ ਸਿੰਘ ਔਜਲਾ, ਹਰਮੀਤ ਵਿਦਿਆਰਥੀ, ਮਦਨ ਵੀਰਾ ਦੀ ਪ੍ਰਧਾਨਗੀ ਅਤੇ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਦੀ ਮੰਚ ਸੰਚਾਲਨਾ 'ਚ ਹੋਏ ਕਵੀ ਦਰਬਾਰ 'ਚ ਸ਼ਬਦੀਸ਼, ਵਿਸ਼ਾਲ, ਅਮਰੀਕ ਡੋਗਰਾ, ਸ਼ਮਸ਼ੇਰ ਮੋਹੀ, ਜਗਵਿੰਦਰ ਜੋਧਾ, ਵਾਹਿਦ, ਰਣਜੀਤ ਸਰਾਂਵਾਲੀ, ਕੁਲਵਿੰਦਰ ਕੁੱਲਾ, ਮਨਦੀਪ ਔਲਖ, ਦੀਪ ਨਿਰਮੋਹੀ, ਮਨਜਿੰਦਰ ਕਮਲ, ਸਵਾਮੀ ਅੰਤਰ ਨੀਰਵਾਲ, ਇੰਦੂ ਧਵਨ, ਮਦਨ ਵੀਰਾ, ਕੁਲਵੰਤ ਸਿੰਘ ਔਜਲਾ ਅਤੇ ਹਰਵਿੰਦਰ ਭੰਡਾਲ ਨੇ ਕਵਿਤਾਵਾਂ ਰਾਹੀਂ ਸਮੇਂ ਦੀ ਨਬਜ਼ ਫੜੀ ਅਤੇ ਸਮਾਜ ਅੰਦਰ ਧੁਖਦੇ ਅਨੇਕਾਂ ਹੀ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਵਿਸ਼ਿਆਂ ਨੂੰ ਕਾਵਿਕ ਰੰਗ 'ਚ ਪੇਸ਼ ਕੀਤਾ।

ਕਵੀ ਦਰਬਾਰ 'ਚ 28 ਪੁਸਤਕਾਂ ਲੋਕ ਅਰਪਣ ਹੋਣਾ ਇਹ ਦਰਸਾਉਂਦਾ ਹੈ ਕਿ ਚੁਣੌਤੀਆਂ ਦੇ ਦੌਰ 'ਚ ਸਾਹਿਤ ਸਿਰਜਣਾ ਹੋਰ ਵੀ ਧੜਲੇ ਨਾਲ ਹੋਣ ਲੱਗੀ ਹੈ। ਪੀਪਲਜ਼ ਵਾਇਸ ਵੱਲੋਂ ਸੱਤਿਆਜੀਤ ਰੇਅ ਦੀ 'ਸਦਗਤੀ' ਅਤੇ ਚਾਰਲਿਨ ਚੈਪਲਿਨ ਦੀ 'ਵਰਕ' ਫ਼ਿਲਮਾਂ ਵਿਸ਼ਾਲ ਪੰਡਾਲ ਵਿੱਚ ਦਿਖਾਈਆਂ ਗਈਆਂ।

# ਵੈਕਸੀਨ ਲਵਾਉਣੀ ਜਰੂਰੀ ਹੋਣ ਉਪਰੰਤ ਨਿਊਯਾਰਕ ਵਿਚ ਸੈਂਕੜੇ ਮੁਲਾਜ਼ਮਾਂ ਨੇ ਆਪਣੇ ਆਪ ਨੂੰ ਬਿਮਾਰ ਦੱਸਕੇ ਲਈ ਛੁੱਟੀ

## ਮੇਅਰ ਨੇ ਦਿੱਤੀ ਸਿੱਟੇ ਭੁਗਤਣ ਦੀ ਚਿਤਾਵਨੀ

**ਸੈਕਰਾਮੈਂਟੋ 2 ਨਵੰਬਰ (ਹੁਸਨ ਲੜੋਆ ਬੰਗਾ)–** ਸੋਮਵਾਰ ਤੋਂ ਕੋਵਿਡ-19 ਤੋਂ ਬਚਾਅ ਲਈ ਵੈਕਸੀਨ ਲਵਾਉਣੀ ਜਰੂਰੀ ਹੋਣ ਉਪਰੰਤ ਨਿਊਯਾਰਕ ਸ਼ਹਿਰ ਦੇ ਅੱਗ ਬੁਝਾਊ ਵਿਭਾਗ ਦੇ ਸੈਂਕੜੇ ਮੁਲਾਜ਼ਮ ਛੁੱਟੀ ਉਪਰ ਚਲੇ ਗਏ ਹਨ। ਅੱਗ ਬੁਝਾਊ ਵਿਭਾਗ ਨਿਊਯਾਰਕ ਦੇ ਕਮਿਸ਼ਨਰ ਡੈਨੀਏਲ ਏ ਨਿਗਰੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵੈਕਸੀਨ ਲਵਾਉਣ ਦੇ ਵਿਰੋਧ ਵਿਚ 2300 ਮੁਲਾਜ਼ਮ ਆਪਣੇ ਆਪ ਨੂੰ ਬਿਮਾਰ ਦੱਸਕੇ ਛੁੱਟੀ 'ਤੇ ਚਲੇ ਗਏ ਹਨ। ਆਮ ਤੌਰ 'ਤੇ 800 ਤੋਂ 1000 ਤੱਕ ਮੁਲਾਜ਼ਮ ਬਿਮਾਰੀ ਦੀ ਛੁੱਟੀ ਲੈਂਦੇ ਹਨ। ਨਿਗਰੋ ਨੇ ਦੱਸਿਆ ਕਿ ਇਹ ਮੁਲਾਜ਼ਮ ਵੈਕਸੀਨ ਦਾ ਵਿਰੋਧ ਕਰ ਰਹੇ ਹਨ। ਉਨਾਂ ਨੇ ਮੁਲਾਜ਼ਮਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਸੱਚਮੁੱਚ ਹੀ ਬਿਮਾਰ ਹੋ ਤਾਂ ਠੀਕ ਹੈ ਕਿਉਂਕਿ ਤੁਹਾਡਾ ਕੰਮ ਖਤਰਨਾਕ ਹੈ ਤੇ ਜੇਕਰ ਤੁਸੀਂ ਬਿਮਾਰ ਨਹੀਂ ਹੋ ਤਾਂ ਮੈਂ ਚਹੁੰਦਾ ਹਾਂ ਕਿ ਤੁਸੀਂ ਕੰਮ ਉਪਰ ਆ ਜਾਵੋ। ਉਨਾਂ ਕਿਹਾ ਕਿ ਜੇਕਰ ਕੋਈ ਮੁਲਾਜ਼ਮ ਡਾਕਟਰੀ ਛੁੱਟੀ ਦੀ ਅਣਉਚਿੱਤ ਵਰਤੋਂ ਨਹੀਂ ਕਰਦਾ ਤਾਂ ਉਹ ਨਾ ਕੇਵਲ ਸ਼ਹਿਰੀਆਂ ਦੀ ਮੱਦਦ ਕਰਦਾ ਹੈ ਬਲਕਿ ਆਪਣੇ ਭੈਣ-ਭਰਾਵਾਂ ਲਈ ਵੀ ਨੌਕਰੀ ਦੇ ਦਰਵਾਜ਼ੇ ਖੋਲ ਦਿੰਦਾ ਹੈ। ਅਧਿਕਾਰੀਆਂ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਅੱਗ ਬੁਝਾਊ ਵਿਭਾਗ ਨੂੰ ਮੁਲਾਜ਼ਮਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੇਅਰ ਬਿੱਲ ਡੇ ਬਲਾਸੀਓ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵੈਕਸੀਨ ਦੇ ਵਿਰੋਧ ਵਿਚ ਸੋਮਵਾਰ ਨੂੰ ਕੁਲ 3,78,000 ਮੁਲਾਜ਼ਮਾਂ ਵਿਚੋਂ ਅੰਦਾਜਨ 9000 ਬਿਨਾਂ ਤਨਖਾਹ ਛੁੱਟੀ ਉਪਰ ਸਨ। ਉਨਾਂ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਅੱਗ ਬੁਝਾਊ ਵਿਭਾਗ ਜਾਂ ਹੋਰ ਕਿਸੇ ਵੀ ਵਿਭਾਗ ਵਿਚ ਜੋ ਲੋਕ ਬਿਮਾਰੀ ਛੁੱਟੀ ਦਾ ਦੁ-ਰਉਪਯੋਗ ਕਰ ਰਹੇ ਹਨ, ਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ। ਮੇਅਰ ਨੇ ਕਿਹਾ ਕਿ ਜਿਹੜੇ ਮੁਲਾਜ਼ਮ ਫਰੇਬ ਕਰਕੇ ਦੂਸਰਿਆਂ ਦੀ ਜਾਨ ਲਈ ਖਤਰਾ ਪੈਦ ਕਰ ਰਹੇ ਹਨ, ਉਨਾਂ ਵਿਰੁੱਧ ਕਾਰਵਾਈ ਹੋਵੇਗੀ। ਉਨਾਂ ਕਿਹਾ ਕਿ ਮੁਲਾਜ਼ਮਾਂ ਦੀ ਘਾਟ ਕਾਰਨ ਅੱਗ ਬੁਝਾਊ ਵਿਭਾਗ ਦੇ ਕੁਲ 350 ਯੁਨਿਟਾਂ ਵਿਚੋਂ 18 ਬੰਦ ਹਨ। ਇਸ ਦੌਰਾਨ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਐਂਡਰੀਊ ਐਨਸਬਰੋ ਨੇ ਕਿਹਾ ਹੈ ਕਿ ਉਹ ਨਹੀਂ ਜਾਣਦੇ ਕਿ ਲੰਘੇ ਸੋਮਵਾਰ ਵੈਕਸੀਨ ਨਾ ਲਵਾਉਣ ਵਾਲੇ ਕਿੰਨੇ ਮੁਲਾਜ਼ਮਾਂ ਨੂੰ ਕੰਮ ਉਪਰ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

# ਅਰਪਨ ਸੰਸਥਾ ਨੇ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ

ਅਰਪਨ ਸੰਸਥਾ ਵਲੋਂ ਸੋਸਵਾ ਪੰਜਾਬ ਦੀ ਮੱਦਦ ਨਾਲ ਕਥੇੜਾ ਨੰਗਲ ਵਿੱਚ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਦਿਤੀਆਂ ਗਈਆਂ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਸਮਤਾ ਅੰਦੋਲਨ ਅਤੇ ਬਾਬੂ ਜਗਜੀਵਨ ਰਾਮ ਮੈਮੋਰੀਅਲ ਟਰਸਟ ਆਗੂ ਡਾਕਟਰ ਕੇ ਆਰ ਆਰਿਆ, ਵਾਰਡ ਦੇ ਮਿਉਂਸਿਪਲ ਕੌਂਸਲਰ ਮੈਡਮ ਵੀਨਾ ਐਰੀ ਅਤੇ ਰੋਟੇਰੀਅਨ ਪਰਮਿੰਦਰ ਸੰਧੂ ਪ੍ਰਧਾਨ ਅਰਪਨ ਵਿਸ਼ੇਸ਼ ਤੋਰ ਤੇ ਪਹੁੰਚੇ। ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਕਟਿੰਗ ਟੇਲਰਿੰਗ ਸੈਂਟਰ ਦੇ ਇੰਚਾਰਜ ਮੈਡਮ ਪੂਜਾ ਠਾਕੁਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਇਸ ਸਿਖਲਾਈ ਕੋਰਸ ਦੌਰਾਨ ਦਿਤੀ ਗਈ ਟ੍ਰੇਨਿੰਗ ਬਾਰੇ ਵਿਸਥਾਰ ਵਿੱਚ ਦੱਸਿਆ। ਮੈਡਮ ਰੀਤਿਕਾ, ਮੋਨਿਕਾ ਦੇਵੀ ਅਤੇ ਰੁਪਾਲੀ ਨੇ ਅਰਪਨ ਸੰਸਥਾ ਵਲੋਂ ਮਹਿਲਾਵਾਂ ਅਤੇ ਬੱਚਿਆਂ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ। ਅਰਪਨ ਦੇ ਪ੍ਰਧਾਨ ਅਤੇ ਰੋਟਰੀ ਕਲੱਬ ਦੇ ਸਾਬਕਾ ਅਸਿਸਟੈਂਟ ਗਵਰਨਰ ਪਰਮਿ-ਦਰ ਸੰਧੂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੜਕੀਆਂ ਕਿਸੇ ਗੱਲੋਂ ਮੁੰਡਿਆਂ ਨਾਲੋ ਘੱਟ ਨਹੀਂ ਹਨ ਅਤੇ ਜੇਕਰ ਉਨ੍ਹਾਂ ਨੂੰ ਕੁੱਝ ਕਰਨ ਅਤੇ ਸਿੱਖਣ ਦਾ ਮੌਕਾ ਮਿ਼ਲੇ ਤਾਂ ਉਹ ਮੁੰਡਿਆਂ ਨਾਲੋਂ ਵੀ ਵੱਧ ਲਗਨ ਨਾਲ ਸਿਖਦੀਆਂ ਹਨ ਅਤੇ ਮਿਹਨਤ ਕਰ-ਦੀਆਂ ਹਨ। ਕੌਂ-ਸਲਰ ਮੈਡਮ ਵੀਨਾ ਐਰੀ ਨੇ ਕਿਹਾ ਕਿ ਕੁ-ੜੀਆਂ ਨਾਲ ਕਿਸੇ ਵੀ ਤਰਾਂ ਦਾ ਪੱਖਪਾਤ ਨਹੀ ਕਰਨਾ ਚਾਹੀਦਾ ਹੈ ਅਤੇ ਉਹਨਾ ਨੂੰ ਵੀ ਮੁੰਡਿਆਂ ਬਰਾਬਰ ਹੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਵੀ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵੱਧ ਚੜ੍ਹ ਕੇ ਕੰਮ ਕਰ ਸਕਣ। ਮੁੱਖ ਮਹਿਮਾਨ ਡਾਕਟਰ ਕੇ ਆਰ ਆਰਿਆ ਨੇ ਸਮਾਜ ਵਿੱਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜਤਾ, ਨਸ਼ੇ, ਲੜਕੀਆਂ ਨਾਲ ਹੋ ਰਹੇ ਵਿਤਕਰੇ ਖਿਲਾਫ ਲੜਣ ਲਈ ਲੜਕੀਆਂ ਨੂੰ ਅੱਗੇ ਹੋਕੇ ਕੰਮ ਕਰਨ ਦਾ ਸੁਨੇਹਾ ਦਿਤਾ। ਉਹਨਾਂ ਨੇ ਸਮਾਜ ਵਿੱਚ ਲੜਕੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਤੇ ਚਿੰਤਾ ਪ੍ਰਗਟ ਕਰਦਿਆਂ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਡਾਇਰੈਕਟਰ ਕੁਲਦੀਪ ਚੰਦ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਹੁਣ ਤੱਕ ਕੋਰਸ ਮੁਕੰਮਲ ਕਰ ਚੁੱਕੀਆਂ ਸੈਂਕੜ੍ਹੇ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਇਹ ਸਿਖਿਆਰਥਣਾ ਵੀ ਇਸ ਕਿੱਤੇ ਨੂੰ ਅਪਣਾਉਣਗੀਆਂ ਅਤੇ ਆਰਥਿਕ ਤੋਰ ਤੇ ਆਤਮ ਨਿਰਭਰ ਬਣ ਸਕਣਗੀਆਂ। ਹਾਜਰ ਮਹਿਮਾਨਾਂ ਨੇ ਸੈਂਟਰ ਦੀਆਂ ਸਿਖਿਆਰਥਣਾਂ ਵਲੋਂ ਤਿਆਰ ਕੀਤੇ ਗਏ ਸਮਾਨ ਨੂੰ ਵੇਖਿਆ ਅਤੇ ਸਲਾਹੁਣਾ ਕੀਤੀ। ਸਮਾਗਮ ਵਿੱਚ ਹਾਜਰ ਸਿਖਿਆਰਥਣਾਂ ਰੀਨਾ ਰਾਣੀ, ਭਾਰਤੀ, ਸੋਨੀਆ, ਰਾਜਵੀਰ ਕੌਰ, ਮੋਨਿਕਾ, ਸ਼ਿਵਾਨੀ, ਕੁਸੁਮ, ਆਦਿ ਨੇ ਸਿਲਾਈ ਸੈਂਟਰ ਦੇ ਅਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਇਸ ਸੈਂਟਰ ਵਿੱਚ ਆਕੇ ਉਨ੍ਹਾਂ ਨੇ ਕਈ ਨਵੀਂਆਂ ਗੱਲਾਂ ਸਿਖੀਆਂ ਹਨ। ਇਸ ਮੌਕੇ ਮੈਡਮ ਰੀਮਾ ਧੀਮਾਨ, ਰਮੇਸ਼ ਕੁਮਾਰ, ਸਿਖਿਆਰਥਣਾਂ ਸ਼ੀਫਾ, ਰਮਨਾ, ਸੀਮਾ ਕੁਮਾਰੀ, ਰੀਨਾ ਦੇਵੀ, ਸੀਮਾ ਦੇਵੀ, ਚਰਨਜੀਤ ਕੌਰ, ਮੀਨਾ ਕੁਮਾਰੀ, ਸੋਨਾ ਦੇਵੀ, ਮੁਸਕਾਨ, ਸੁਨੀਤਾ ਦੇਵੀ, ਬਲਵਿੰਦਰ ਕੌਰ, ਰਾਜਵਿੰਦਰ ਕੌਰ, ਰਜਨੀ ਦੇਵੀ ਆਦਿ ਹਾਜਰ ਸਨ। ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਦੇ ਪ੍ਰਧਾਨ ਜੋਗਿੰਦਰ ਕੁਮਾਰ ਨੇ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।



**ਕੁਲਦੀਪ ਚੰਦ (9417563054)**





# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ, ਬੰਦੀ ਛੋੜ ਦਿਵਸ, ਦੀਵਾਲੀ ਅਤੇ ਯੂਬਾ ਸਿਟੀ ਦੇ 42ਵੇਂ ਮਹਾਨ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ




ਸੁੱਖਾ ਸਿੰਘ ਬੈਂਸ ਆਪਣੇ ਮਾਮਾ ਜੀ
ਦਿਲਬਾਗ ਸਿੰਘ ਸੰਧਰ ਨਾਲ








ਗੰਨੇ ਦੇ ਰਸ ਦੇ ਲੰਗਰ ਦੌਰਾਨ ਸੇਵਾ ਕਰਦੇ ਹਰਪ੍ਰੀਤ ਸਿੰਘ ਬੈਸ ਅਤੇ
ਪਰਮਿੰਦਰ ਸਿੰਘ ਲਾਲੀ ਅਤੇ ਹੋਰ ਸੰਗਤ (ਨਗਰ ਕੀਰਤਨ ਦੀਆਂ ਕੁਝ ਯਾਦਗਾਰੀ ਤਸਵੀਰਾਂ)



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।

ੴ

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ, ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ





















# ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ. ਐਸ. ਏ) ਦੇ ਮੈਂਬਰ ਅਤੇ ਸੇਵਾਦਾਰ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੌਰਾਨ ਲੰਗਰ ਦੀ ਸੇਵਾ ਕਰਦੇ ਹੋਏ







ਮੱਖਣ ਸਿੰਘ ਬੈਂਸ

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ, ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

Satguru Nanak Pargateya
Miti Dhund Jag Chanan Hoya



## Sri Guru Nanak Dev Ji's Parkash Utsav

## November 21, 2021



Sri Guru Nanak Dev Ji's Gurpurab will be celebrated at our Gurughar on November 21, 2021. Akhand path will start on Friday 11/19/2021, at 10:00 AM and will be concluded on Sunday morning 11/21/2021 followed by Kirtan. Path and Langar sewa will be hosted by devoted family of Pt. Kewal Krishan Sudhir, Phagwara Wale. Giani Ompal /Giani Gurnam Singh will adorn the occasion with Shabad Kirtan along with other Kirtani Jathas.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of **GURU GRANTH SAHIB**, are an embodiment of truthfulness and godliness which illuminated the millions of ignorant souls. HIS simple message of **"UNIVERSAL BROTHERHOOD" EQUALITY** and Love of Mankind formed the basic principles of Sikh Religion. His firm belief that God is formless, infinite and all pervasive, dwelling within us awakened the entire mankind.

**The entire Sangat is humbly requested to participate in this "Gurupurb" and do the SEWA with TAN, MAN and DHAN. For food & other stalls, please contact the management committee. We have a limited space, so please call as soon as possible to reserve the stall space or for any other Sewa. First come, first choice.**

**"NANAK NAM CHARDI KALA TERE BHANE SARBAT DA BHALA"**

**www.sriguruнавidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |


# ਗ਼ਦਰੀ ਬਾਬਿਆਂ ਦੇ ਮੇਲੇ ਨੇ ਦਿੱਤਾ ਸੰਘਰਸ਼ ਜਾਰੀ ਰੱਖਣ ਦਾ ਹੋਕਾ

## ਦੁਨੀਆਂ 'ਚ ਸਰਵੋਤਮ ਸਥਾਨ ਹੈ ਕਿਸਾਨ ਅੰਦੋਲਨ ਦਾ: ਪੀ.ਸਾਈਨਾਥ, ਭਗਤ ਸਿੰਘ ਝੁੰਗੀਆਂ ਨੇ ਕੀਤੀ ਝੰਡਾ ਲਹਿਰਾਉਣ ਦੀ ਰਸਮ









ਜਲੰਧਰ- ਬੱਬਰ ਅਕਾਲੀ ਲਹਿਰ ਅਤੇ ਕਿਸਾਨ ਅੰਦੋਲਨ ਦਾ ਸੰਗਮ ਬਣਕੇ ਲੋਕ ਮਨਾਂ 'ਤੇ ਛਾ ਗਿਆ ਮੇਲਾ ਗ਼ਦਰੀ ਬਾਬਿਆਂ ਦਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਭਗਤ ਸਿੰਘ ਝੁੰਗੀਆਂ ਨੇ ਆਜ਼ਾਦੀ ਜੱਦੋ ਜਹਿਦ 'ਚ ਵਿਲੱਖਣ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਇਆ। ਇਸ ਮੌਕੇ ਉਹਨਾਂ ਦੇ ਨਾਲ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ ਅਤੇ ਸਮੂਹ ਕਮੇਟੀ ਮੈਂਬਰ ਸ਼ਾਮਲ ਸਨ।

ਭਗਤ ਸਿੰਘ ਝੁੰਗੀਆਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਲੋਕਾਂ ਨੇ ਜੀਵਨ 'ਚ ਖੁਸ਼ਹਾਲੀ ਅਤੇ ਬਰਾਬਰੀ ਲਿਆਉਣ ਲਈ ਜਿਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ, ਉਹਨਾਂ ਦੀ ਲੋਅ ਮੱਠੀ ਨਾ ਪੈਣ ਦੇਣੀ।

ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਮੇਲੇ ਦੀ ਇਤਿਹਾਸਕ ਪ੍ਰਸੰਗਕਤਾ ਬਾਰੇ ਗੱਲ ਕਰਦਿਆਂ ਸਭ ਨੂੰ ਜੀ ਆਇਆਂ ਕਿਹਾ।

ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਵਿਸ਼ੇਸ਼ ਕਰਕੇ ਭਰੇ ਪੰਡਾਲ ਅੱਗੇ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ ਲਈ ਹੁਣ ਤੱਕ ਕਮੇਟੀ ਦੀ ਅਗਵਾਈ 'ਚ ਕੀਤੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਸ਼ਟਰਪਤੀ, ਗਵਰਨਰ, ਮੁੱਖ ਮੰਤਰੀ ਅਤੇ ਜਲ੍ਹਿਆਂਵਾਲਾ ਬਾਗ਼ ਟਰੱਸਟ ਦੇ ਮੁਖੀਆਂ ਵੱਲੋਂ ਜਰਾ ਵੀ ਹੁੰਗਾਰਾ ਨਾ ਭਰਨ ਕਾਰਨ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਚੰਡੀਗੜ੍ਹ ਵਿਖੇ ਕਨਵੈਨਸ਼ਨ ਕਰਕੇ ਰੋਸ ਵਿਖਾਵਾ ਕੀਤਾ ਜਾਵੇਗਾ।

ਕਮੇਟੀ ਦੇ ਖਜ਼ਾਨਚੀ ਰਣਜੀਤ ਸਿੰਘ ਔਲਖ ਨੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕਰਦਿਆਂ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ, ਲਖੀਮਪੁਰ ਕਤਲ ਕਾਂਡ ਦੇ ਦੋਸ਼ੀਆਂ 'ਤੇ ਕਾਰਵਾਈ ਕਰਨ, ਕਿਰਤ ਕਾਨੂੰਨਾਂ 'ਚ ਸੋਧਾਂ ਰੱਦ ਕਰਨ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਕੁਦਰਤੀ ਆਫ਼ਤਾਂ ਦਾ ਸ਼ਿਕਾਰ ਕਿਸਾਨਾਂ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਬੁੱਧੀਜੀਵੀਆਂ ਨੂੰ ਰਿਹਾਅ ਕਰਨ, ਮਾਤ ਭਾਸ਼ਾਵਾਂ 'ਤੇ ਕੀਤਾ ਹਮਲਾ ਬੰਦ ਕਰਨ ਅਤੇ ਪੰਜਾਬ ਅੰਦਰ ਬੀ.ਐਸ.ਐਫ਼ ਦਾ ਵਧਾਇਆ ਅਧਿਕਾਰ ਘੇਰਾ ਰੱਦ ਕਰਨ ਦੀ ਮੰਗ ਕੀਤੀ ਗਈ।

ਮੇਲੇ 'ਚ ਕਮੇਟੀ ਵੱਲੋਂ ਸੋਵੀਨਰ ਅਤੇ ਪੁਸਤਕ 'ਕਿਰਤੀ ਪਾਰਟੀ' (ਮੂਲ ਕ੍ਰਿਤ ਚੈਨ ਸਿੰਘ ਚੈਨ ਅਤੇ ਸੰਪਾਦਕ ਚਰੰਜੀ ਲਾਲ ਕੰਗਣੀਵਾਲ) ਲੋਕ ਅਰਪਣ ਕੀਤੇ ਗਏ।

ਮੇਲੇ ਦਾ ਯਾਦਗਰੀ ਆਕਰਸ਼ਣ ਹੋ ਨਿਬੜਿਆਂ ਅਮੋਲਕ ਸਿੰਘ ਦਾ ਲਿਖਿਆ, ਸੱਤਪਾਲ ਪਟਿਆਲਾ ਦਾ ਨਿਰਦੇਸ਼ਤ, ਪੰਜਾਬ ਦੀਆਂ ਦਰਜਣ ਤੋਂ ਵੱਧ ਨਾਟ ਮੰਡਲੀਆਂ ਦੇ 100 ਤੋਂ ਵੱਧ ਕਲਾਕਾਰਾਂ ਵੱਲੋਂ ਪੇਸ਼ ਕੀਤਾ ਓਪੇਰਾ ਨਾਟ 'ਵਕਤ ਦੀ ਆਵਾਜ਼' ਝੰਡੇ ਦਾ ਗੀਤ। ਬੱਬਰ ਅਕਾਲੀ ਲਹਿਰ, ਕਿਸਾਨ ਸੰਘਰਸ਼ ਦੀ ਇਤਿਹਾਸਕਤਾ ਅਤੇ ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਨਾਲ ਛੇੜਛਾੜ, ਮੁਲਕ ਦੇ ਕੁੰਜੀਵਤ ਅਦਾਰਿਆਂ ਨੂੰ ਦੇਸੀ-ਵਿਦੇਸ਼ੀ ਕੰਪਨੀਆਂ ਵੱਲੋਂ ਜੱਫ਼ਾ ਮਾਰਨ ਖਿਲਾਫ਼ ਸੰਘਰਸ਼ ਦਾ ਹੋਕਾ ਦੇਣ 'ਚ ਸਫ਼ਲ ਰਿਹਾ ਝੰਡੇ ਦਾ ਗੀਤ।

ਪੀ. ਸਾਈਨਾਥ ਨੇ ਮੇਲੇ ਅੰਦਰ ਵਿਸ਼ੇਸ਼ ਮਹਿਮਾਨ ਬੁਲਾਰੇ ਵਜੋਂ ਸ਼ਿਰਕਤ ਕੀਤੀ। ਵਿਸ਼ਵ ਵਿੱਚ ਆਪਣੀ ਵਿਲੱਖਣ ਪੱਤਰਕਾਰੀ ਅਤੇ ਚਿੰਤਨ ਲਈ ਪ੍ਰਸਿੱਧ 'ਏਵਰਬਾੱਡੀ ਲਵਜ਼ ਏ ਗੁੱਡ ਡਰੋਟ' ਦੇ ਲੇਖਕ ਪੀ.ਸਾਈਨਾਥ ਦੀ ਦਰਸ਼ਕਾਂ ਨਾਲ ਜਾਣ-ਪਛਾਣ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਨੇ ਕਰਵਾਈ। ਪੀ. ਸਾਈਨਾਥ ਨੇ ਆਪਣੇ ਦਿਲਚਸਪ ਅਤੇ ਵਿਚਾਰ ਉਤੇਜਕ ਭਾਸ਼ਣ ਵਿੱਚ ਆਜ਼ਾਦੀ ਸੰਗਰਾਮ ਦੇ ਸਮੇਂ ਦੀਆਂ ਦੋ ਵਿਰਾਸਤਾਂ ਦੀ ਤੁਲਨਾ ਕਰਦਿਆਂ ਕਿਹਾ ਕਿ ਹਿੰਦੂਵਾਦੀ ਸਾਵਰਕਰ ਉਸ ਬੁਜ਼ਦਿਲ ਧਾਰਾ ਦਾ ਪ੍ਰਤੀਨਿੰਧ ਸੀ, ਜੋ ਆਪਣੀ ਮਾਫ਼ੀ ਦੇ ਇਵਜ਼ ਵਿੱਚ ਅੰਗਰੇਜ਼ਾਂ ਲਈ ਕੁਝ ਵੀ ਕਰਨ ਨੂੰ ਤਿਆਰ ਸੀ, ਜਦਕਿ ਭਗਤ-ਸਰਾਭੇ ਵਾਲੀ ਵਿਰਾਸਤ ਵਿੱਚ ਇਨਕਲਾਬੀ ਗੀਤ ਗਾਉਂਦੇ ਫਾਂਸੀ ਦੇ ਰੱਸੇ ਨੂੰ ਚੁੰਮਦੇ ਸਨ। ਉਹਨਾਂ ਮੁਲਕ ਵਿੱਚ ਅੱਤ ਦੀ ਆਰਥਿਕ ਨਾਬਰਾਬਰੀ ਦੇ ਅੰਕੜੇ ਦਿੰਦਿਆਂ ਕਿਸਾਨ ਦੀ ਹਾਲਤ ਨੂੰ ਬਿਆਨ ਕੀਤਾ। ਉਹਨਾਂ ਕਿਹਾ ਕਿ ਨਵੇਂ ਕਾਨੂੰਨ ਪਹਿਲਾਂ ਹੀ ਤਬਾਹ ਹੋ ਰਹੀ ਕਿਸਾਨੀ ਨੂੰ ਮੂਲੋਂ ਖ਼ਤਮ ਕਰ ਦੇਣ ਵਾਲੇ ਹਨ।

ਅਜੋਕਾ ਕਿਸਾਨ ਅੰਦੋਲਨ ਦੁਨਿਆਂ ਦਾ ਸਭ ਤੋਂ ਵੱਡਾ ਸ਼ਾਂਤਮਈ ਅੰਦੋਲਨ ਹੈ, ਜਿਸ ਵਿੱਚ ਕਿਸਾਨ ਸਾਡੇ ਸਾਰਿਆਂ ਦੀ ਲੜਾਈ ਲੜ ਰਹੇ ਹਨ। ਅਖੀਰ ਵਿੱਚ ਉਹਨਾਂ ਸਵਾਮੀਨਾਥਨ ਕਮਿਸ਼ਨ ਤੋਂ ਵੀ ਅੱਗੇ ਜਾ ਕੇ ਇੱਕ ਕਿਸਾਨ ਕਮਿਸ਼ਨ ਦੀ ਸਥਾਪਨਾ ਦਾ ਸੱਦਾ ਦਿੱਤਾ, ਜੋ ਕਿਸਾਨਾਂ ਦਾ, ਕਿਸਾਨਾਂ ਲਈ ਤੇ ਕਿਸਾਨਾਂ ਦੁਆਰਾ ਸੰਚਾਲਤ ਹੋਣਾ ਚਾਹੀਦਾ ਹੈ। ਉਹਨਾਂ ਦੇਸ਼ ਭਗਤ ਯਾਦਗਾਰ ਹਾਲ ਨੂੰ ਸੁਤੰਤਰਤਾ ਸੰਗਰਾਮ ਨਾਲ ਜੁੜੀ ਵਿਰਾਸਤ ਆਖਦਿਆਂ, ਇਸ ਨੂੰ ਸਿਜਦਾ ਕੀਤਾ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਇਕੱਤਰ ਦੀ ਨਿਰਦੇਸ਼ਨਾ 'ਚ ਗੁਰਸ਼ਰਨ ਭਾਜੀ ਦਾ ਬੱਬਰ ਅਕਾਲੀ ਲਹਿਰ ਬਾਰੇ ਲਿਖਿਆ ਨਾਟਕ 'ਸੀਸ ਤਲੀ ਤੇ' ਖੇਡਿਆ ਗਿਆ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਧਰਮਿੰਦਰ ਮਸਾਣੀ ਤੋਂ ਇਲਾਵਾ ਆਲੋਵਾਲ ਤੋਂ ਆਏ ਜੱਥੇ ਨੇ ਬੱਬਰਾਂ ਦੇ ਪ੍ਰਸੰਗ ਪੇਸ਼ ਕੀਤੇ। ਦਿਨ ਦੀ ਸਟੇਜ ਦਾ ਮੰਚ ਸੰਚਾਲਨ ਅਮੋਲਕ ਸਿੰਘ ਅਤੇ ਹਰਵਿੰਦਰ ਭੰਡਾਲ ਨੇ ਕੀਤਾ।

# ਕੋਪ 26 ਆਯੋਜਕਾਂ ਨੇ ਸੰਮੇਲਨ ਵਿੱਚ ਪਹੁੰਚੇ ਡੈਲੀਗੇਟਾਂ ਤੋਂ ਇਸ ਵਜ੍ਹਾ ਕਰਕੇ ਮੰਗੀ ਮਾਫੀ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**- ਕੋਪ 26 ਜਲਵਾਯੂ ਪਰਿਵਰਤਨ ਕਾਨਫਰੰਸ ਦੇ ਪ੍ਰਬੰਧਕਾਂ ਨੇ ਸਿਖਰ ਸੰਮੇਲਨ ਦੇ ਸਥਾਨ ਸਕਾਟਿਸ਼ ਈਵੈਂਟ ਕੈਂਪਸ (ਐਸ ਈ ਸੀ) ਵਿੱਚ ਦਾਖਲ ਹੋਣ ਦੌਰਾਨ ਲੰਬੀ ਦੇਰੀ ਦਾ ਦੁੱਖ ਝੱਲਣ ਵਾਲੇ ਡੈਲੀਗੇਟਾਂ ਤੋਂ ਬਾਅਦ ਮੁਆਫੀ ਮੰਗੀ ਹੈ। ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਸਕੱਤਰੇਤ ਨੇ ਮੰਗਲਵਾਰ ਰਾਤ ਨੂੰ ਮਾਨਤਾ ਪ੍ਰਾਪਤ ਡੈਲੀਗੇਟਾਂ ਨੂੰ ਈਮੇਲ ਕਰਦਿਆਂ ਕੋਪ 26 ਦੇ



ਸਥਾਨ ਤੱਕ ਪਹੁੰਚਣ ਨਾਲ ਜੁੜੀਆਂ ਅਸੁਵਿਧਾਵਾਂ ਲਈ ਮੁਆਫੀ ਮੰਗੀ। ਕੋਪ 26 ਦੇ ਪਹਿਲੇ ਦੋ ਦਿਨਾਂ ਦੌਰਾਨ ਲੰਬੀਆਂ ਕਤਾਰਾਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਤਹਿਤ ਸੰਮੇਲਨ ਵਿੱਚ ਜਾਣ ਵਾਲੇ ਲੋਕਾਂ ਨੂੰ ਇੱਕ ਘੰਟੇ ਤੋਂ ਵੱਧ ਸਮੇਂ ਤੱਕ ਬਾਹਰ ਇੰਤਜ਼ਾਰ ਕਰਨਾ ਪਿਆ। ਅਧਿਕਾਰੀਆਂ ਅਨੁਸਾਰ ਮੰਗਲਵਾਰ ਨੂੰ ਸਵੇਰੇ 9 ਵਜੇ ਤੱਕ ਐਸ ਈ ਸੀ ਦੇ ਬਾਹਰ ਇੱਕ ਵੱਡੀ ਭੀੜ ਇਕੱਠੀ ਹੋ ਗਈ ਸੀ। ਕੋਪ 26 ਵਿੱਚ ਸ਼ਾਮਲ ਹੋਣ ਵਾਲੇ ਹਰੇਕ ਵਿਅਕਤੀ ਨੂੰ ਕੈਂਪਸ ਵਿੱਚ ਜਾਣ ਤੋਂ ਪਹਿਲਾਂ ਇੱਕ ਨੈਗੇਟਿਵ ਕੋਰੋਨਾ ਵਾਇਰਸ ਟੈਸਟ ਅਤੇ ਉਹਨਾਂ ਦੀ ਮਾਨਤਾ ਪ੍ਰਾਪਤ ਆਈ ਡੀ ਦਾ ਸਬੂਤ ਦਿਖਾਉਣਾ ਜਰੂਰੀ ਹੈ। ਇਸਦੇ ਇਲਾਵਾ ਉਹਨਾਂ ਦਾ ਇੱਕ ਸੁਰੱਖਿਆ ਹਾਲ ਵਿੱਚ ਸਕੈਨਰਾਂ ਵਿੱਚੋਂ ਲੰਘਣਾ ਵੀ ਜਰੂਰੀ ਹੈ। ਇਸ ਲਈ ਸੁਰੱਖਿਆ ਹਾਲ ਦੇ ਬਾਹਰ ਸੋਮਵਾਰ ਅਤੇ ਮੰਗਲਵਾਰ ਨੂੰ ਇੱਕ ਰੁਕਾਵਟ ਬਣੀ ਰਹੀ, ਜਿਸ ਦੇ ਨਤੀਜੇ ਵਜੋਂ ਕਈ ਡੈਲੀਗੇਟਾਂ ਨੇ ਕੁੱਝ ਮੀਟਿੰਗਾਂ ਨੂੰ ਖੁੰਝਾ ਦਿੱਤਾ। ਕੋਪ 26 ਦੇ ਪ੍ਰਬੰਧਕਾਂ ਅਨੁਸਾਰ ਕੋਵਿਡ-19 ਮਹਾਂਮਾਰੀ ਕਾਰਨ ਸਰਕਾਰ ਨੂੰ ਵਿਸ਼ਵ ਭਰ ਦੇ ਨੇਤਾਵਾਂ ਅਤੇ ਡੈਲੀਗੇਟਾਂ ਦੀ ਸਿਹਤ ਦੀ ਰੱਖਿਆ ਲਈ ਬਹੁਤ ਸਾਰੇ ਸੁਰੱਖਿਆ ਉਪਾਅ ਕਰਨੇ ਪਏ ਹਨ।

# ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਸਾਫ਼ ਹੈ ਕਿ ਭਾਜਪਾ ਦਾ ਸਮਰਥਨ ਘੱਟ ਰਿਹਾ ਹੈ- ਕਾਂਗਰਸ

**ਤਿਰੂਵਨੰਤਪੁਰਮ**- ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾ ਅਤੇ ਲੋਕ ਸਭਾ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਇਸ ਗੱਲ ਦਾ ਸਪੱਸ਼ਟ ਸੰਕੇਤ ਹਨ ਕਿ ਕੇਂਦਰ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਆਪਣੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਖਾਸ ਤੌਰ 'ਤੇ ਹਿੰਦੀ ਬੋਲਦੇ ਇਲਾਕਿਆਂ ਵਿੱਚ ਆਪਣਾ ਸਮਰਥਨ ਗੁਆ ਰਹੀ ਹੈ।ਏਆਈਸੀਸੀ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਕਿਹਾ ਕਿ ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਵਿੱਚ ਤਿੰਨ ਵਿਧਾਨ ਸਭਾ ਹਲਕਿਆਂ ਅਤੇ ਇੱਕ ਲੋਕ ਸਭਾ ਸੀਟ ਦੀਆਂ ਉਪ ਚੋਣਾਂ ਵਿੱਚ ਭਾਜਪਾ ਦਾ ਸਫ਼ਾਇਆ ਕਰ ਦਿੱਤਾ ਹੈ। ਇਸ ਰਾਜ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸ ਤੋਂ ਇਲਾਵਾ ਕਾਂਗਰਸ ਨੇ ਰਾਜਸਥਾਨ ਤੇ ਕਰਨਾਟਕ ਵਿੱਚ ਭਾਜਪਾ ਦੀਆਂ ਮੌਜੂਦਾ ਸੀਟਾਂ ਹੀ ਜਿੱਤ ਲਈਆਂ।

ਪੱਛਮੀ ਬੰਗਾਲ 'ਚ ਹਾਕਮ ਪਾਰਟੀ ਤ੍ਰਿਣਾਮੂਲ ਕਾਂਗਰਸ ਨੇ ਚਾਰ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ 'ਚ ਆਪਣੇ ਵਿਰੋਧੀਆਂ ਨੂੰ ਰਿਕਾਰਡ ਫਰਕ ਨਾਲ ਹਰਾਉਂਦਿਆਂ 4-0 ਨਾਲ ਜਿੱਤ ਦਰਜ ਕੀਤੀ ਜਦਕਿ ਤਿੰਨ ਭਾਜਪਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਪੱਛਮੀ ਬੰਗਾਲ ਦੀ 294 ਮੈਂਬਰੀ ਵਿਧਾਨ ਸਭਾ 'ਚ ਟੀਐੱਮਸੀ ਨੇ ਕੂਚਬਿਹਾਰ ਤੇ ਨਾਡੀਆ ਜ਼ਿਲ੍ਹਿਆਂ 'ਚ ਕ੍ਰਮਵਾਰ ਦਿਨਹਾਟਾ ਤੇ ਸ਼ਾਂਤੀਪੁਰ ਸੀਟ ਤੋਂ ਭਾਜਪਾ ਨੂੰ ਵੱਡੇ ਫਰਕ ਨਾਲ ਹਰਾਇਆ।

ਹੁਣ ਵਿਧਾਨ ਸਭਾ 'ਚ ਭਾਜਪਾ ਦੇ ਮੈਂਬਰਾਂ ਦੀ ਗਿਣਤੀ 77 ਤੋਂ ਘਟ ਕੇ 75 ਹੋ ਗਈ ਹੈ। ਟੀਐੱਮਸੀ ਨੇ ਉੱਤਰੀ 24 ਪਰਗਨਾ ਤੇ ਦੱਖਣੀ 24 ਪਰਗਨਾ ਜ਼ਿਲ੍ਹਿਆਂ 'ਚ ਖਰਦਾਹ ਤੇ ਗੋਸਾਬਾ ਵਿਧਾਨ ਸਭਾ ਸੀਟਾਂ 'ਤੇ ਜਿੱਤ ਦਾ ਵੱਡਾ ਫਰਕ ਕਾਇਮ ਰੱਖਿਆ। ਦੂਜੇ ਪਾਸੇ ਗੋਸਾਬਾ, ਖਰਦਾਹ ਤੇ ਦਿਨਹਾਟਾ 'ਚ ਭਾਜਪਾ ਦੇ ਉਮੀਦਵਾਰ ਆਪਣੀਆਂ ਜ਼ਮਾਨਤਾਂ ਵੀ ਨਹੀਂ ਬਚਾ ਸਕੇ। ਦਿਨਹਾਟਾ ਤੋਂ ਉਦਯਨ ਗੁਹਾ, ਗੋਸਾਬਾ ਤੋਂ ਸੁਬ੍ਰਤ ਮੰਡਲ, ਸ਼ਾਂਤੀਪੁਰ ਤੋਂ ਬ੍ਰਜ ਕਿਸ਼ੋਰ ਗੋਸਵਾਮੀ ਅਤੇ ਖਰਦਾਹ ਵਿਧਾਨ ਸਭਾ ਹਲਕੇ ਤੋਂ ਰਾਜ ਦੇ ਮੰਤਰੀ ਸ਼ੋਭਨਦੇਵ ਚਟੋਪਾਧਿਆਏ ਨੇ ਜਿੱਤ ਦਰਜ ਕੀਤੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤ ਦੀ ਵਧਾਈ ਦਿੱਤੀ ਹੈ। ਟੀਐੱਮਸੀ ਦੇ ਕੌਮੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨੇ ਟਵੀਟ ਕੀਤਾ, 'ਸਹੀ ਮਾਇਨਿਆਂ 'ਚ ਪਟਾਖਾ ਮੁਕਤ ਦੀਵਾਲੀ। ਭਾਜਪਾ ਦੇ ਲੋਕਾਂ ਨੂੰ ਦੀਵਾਲੀ ਦੀਆਂ ਬਹੁਤ ਬਹੁਤ ਸ਼ੁਭ ਕਾਮਨਾਵਾਂ।'

****

# ਦੀਵਾਲੀ ਦੇ ਇਤਿਹਾਸਕ ਤੇ ਧਾਰਮਿਕ ਮਹੱਤਵ ਨੂੰ ਮਾਨਤਾ ਦੇਣ ਲਈ ਪ੍ਰਤੀਨਿਧੀ ਸਭਾ 'ਚ ਮਤਾ ਪੇਸ਼



**ਵਾਸ਼ਿੰਗਟਨ (ਬਿਊਰੋ)**- ਭਾਰਤੀ-ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾ ਮੂਰਤੀ ਨੇ ਰੋਸ਼ਨੀ ਦੇ ਤਿਉਹਾਰ ਦੀਵਾਲੀ ਦੇ ਧਾਰਮਿਕ ਅਤੇ ਇਤਿਹਾਸਕ ਮਹੱਤਵ ਨੂੰ ਮਾਨਤਾ ਦੇਣ ਵਾਲੇ ਮਤੇ ਅਮਰੀਕੀ ਕਾਂਗਰਸ ਵਿੱਚ ਕੀਤਾ ਹੈ। ਪ੍ਰਤੀਨਿਧ ਸਦਨ ਵਿੱਚ ਮਤਾ ਪੇਸ਼ ਕਰਨ ਤੋਂ ਬਾਅਦ ਕ੍ਰਿਸ਼ਨਾਮੂਰਤੀ ਨੇ ਕਿਹਾ,'ਅਮਰੀਕਾ ਅਤੇ ਦੁਨੀਆ ਭਰ ਵਿੱਚ ਵਸੇ ਸਿੱਖਾਂ, ਜੈਨੀਆਂ ਅਤੇ ਹਿੰਦੂਆਂ ਲਈ ਦੀਵਾਲੀ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਅਤੇ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਹੈ।'

# ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ - ਸਰਕਾਰਾਂ ਅਤੇ ਸਮਾਜ ਦੇ ਜਾਗਣ ਦਾ ਵੇਲ਼ਾ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

28 ਅਕਤੂਬਰ 2021 ਨੂੰ ਨੈਸ਼ਨਲ ਕਰਾਇਮ ਰਿਕਰਡਜ਼ ਬਿਓਰੋ ਦੁਆਰਾ ਖ਼ੁਦਕੁਸ਼ੀਆਂ ਸੰਬੰਧੀ ਜਾਰੀ ਕੀਤੇ ਗਏ ਅੰਕੜਿਆਂ ਤੋਂ ਇਹ ਪਤਾ ਲੱਗਿਆ ਹੈ ਕਿ ਮੁਲਕ ਵਿਚ 2020 ਦੌਰਾਨ ਖੇਤੀਬਾੜੀ ਨਾ਼ਲ ਸੰਬੰਧਿਤ 10677 ਲੋਕਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਇਨ੍ਹਾਂ ਖ਼ੁਦਕੁਸ਼ੀਆਂ ਕਰਨ ਵਾ਼ਲਿਆਂ ਵਿਚੋਂ 5579 ਕਿਸਾਨ ਅਤੇ 5098 ਖੇਤ ਮਜ਼ਦੂਰ ਸਨ। 2019 ਦੌਰਾਨ 5957 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸੀ ਜਿਨ੍ਹਾਂ ਦੀ ਗਿਣਤੀ 2020 ਦੌਰਾਨ 5579 ਦਿੱਤੀ ਗਈ ਹੈ। ਇਹ ਅੰਕੜੇ 2019-2020 ਦਰਮਿਆਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ 6.35 ਫ਼ੀਸਦ ਕਮੀ ਦਰਸਾਅ ਰਹੇ ਹਨ। 2019 ਦੌਰਾਨ 4324 ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ ਜਿਨ੍ਹਾਂ ਦੀ ਗਿਣਤੀ 2020 ਦੌਰਾਨ 5098 ਦੱਸੀ ਗਈ ਹੈ। ਇਹ ਅੰਕੜੇ 2019-2020 ਦਰਮਿਆਨ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ 17.9 ਫ਼ੀਸਦ ਵਾਧਾ ਦਰਸਾਅ ਰਹੇ ਹਨ। 2020 ਦੌਰਾਨ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿਚੋਂ 5335 ਮਰਦਾਂ ਅਤੇ 244 ਔਰਤਾਂ ਨੇ ਕੀਤੀਆਂ ਸਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ ਔਰਤਾਂ ਦੀ ਫ਼ੀਸਦੀ 4.57 ਬਣਦੀ ਹੈ। 2020 ਦੌਰਾਨ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿਚੋਂ 4621 ਮਰਦਾਂ ਅਤੇ 477 ਔਰਤਾਂ ਨੇ ਕੀਤੀਆਂ ਸਨ। ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚੋਂ ਔਰਤਾਂ ਦੀ ਫ਼ੀਸਦੀ 10.32 ਬਣਦੀ ਹੈ।

ਨੈਸ਼ਨਲ ਕਰਾਇਮ ਰਿਕਾਰਡਜ਼ ਬਿਓਰੋ ਵੱਲੋਂ ਮੁਲਕ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਜਾਰੀ ਕੀਤੇ ਜਾਂਦੇ ਅੰਕੜਿਆਂ ਸੰਬੰਧੀ ਵੱਖ ਵੱਖ ਵਿਦਵਾਨਾਂ ਅਤੇ ਸੰਸਥਾਵਾਂ ਵੱਲੋਂ ਕਿੰਤੂ-ਪਰੰਤੂ ਕੀਤਾ ਜਾਂਦਾ ਆ ਰਿਹਾ ਹੈ। ਇਹ ਬਿਓਰੋ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਤਿਆਰ ਕਰਕੇ ਜਾਰੀ ਕਰਨ ਲਈ ਸੂਬਾ ਅਤੇ ਕੇਂਦਰੀ ਸ਼ਾਸਤ ਇਲਾਕਿਆਂ ਦੀਆਂ ਸਰਕਾਰਾਂ ਦੁਆਰਾ ਮਹੁੱਈਆ ਕਰਵਾਈ ਗਈ ਜਾਣਕਾਰੀ ਉੱਪਰ ਨਿਰਭਰ ਕਰਦਾ ਹੈ। ਇਨ੍ਹਾਂ ਸਰਕਾਰਾਂ ਦੀ ਇਸ ਸੰਬੰਧ ਵਿਚ ਜਿਹੜੀ ਆਲੋਚਨਾ ਅਕਸਰ ਸਾਹਮਣੇ ਆਉਂਦੀ ਹੈ ਉਸ ਅਨੁਸਾਰ ਇਹ ਸਰਕਾਰਾਂ ਆਪਣੇ ਅਕਸ਼ ਨੂੰ ਬਚਾਉਣ ਲਈ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੀ ਗਿਣਤੀ ਨੂੰ ਘਟਾ ਕੇ ਨੈਸ਼ਨਲ ਕਰਾਇਮ ਰਿਕਾਰਡਜ਼ ਬਿਓਰੋ ਨੂੰ ਜਾਣਕਾਰੀ ਭੇਜਦੀਆਂ ਹਨ। ਇਹ ਬਿਓਰੋ ਇਨ੍ਹਾਂ ਸਰਕਾਰਾਂ ਦੁਆਰਾ ਮੁਹੱਈਆ ਕਰਵਾਈ ਗਈ ਜਾਣਕਾਰੀ ਦੇ ਆਧਾਰ ਉੱਪਰ ਕਿਸਾਨਾਂ, ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਤਾਂ ਜਾਰੀ ਕਰਦਾ ਹੈ, ਪਰ ਇਨ੍ਹਾਂ ਅੰਕੜਿਆਂ ਵਿਚ ਖ਼ੁਦਕੁਸ਼ੀਆਂ ਕਰਨ ਦੇ ਕਾਰਨਾਂ ਦਾ ਕੋਈ ਵੀ ਜ਼ਿਕਰ ਨਹੀਂ ਹੁੰਦਾ। ਖੇਤੀਬਾੜੀ ਖੇਤਰ ਵਿਚ ਕਿਸਾਨਾਂ, ਅਤੇ ਖੇਤ ਮਜ਼ਦੂਰਾਂ ਤੋਂ ਬਿਨਾਂ ਪੇਂਡੂ ਛੋਟੇ ਕਾਰੀਗਰ ਵੀ ਆਪਣਾ ਯੋਗਦਾਨ ਪਾਉਂਦੇ ਹਨ ਜਿਨ੍ਹਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਅੰਕੜਿਆਂ ਨੂੰ ਇਕੱਠਾ ਹੀ ਨਹੀਂ ਕੀਤਾ ਜਾਂਦਾ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਰਿਪੋਰਟ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਤੋਂ ਇਲਾਵਾ ਉਨ੍ਹਾਂ ਦੀਆਂ ਉਹ ਖ਼ੁਦਕੁਸ਼ੀਆਂ ਵੀ ਹਨ ਜਿਹੜੀਆਂ ਉਨ੍ਹਾਂ ਨੇ ਆਪਣੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾਏ ਜਾਣ ਦੇ ਨਤੀਜੇ ਵਜੋਂ ਘਰੋਂ ਲਾਪਤਾ ਹੋਣ ਤੋਂ ਬਾਅਦ ਕੀਤੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੀਆਂ ਲਾਸਾਂ ਦਾ ਲਾਵਾਰਿਸ ਲਾਸਾਂ ਵਜੋਂ ਸਸਕਾਰ ਕਰ ਦਿੱਤਾ ਜਾਂਦਾ ਹੈ।

ਮੁਲਕ ਦੂਜੀ ਸੰਸਾਰ ਜੰਗ ਤੋਂ ਲੈ ਕੇ ਪਹਿਲੀ ਪੰਜ ਸਾਲਾ ਯੋਜਨਾ (1951-56) ਤੋਂ ਪਹਿਲਾਂ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ। ਪਹਿਲੀ ਪੰਜ ਸਾਲਾ ਯੋਜਨਾ ਵਿਚ ਖੇਤੀਬਾੜੀ ਖੇਤਰ ਨੂੰ ਤਰਜੀਹ ਦਿੱਤੀ ਗਈ ਜਿਸ ਸਦਕਾ ਇਸ ਸਮੱਸਿਆ ਉੱਤੇ ਕਾਬੂ ਪਾਇਆ ਗਿਆ। ਪਰ ਦੂਜੀ ਪੰਜ ਸਾਲਾ ਯੋਜਨਾ ਦੌਰਾਨ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਤਰਜੀਹ ਦਿੱਤੇ ਜਾਣ ਦੇ ਨਤੀਜੇ ਵਜੋਂ ਮੁਲਕ ਨੂੰ ਫਿਰ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ। 1964-66 ਦਰਮਿਆਨ ਮੁਲਕ ਵਿਚ ਪਏ ਸੋਕੇ ਨੇ ਅਨਾਜ ਪਦਾਰਥਾਂ ਦੀ ਥੁੜ੍ਹ ਨੂੰ ਬਹੁਤ ਗੰਭੀਰ ਬਣਾ ਦਿੱਤਾ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ।



ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਲਿਆ ਜਿਹੜੀ ਵੱਧ ਝਾੜ ਦੇਣ ਵਾ਼ਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ, ਅਤੇ ਆਧੁਨਿਕ ਖੇਤੀਬਾੜੀ ਵਿਧੀਆਂ ਦਾ ਇਕ ਪੁਲੰਦਾ ਹੈ। ਇਹ ਜੁਗਤ ਨੂੰ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਅਮੀਰ ਕੁਦਰਤੀ ਸਾਧਨਾਂ ਕਰਕੇ ਪਹਿਲ ਦੇ ਆਧਾਰ ਉੱਤੇ ਇਸ ਸੂਬੇ ਅਤੇ ਇਸ ਦੀ ਕਾਮਯਾਬੀ ਨੂੰ ਦੇਖਦੇ ਹੋਏ ਬਾਅਦ ਵਿਚ ਮੁਲਕ ਦੇ ਹੋਰ ਖੇਤਰਾਂ ਵਿਚ ਵੀ ਅਪਣਾਇਆ ਗਿਆ। ਮੁਲਕ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀ ਮਿਹਨਤ, ਅਤੇ ਕੁਦਰਤੀ ਸਾਧਨਾਂ ਦੀ ਹੱਦੋਂ ਵੱਧ ਵਰਤੋਂ ਨੇ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦੀ ਗੰਭੀਰ ਸਮੱਸਿਆ ਉੱਤੇ ਤਾਂ ਕਾਬੂ ਪਾ ਲਿਆ, ਪਰ ਸਰਕਾਰਾਂ ਦੀਆਂ ਖੇਤੀਬਾੜੀ ਨੀਤੀਆਂ, 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਦੀ ਨਫ਼ੇ ਵਾ਼ਲੀ ਰੂਹ ਕਾਰਨ ਸਮਾਜਿਕ ਸੰਬੰਧਾਂ ਵਿਚ ਆਈਆਂ ਕਮਜ਼ੋਰੀਆਂ, 1991 ਤੋਂ ਮੁਲਕ ਵਿਚ ਉਦਾਰੀਕਰਨ, ਨਿੰਜੀਕਰਨ, ਅਤੇ ਸੰਸਾਰੀਕਰਨ ਦੀਆਂ 'ਨਵੀਆਂ ਆਰਥਿਕ ਨੀਤੀਆਂ' ਅਤੇ ਕੁਝ ਹੋਰ ਕਾਰਨਾਂ ਨੇ ਸੀਮਾਂਤ, ਅਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਨੂੰ ਬਹੁਤ ਹੀ ਵਿਗਾੜ ਕੇ ਰੱਖ ਦਿੱਤਾ ਹੈ।

1951 ਦੌਰਾਨ ਮੁਲਕ ਦੀ 82 ਫ਼ੀਸਦ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਜਿਸ ਨੂੰ ਰਾਸ਼ਟਰੀ ਆਮਦਨ ਵਿੱਚੋਂ 55 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਸੀ। ਵਰਤਮਾਨ ਸਮੇਂ ਦੌਰਾਨ ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਉੱਪਰ ਨਿਰਭਰ ਹੈ, ਪਰ 2018-19 ਦੌਰਾਨ ਇਸ ਅੱਧੀ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚ ਹਿੱਸਾ 16 ਫ਼ੀਸਦ ਦਿੱਤਾ ਗਿਆ। ਰਾਸ਼ਟਰੀ ਆਮਦਨ ਵਿਚੋਂ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਵਿਚੋਂ ਸਭ ਤੋਂ ਵੱਡੀ ਮਾਰ ਸੀਮਾਂਤ, ਅਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਕਾਰੀਗਰਾਂ ਉੱਪਰ ਪਈ ਹੈ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਜਾਰੀ ਕੀਤੇ ਜਾਂਦੇ ਅੰਕੜੇ ਅਤੇ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਕਿਸਾਨਾਂ ਵਿਚੋਂ ਸੀਮਾਂਤ, ਅਤੇ ਛੋਟੇ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਇਕ ਵੱਡਾ ਹਿੱਸਾ ਹਨ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਖੇਤੀਬਾੜੀ ਖੇਤਰ ਨਾ਼ਲ ਸੰਬੰਧਿਤ ਇਨ੍ਹਾਂ ਦੋਵੇਂ ਵਰਗਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਕਾਰਨਾਂ ਵਿਚ ਇਨ੍ਹਾਂ ਵਿਚ ਪਸਰੀ ਘੋਰ ਗ਼ਰੀਬੀ ਅਤੇ ਕਰਜ਼ਾ, ਅਤੇ ਸਮਾਜਿਕ ਸੰਬੰਧਾਂ ਵਿਚ ਤੇਜ਼ੀ ਨਾ਼ਲ ਆਈ ਗਿਰਾਵਟ ਪ੍ਰਮੁੱਖ ਹਨ।

ਸੀਮਾਂਤ, ਅਤੇ ਛੋਟੇ ਕਿਸਾਨ ਕੁੱਲ ਕਿਸਾਨਾਂ ਵਿਚੋਂ 88 ਫ਼ੀਸਦ ਹਨ ਜਿਨ੍ਹਾਂ ਵਿਚੋਂ ਸੀਮਾਂਤ ਕਿਸਾਨਾਂ ਦੀ ਫ਼ੀਸਦੀ 77 ਅਤੇ ਛੋਟੇ ਕਿਸਾਨਾਂ ਦੀ ਫ਼ੀਸਦੀ 17 ਹੈ। ਇਨ੍ਹਾਂ ਕਿਸਾਨਾਂ ਕੋ਼ਲ ਮੰਡੀ ਵਿਚ ਵੇਚਣ ਲਈ ਵਾਧੂ ਜਿਨਸਾਂ ਦੀ ਮਿਕਦਾਰ ਬਹੁਤ ਘੱਟ ਹੁੰਦੀ ਹੈ। ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਗ਼ੈਰ-ਲਾਹੇਵੰਦ ਹੋਣਾ, ਸਾਰੀਆਂ ਜਿਨਸਾਂ ਦੀ ਘੱਟੋ-ਘੱਟ ਸਮਰਥਨ ਕੀਮਤਾਂ ਉੱਪਰ ਵੀ ਖ਼ਰੀਦਦਾਰੀ ਦਾ ਨਾ ਹੋਣਾ, ਵਿੱਤ ਦੀਆਂ ਸਮੱਸਿਆਵਾਂ, ਰੁਜ਼ਗਾਰ ਦੇ ਦਿਨਾਂ ਦੀ ਘਟਣਾ, ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾ਼ਲੇ ਆਦਾਨਾਂ (ਜ਼ਅਬਚਵਤ) ਦੀਆਂ ਕੀਮਤਾਂ ਦਾ ਬੇਲਗਮ ਮੰਡੀ ਦੇ ਹਵਾਲੇ ਕਰਨਾ, ਗ਼ੈਰ-ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੀ ਕਮੀ ਦਾ ਹੋਣਾ ਆਦਿ ਸੀਮਾਂਤ, ਅਤੇ ਛੋਟੇ ਕਿਸਾਨਾਂ ਦੀ ਨਿਘਰਦੀ ਹਾਲਾਤ ਲਈ ਜ਼ਿੰਮੇਵਾਰ ਹਨ। ਜਿੱਥੇ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨ ਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਨੂੰ ਵੱਡੇ ਪੱਧਰ ਉੱਪਰ ਸੱਟ ਮਾਰੀ ਹੈ, ਉੱਥੇ ਇਸ ਦੀ ਸਭ ਤੋਂ ਵੱਡੀ ਮਾਰ ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਉੱਪਰ ਪਈ ਹੈ ਕਿਉਂਕਿ ਉਨ੍ਹਾਂ ਕੋ਼ਲ ਆਪਣੀ ਕਿਰਤ ਨੂੰ ਵੇਚਣ ਤੋਂ ਸਵਾਏ ਉਤਪਾਦਨ ਦਾ ਕੋਈ ਵੀ ਹੋਰ ਸਾਧਨ ਨਹੀਂ ਹੁੰਦਾ।

ਮੁਲਕ ਦੇ ਖੇਤ ਮਜ਼ਦੂਰਾਂ ਅਤੇ ਖ਼ਾਸ ਕਰਕੇ ਔਰਤ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੀ ਵਧਦੀ ਗਿਣਤੀ ਖ਼ਤਰੇ ਵਾਲਾ ਸਨੇਹਾ ਹੈ ਕਿਉਂਕਿ ਖੇਤੀਬਾੜੀ ਖੇਤਰ ਵਿਚ ਉਹਨਾਂ ਲਈ ਰੁਜ਼ਗਾਰ ਤੇਜ਼ੀ ਨਾਲ ਘਟ ਰਿਹਾ ਹੈ, ਪਰ ਗ਼ੈਰ-ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਨਹੀਂ ਹਨ। 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਤੋਂ ਪਹਿਲਾਂ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਸਮਾਜਿਕ ਸੰਬੰਧ ਨਿੱਘੇ ਸਨ। ਕਿਸਾਨਾਂ, ਅਤੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਵਿਚ ਸਾਂਝ/ਸੀਰ ਸੀ, ਭਾਵੇਂ ਉਹ ਨਿਆਂਪੂਰਨ ਨਹੀਂ ਸੀ। ਔਖ ਦੇ ਮੌਕੇ ਵੱਡੇ ਕਿਸਾਨ ਸੀਮਾਂਤ, ਅਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਰਥਿਕ ਅਤੇ ਹੋਰ ਮਦਦ ਕਰਨ ਦੇ ਨਾ਼ਲ ਨਾ਼ਲ ਉਨ੍ਹਾਂ ਨੂੰ ਹੌਂਸਲਾ ਵੀ ਦਿੰਦੇ ਰਹਿੰਦੇ ਸਨ। 'ਖੇਤੀਬਾੜੀ ਦੀ ਨਵੀਂ ਜੁਗਤ' ਦੀ ਰੂਹ ਦੇ ਮੁਨਾਫ਼ਾ ਵਾ਼ਲਾ ਹੋਣ ਨੇ ਖੇਤੀਬਾੜੀ ਖੇਤਰ ਦੇ ਵੱਖ ਵੱਖ ਵਰਗਾਂ ਵਿਚਕਾਰ ਸਮਾਜਿਕ ਸੰਬੰਧਾਂ ਨੂੰ ਕਾਫ਼ੀ ਫਿੱਕਾ ਪਾਇਆ ਹੈ।

ਮਨੁੱਖਾਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਖੇਤੀਬਾੜੀ ਖੇਤਰ ਦੇ ਯੋਗਦਾਨ ਨੂੰ ਅਣਡਿੱਠ ਨਹੀਂ ਕਰਨਾ ਬਣਦਾ। ਇਸ ਲਈ ਸਮੇਂ ਦੀ ਲੋੜ ਹੈ ਕਿ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਰਕਾਰਾਂ, ਸਮਾਜ ਅਤੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਸਾਰੇ ਵਰਗ ਜਾਗਣ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਰਕਾਰਾਂ ਆਪਣੀਆਂ ਖੇਤੀਬਾੜੀ ਨੀਤੀਆਂ ਇਸ ਖੇਤਰ ਉੱਪਰ ਨਿਰਭਰ ਵਰਗਾਂ ਦੇ ਹੱਕ ਵਿਚ ਬਣਾਉਣ ਅਤੇ ਉਹਨਾਂ ਨੂੰ ਲਾਗੂ ਕਰਨ। ਸਮਾਜ ਦੇ ਮੁਕਾਬਲਤਨ ਅਮੀਰ ਵਰਗਾਂ ਨੂੰ ਇਨ੍ਹਾਂ ਵਰਗਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਇਨ੍ਹਾਂ ਦੇ ਹੱਕ ਵਿਚ ਖੜ੍ਹੇ ਹੋਣਾ ਬਣਦਾ ਹੈ। ਖੇਤੀਬਾੜੀ ਉੱਪਰ ਨਿਰਭਰ ਤਿੰਨਾਂ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਪ੍ਰਣਾਲੀ ਅਪਣਾਉਣ ਲਈ ਅੱਗੇ ਆਉਣਾ ਪਵੇਗਾ। ਅਜਿਹਾ ਕਰਨ ਲਈ ਮੁਲਕ ਵਿਚ ਅਪਣਾਇਆ ਗਿਆ ਆਰਥਿਕ ਵਾਧੇ ਦੇ ਮਾਡਲ ਦਾ ਲੋਕ ਅਤੇ ਕੁਦਰਤ-ਪੱਖੀ ਬਣਾਇਆ ਜਾਣਾ ਅਤਿ ਜ਼ਰੂਰੀ ਹੈ।

# ਮਨਰੇਗਾ ਨਾਲ ਜੁੜੇ ਲੋਕਾਂ ਨੂੰ ਮਜ਼ਦੂਰੀ ਦੇਣਾ ਸੰਭਵ ਨਹੀਂ



ਹਰਦੀਪ ਸਿੰਘ ਚੁੰਬਰ
91-94636-01616

ਚਾਲੂ ਸਾਲ ਦੇ ਪਹਿਲੇ ਪੰਜ ਮਹੀਨਿਆਂ ਵਿੱਚ ਮਨਰੇਗਾ ਤਹਿਤ ਕਰੀਬ 5।8 ਕਰੋੜ ਪਰਿਵਾਰਾਂ ਨੂੰ ਰੁਜ਼ਗਾਰ ਮਿਲਿਆ ਹੈ, ਜਦੋਂ ਕਿ ਪਿਛਲੇ ਪੰਜ ਸਾਲਾਂ ਵਿੱਚ ਅਜਿਹੇ ਪਰਿਵਾਰਾਂ ਦੀ ਔਸਤ ਗਿਣਤੀ 5।2 ਤੋਂ 5।3 ਕਰੋੜ ਪ੍ਰਤੀ ਸਾਲ ਰਹੀ ਹੈ। ਇਸ ਵਾਰ ਇਹ ਗਿਣਤੀ 9।4 ਫੀਸਦੀ ਹੋ ਗਈ ਹੈ।

ਦੇਸ਼ ਵਿੱਚ ਮਨਰੇਗਾ ਤਹਿਤ ਮਜ਼ਦੂਰੀ ਲੈਣ ਲਈ ਲਗਭਗ 13।11 ਕਰੋੜ ਜੌਬ ਕਾਰਡ ਬਣਾਏ ਗਏ ਹਨ। ਐਕ-ਟਿਵ ਜੌਬ ਕਾਰਡ ਵਾਲੇ ਲੋਕਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਗਿਣਤੀ 7।79 ਕਰੋੜ ਹੈ। ਵਰਤਮਾਨ ਵਿੱਚ ਵੱਖ-ਵੱਖ ਰਾਜਾਂ ਵਿੱਚ 12 ਲੱਖ ਸਾਈਟਾਂ 'ਤੇ 1।34 ਕਰੋੜ ਕਰਮਚਾਰੀ ਕੰਮ ਕਰ ਰਹੇ ਹਨ। ਕੋਰੋਨਾ ਦੀ ਲਾਗ ਫੈਲਣ ਤੋਂ ਬਾਅਦ, ਸ਼ਹਿਰਾਂ ਵਿੱਚ ਕੰਮ ਕਰਨ ਵਾਲੇ ਕਰੋੜਾਂ ਮਜ਼ਦੂਰ ਮੌਤ ਦੇ ਡਰੋਂ ਆਪਣੇ ਪਿੰਡਾਂ ਨੂੰ ਪਰਤ ਗਏ ਸਨ। ਅਚਾਨਕ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੀ ਮੰਗ ਵਧ ਗਈ।

ਦੇਸ਼ ਦੇ ਪਿੰਡਾਂ ਨੂੰ ਆਰਥਿਕ ਤੌਰ 'ਤੇ ਖੁਸ਼ਹਾਲ ਅਤੇ ਮਜਬੂਤ ਬਣਾਉਣ ਲਈ ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਗਾਰੰਟੀ ਯੋਜਨਾ ਸ਼ੁਰੂ ਕੀਤੀ ਗਈ ਸੀ, ਪਰ ਲੱਗਦਾ ਹੈ ਕਿ ਮਨਰੇਗਾ 'ਚ ਕੰਮ ਕਰਨ ਵਾਲੇ ਲੋਕਾਂ ਲਈ ਇਸ ਵਾਰ ਦੀਵਾਲੀ ਬਹੁਤ ਹੀ ਧੁੰਦਲੀ ਹੋਣ ਵਾਲੀ ਹੈ। ਇੱਕ ਰਿਪੋਰਟ ਅਨੁਸਾਰ ਮਨਰੇਗਾ ਸਕੀਮ ਦੇ ਖ਼ਜ਼ਾਨੇ ਵਿੱਚ ਕੋਈ ਪੈਸਾ ਨਹੀਂ ਬਚਿਆ ਹੈ, ਜਿਸ ਕਾਰਨ 21 ਰਾਜਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਮਜ਼ਦੂਰੀ ਦੇਣਾ ਸੰਭਵ ਨਹੀਂ ਹੈ।

ਪੀਪਲਜ਼ ਐਕਸ਼ਨ ਫਾਰ ਇੰਪਲਾਇਮੈਂਟ ਗਾਰੰਟੀ ਦੇ ਵਰਕਿੰਗ ਗਰੁੱਪ ਦੇ ਮੈਂਬਰ ਨਿਖਿਲ ਡੇ ਨੇ ਦੱਸਿਆ ਕਿ ਇਸ ਸਾਲ ਲਈ ਅਲਾਟ ਕੀਤੇ ਗਏ ਬਜਟ ਦਾ ਕਰੀਬ 90 ਫੀਸਦੀ ਖਰਚ ਹੋ ਚੁੱਕਾ ਹੈ ਅਤੇ ਅਜੇ 5 ਮਹੀਨੇ ਬਾਕੀ ਹਨ। ਅਜਿਹੀ ਸਥਿਤੀ ਵਿੱਚ ਮਨਰੇਗਾ ਨਾਲ ਜੁੜੇ ਲੋਕਾਂ ਨੂੰ ਮਜ਼ਦੂਰੀ ਦੇਣਾ ਸੰਭਵ ਨਹੀਂ ਹੈ। ਲੌਕਡਾਊਨ ਦੌਰਾਨ ਇਹ ਮਨਰੇਗਾ ਮਜ਼ਦੂਰਾਂ ਲਈ ਜਾਨ ਬਚਾਉਣ ਵਾਲੀ ਸਾਬਤ ਹੋਈ ਸੀ, ਪਰ ਇਸ ਵੇਲੇ ਰਿਪੋਰਟ ਮੁਤਾਬਕ ਮਨਰੇਗਾ ਗਰੀਬੀ ਦੀ ਕਗਾਰ 'ਤੇ ਹੈ।

2021-22 ਦਾ ਬਜਟ ਸਿਰਫ 73,000 ਕਰੋੜ ਰੁਪਏ ਹੈ



ਮਨਰੇਗਾ ਬਜਟ ਕਰੀਬ 90 ਫੀਸਦੀ ਖਰਚ

ਹਾਲਾਂਕਿ ਯੋਜਨਾ ਦਾ 2021-22 ਦਾ ਬਜਟ ਸਿਰਫ 73,000 ਕਰੋੜ ਰੁਪਏ ਰੱਖਿਆ ਗਿਆ ਸੀ, ਕੇਂਦਰ ਨੇ ਦਲੀਲ ਦਿੱਤੀ ਕਿ ਦੇਸ਼ ਵਿਆਪੀ ਤਾਲਾਬੰਦੀ ਖਤਮ ਹੋ ਗਈ ਹੈ ਅਤੇ ਜੇਕਰ ਪੈਸਾ ਖਤਮ ਹੋ ਜਾਂਦਾ ਹੈ ਤਾਂ ਪੂਰਕ ਬਜਟ ਵੰਡ ਉਪਲਬਧ ਨਹੀਂ ਹੋਵੇਗੀ। 29 ਅਕਤੂਬਰ ਤੱਕ, ਬਕਾਇਆ ਭੁਗਤਾਨਾਂ ਸਮੇਤ ਕੁੱਲ ਖਰਚਾ ਪਹਿਲਾਂ ਹੀ 79,810 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ, ਜਿਸ ਨਾਲ ਯੋਜਨਾ ਨੂੰ ਖਤਰੇ ਵਿੱਚ ਪਾ ਦਿੱਤਾ।ਪਹਿਲਾਂ ਹੀ, 21 ਰਾਜਾਂ ਨੇ ਨਕਾਰਾਤਮਕ ਸੰਤੁਲਨ ਦਿ-ਖਾਇਆ ਹੈ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਪਿਛਲੇ ਵਿੱਤੀ ਸਾਲ ਵਿੱਚ, ਕੇਂਦਰ ਨੇ 61,500 ਕਰੋੜ ਰੁਪਏ ਦੀ ਸ਼ੁਰੂਆਤੀ ਵੰਡ ਤੋਂ ਅਲਾਟਮੈਂਟ ਨੂੰ ਸੋਧ ਕੇ 1।11 ਲੱਖ ਕਰੋੜ ਰੁਪਏ ਕਰ ਦਿੱਤਾ ਸੀ। ਲੌਕਡਾਊਨ ਦੌਰਾਨ ਮਨਰੇਗਾ ਸਕੀਮ ਮਜ਼ਦੂਰਾਂ ਲਈ ਜਾਨ ਬਚਾਉਣ ਵਾਲੀ ਸਾਬਤ ਹੋਈ

ਮਨਰੇਗਾ ਇੱਕ ਸੰਚਾਲਿਤ ਯੋਜਨਾ ਹੈ, ਜੋ ਕਿਸੇ ਵੀ ਪੇਂਡੂ ਪਰਿਵਾਰ ਨੂੰ 100 ਦਿਨਾਂ ਦੇ ਅਕੁਸ਼ਲ ਕੰਮ ਦੀ ਗਰੰਟੀ ਦਿੰਦੀ ਹੈ। ਪਿਛਲੇ ਸਾਲ ਦੇ ਲੌਕਡਾਊਨ ਦੌਰਾਨ, ਸਕੀਮ ਨੂੰ 1।11 ਲੱਖ ਕਰੋੜ ਦਾ ਸਭ ਤੋਂ ਵੱਧ ਬਜਟ ਦਿੱਤਾ ਗਿਆ ਸੀ ਅਤੇ ਰਿਕਾਰਡ 11 ਕਰੋੜ ਕਾਮਿਆਂ ਲਈ ਇੱਕ ਮਹੱਤਵਪੂਰਣ ਜੀਵਨ ਰੇਖਾ ਪ੍ਰਦਾਨ ਕੀਤੀ ਗਈ ਸੀ। ਰਾਜਸਥਾਨ ਵਿੱਚ ਮਜ਼ਦੂਰਾਂ ਦੀ ਅਦਾਇਗੀ ਲਈ 106 ਕਰੋੜ ਰੁਪਏ ਦੇ ਬਕਾਏ

ਦੀਵਾਲੀ ਦੇ ਕੁੱਝ ਦਿਨ ਬਾਕੀ ਹਨ ਅਤੇ 64 ਹਜ਼ਾਰ ਮਜ਼ਦੂਰਾਂ ਦੀ ਅਦਾਇਗੀ ਲਈ 106 ਕਰੋੜ ਰੁਪਏ ਬਾਕੀ ਹਨ। ਇਸ ਦੇ ਨਾਲ ਹੀ ਮਟੀਰੀਅਲ ਦੀ 81।74 ਕਰੋੜ ਰੁਪਏ ਦੀ ਅਦਾਇਗੀ ਵੀ ਬਕਾਇਆ ਪਈ ਹੈ। ਦੋਵਾਂ ਦੀ ਕਰੀਬ 1 ਅਰਬ 90 ਕਰੋੜ ਰੁਪਏ ਦੀ ਅਦਾਇਗੀ ਬਜਟ ਦੀ ਘਾਟ ਕਾਰਨ ਰੁਕੀ ਹੋਈ ਹੈ।

9 ਸਤੰਬਰ ਤੱਕ ਮਨਰੇਗਾ ਲਈ ਮਨਜ਼ੂਰ ਬਜਟ ਵਿੱਚੋਂ 63,511।95 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਵੱਖ-ਵੱਖ ਰਾਜਾਂ ਵਿੱਚ ਅਦਾਇਗੀਆਂ ਲੰਬਿਤ ਹਨ। ਇਸ ਦੇ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਬਿਨਾਂ ਕਿਸੇ ਦੇਰੀ ਦੇ 40,000 ਕਰੋੜ ਰੁਪਏ ਵਾਧੂ ਜਾਰੀ ਕਰੇ। ਅਵਿਕ ਸਾਹਾ ਦਾ ਕਹਿਣਾ ਹੈ ਕਿ ਮਨਰੇਗਾ ਲਈ ਸਰਕਾਰ ਨੂੰ ਘੱਟੋ-ਘੱਟ ਡੇਢ ਲੱਖ ਕਰੋੜ ਰੁਪਏ ਮਨਜ਼ੂਰ ਕਰਨੇ ਪੈਣਗੇ। ਜਦੋਂ ਇਹ ਰਾਸ਼ੀ ਗ੍ਰਾਮ ਪੰਚਾਇਤਾਂ ਨੂੰ ਮਿਲ ਜਾਵੇਗੀ ਤਾਂ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਦੀ ਕੋਈ ਸਮੱਸਿਆ ਨਹੀਂ ਰਹੇਗੀ।

ਸ਼ਹਿਰ 'ਚ ਕੋਰੋਨਾ ਦਾ ਖ਼ਤਰਾ ਘੱਟ ਨਹੀਂ ਹੋਇਆ ਹੈ, ਜਿਸ ਕਾਰਨ ਲੋਕ ਬਾਹਰ ਨਿਕਲਣ ਤੋਂ ਡਰ ਰਹੇ ਹਨ। ਉਸਦਾ ਡਰ ਜਾਇਜ਼ ਹੈ। ਸਰਕਾਰ ਨੂੰ ਇਹ ਦੇਖਣਾ ਹੋਵੇਗਾ ਕਿ ਭੁਗਤਾਨ ਵਿੱਚ ਜਾਣਬੁੱਝ ਕੇ ਦੇਰੀ ਨਾ ਹੋਵੇ। ਜੇਕਰ ਇਹ ਰਕਮ ਜਾਰੀ ਨਹੀਂ ਕੀਤੀ ਜਾਂਦੀ ਹੈ, ਤਾਂ ਭੁਗਤਾਨ ਵਿੱਚ ਦੇਰੀ ਹੋ ਜਾਵੇਗੀ। ਜੇਕਰ ਲੋਕਾਂ ਨੂੰ ਸਮੇਂ ਸਿਰ ਪੈਸੇ ਨਾ ਮਿਲੇ ਤਾਂ ਉਹ ਸ਼ਹਿਰ ਆਉਣ ਦਾ ਖਤਰਾ ਮੁੱਲ ਲੈ ਸਕਦੇ ਹਨ।

ਸਰਕਾਰ ਨੇ ਇਹ ਦੇਖਣਾ ਹੈ ਕਿ ਕੀ ਉਹ ਜਾਣਬੁੱਝ ਕੇ ਆਪਣੀ ਮਰਜੀ ਘਟਾ ਰਹੀ ਹੈ ਜਾਂ ਸਥਾਨਕ ਪ੍ਰਸ਼ਾਸਨ ਇਸ ਵਿਚ ਲਾਪਰਵਾਹ ਹੈ। ਸਰਕਾਰ ਨੂੰ ਮਨਰੇਗਾ ਰਾਹੀਂ ਪੇਂਡੂ ਖੇਤਰਾਂ ਦੇ ਮਜ਼ਦੂਰਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਸਰਕਾਰ ਉਨ੍ਹਾਂ ਨੂੰ ਕਹੇ ਕਿ ਤੁਸੀਂ ਕੰਮ ਕਰੋ ਅਸੀਂ ਪੈਸੇ ਦੇਵਾਂਗੇ। ਇਸ ਨਾਲ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਕਾਫੀ ਹੱਦ ਤੱਕ ਹੱਲ ਹੋ ਜਾਵੇਗੀ।

# ਬੇਜਮੀਨੇ, ਬੇਰੋਜਗਾਰ ਖੇਤ ਮਜਦੂਰ ਐਸਸੀ ਸਮਾਜ ਨੂੰ ਸ਼ਾਮਲਾਟਾਂ ਦਾ ਹਿੱਸਾ ਦੇਣਾ ਹੀ ਹੋਵੇਗਾ



ਹਰਦੀਪ ਸਿੰਘ ਚੁੰਬਰ
91-94636-01616

ਬੇਜਮੀਨੇ, ਬੇਰੁਜਗਾਰ ਲੋਕਾਂ ਦੇ ਹੱਕ ਦੀ ਸ਼ਾਮਲਾਟ ਦੀ ਲੜਾਈ ਕੇਵਲ ਲੜ ਰਹੇ ਹਨ ਲਾਲ ਝੰਡੇ ਵਾਲੇ।ਕਿਸ਼ਾਨ ਮਜਦੂਰ ਏਕਤਾ, ਕਿਉਂ ਇਕੱਲੇ ਕਿਸ਼ਾਨ ਹਿਤਾਂ ਕੰਮ ਕਰ ਰਹੀ ਹੈ। ਮਜਦੂਰਾਂ ਦੇ ਮੁੱਦਿਆਂ ਲਈ 32 ਕਿਸਾਨ ਜਥੇਬੰਦੀਆਂ ਵਿੱਚੋਂ ਕਿਸੇ ਵੀ ਕਿਸਾਨ ਸੰਗਠਨ ਦਾ ਝੰਡਾ ਨਹੀਂ ਦਿਖਦਾ। ਇਸ ਤਰਾਂ ਕਿਸਾਨ ਮਜਦੂਰ ਏਕਤਾ ਦੇ ਝੰਡਾਬਰਦਾਰਾਂ ਦਾ ਕਿਸਾਨ ਹਿੱਤਾਂ ਲਈ ਵਰਤੋਂ, ਇੱਕ ਪਾਛੜ ਪਿਆਰ ਹੀ ਦਿਖਾਈ ਦਿੰਦਾ ਹੈ। ਇਸ ਸਵਾਰਥ ਸਿਧੀ ਵਿੱਚ ਰਾਜਨੀਤਿਕ ਦਲ ਵੀ ਪਿੱਛੇ ਨਹੀਂ ਹਨ ਉਹਨਾ ਵਿੱਚੋ ਕਦੇ ਵੀ ਕਾਂਗਰਸ, ਅਕਾਲੀ, ਆਪ, ਅਕਾਲੀ ਦਲ ਢੀਂਡਸਾ,ਭਾਜਪਾ ਜਾਂ ਹੋਰ ਕਿਸੇ ਵੀ ਪਾਰਟੀ ਹਮਾਇਤ ਨਹੀਂ ਕੀਤੀ। ਬਹੁਜਨ ਸਮਾਜ ਪਾਰਟੀ ਪੰਜਾਬ ਦੀਆਂ ਹਵਾਈ ਗੱਲਾਂ ਹੀ ਰਹੀਆਂ ਹਨ, ਜਮੀਨੀ ਘੋਲਾਂ ਵਿੱਚ ਦਿਖਾਈ ਨਹੀਂ ਦਿੰਦੀ। ਇਸ ਕੰਮ ਵਿੱਚ ਕੇਵਲ ਅਤੇ ਕੇਵਲ ਕਾਮਰੇਡਾਂ ਦੇ ਲਾਲ ਝੰਡੇ ਹੀ ਦਿਖਾਈ ਦਿੰਦੇ ਹਨ।

2011 ਵਿੱਚ, ਪੰਜਾਬ ਵਿੱਚ ਪਰਿਵਾਰਾਂ ਦੀ ਗਿਣਤੀ 5।51 ਮਿਲੀਅਨ ਸੀ। 1991 ਅਤੇ 2011 ਦੇ ਵਿਚਕਾਰ, ਪੰਜਾਬ ਦੇ ਪਰਿਵਾਰਾਂ ਦੀ ਗਿਣਤੀ 3।42 ਮਿਲੀਅਨ ਤੋਂ ਵੱਧ ਕੇ 5।51 ਮਿਲੀਅਨ ਹੋ ਗਈ ਸੀ। ਪੰਜਾਬ ਦੀ ਅਬਾਦੀ ਦੀ ਘਣਤਾ 551 ਵਿਅਕਤੀਪ੍ਰਤੀ ਵਰਗ ਕਿਲੋਮੀਟਰ ਹੈ, ਪੰਜਾਬ ਦੀ ਸਾਖਰਤਾ ਦਰ:75।84%, ਜਿਸ ਦੇ 23 ਜ਼ਿਲ੍ਹੇ ਅਤੇ 82ਤਹਿਸੀਲਾਂ ਹਨ।ਪੰਜਾਬ ਦੇ ਬਹੁਤ ਵੱਡੇ ਜਮੀਨੀ ਖੰਡ ਉੱਤੇ ਇਕੋ ਜਾਤੀ ਦੇ 17-18% ਅਬਾਦੀ ਦੇ ਲੋਕ ਕਾਬਿਜ ਹਨ। ਸਾਬਕਾ ਮੁੱਖ ਮੰਤਰੀ ਸ਼੍ਰੀ ਮਤੀ ਰਾਜਿੰਦਰ ਕੌਰ ਭੱਠਲ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਜੱਟ ਹੀ ਰਹੇਗਾ। ਇਸ ਦਾ ਸਿਧਾ ਮਤਲਵ ਸੀ, ਕਿ ਉਹ ਸਾਰੇ ਵਿਰੋਧੀਆਂ ਨੂੰ ਆਊਟ ਕਰਕੇ ਆਪਣੀ ਪਾਰਟੀ ਵਿੱਚੋ ਜਾਂ ਵਿਰੋਧੀ ਪਾਰਟੀ ਨੂੰ ਜਿਤਣ ਜਿਤਵਾਉਣ ਵਿੱਚ ਮਦਦ ਕਰਦੇ ਹਨ, ਜਿਸ ਕਾਰਨ ਜੱਟ ਹੀ ਮੁੱਖ ਮੰਤਰੀ ਬਣ ਸਕੇ।

ਪੰਜਾਬ ਦਾ ਪੇਂਡੂ ਖੇਤਰ48,265ਵਰਗ। ਕਿਲੋਮੀਟਰ, ਸ਼ਹਿਰੀ2097ਵਰਗ। ਕਿਲੋਮੀਟਰ ਕੁੱਲ ਖੇਤਰ 50,362 ਵਰਗ। ਕਿਲੋਮੀਟਰ ਹੈ।ਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਨੁਸਾਰ, ਪੰਜਾਬ ਕੋਲ ਰਾਜ ਦੇ 13,000 ਪਿੰਡਾਂ ਵਿੱਚੋਂ ਲਗਭਗ 8,000 ਪਿੰਡਾਂ ਵਿੱਚ 1,70,033 ਏਕੜ (68,839 ਹੈਕਟੇਅਰ) ਸ਼ਾਮਲਾਟ ਜ਼ਮੀਨ ਹੈ।

ਜਨਵਰੀ 2018 ਵਿੱਚ ਇੱਕ ਆਰਟੀਆਈ ਸਵਾਲ ਦੇ ਜਵਾਬ ਦੇ ਅਨੁਸਾਰ, ਪੰਜਾਬ ਦੀ ਅੱਧੀ ਤੋਂ ਵੱਧ ਸ਼ਾਮਲਾਤ ਜ਼ਮੀਨ ਛੇ ਜ਼ਿਲ੍ਹਿਆਂ ਪਟਿਆਲਾ (ਸਭ ਤੋਂ ਵੱਧ 15।5%), ਗੁਰਦਾਸਪੁਰ, ਲੁਧਿਆਣਾ, ਕਪੂਰਥਲਾ, ਫਤਿਹਗੜ੍ਹ ਸਾਹਿਬ ਅਤੇ ਅੰਮ੍ਰਿਤਸਰ ਵਿੱਚ ਕੇਂਦਰਿਤ ਹੈ।

ਲਗਭਗ 23,000 ਏਕੜ ਸ਼ਾਮਲਾਟ ਜ਼ਮੀਨ ਜ਼ਮੀਨ ਹੜੱਪਣ ਵਾਲਿਆਂ ਦੇ ਕਬਜ਼ੇ ਹੇਠ ਹੈ; ਬਾਕੀ ਬਚੀ 1।47 ਲੱਖ ਏਕੜ ਜ਼ਮੀਨ ਵਿੱਚੋਂ ਜ਼ਿਆਦਾਤਰ ਦੀ ਹਰ ਸਾਲ ਪੰਚਾਇਤਾਂ ਵੱਲੋਂ ਨਿਲਾਮੀ ਕੀਤੀ ਜਾਂਦੀ ਹੈ ਅਤੇ ਕੋਈ ਵੀ ਪਿੰਡ ਵਾਸੀ ਖੇਤੀ ਲਈ ਬੋਲੀ ਲਗਾ ਸਕਦਾ ਹੈ। ਰਾਖਵੀਂ ਸ਼੍ਰੇਣੀ (ਦਲਿਤਾਂ) ਵਿੱਚ ਔਸਤਨ ਕਿਰਾਇਆ 20,000 ਰੁਪਏ ਪ੍ਰਤੀ ਏਕੜ ਹੈ, ਅਤੇ ਆਮ ਵਰਗ ਵਿੱਚ ਲਗਭਗ 28,000 ਰੁਪਏ ਹੈ। ਇਸ ਦੇ ਮੁਕਾਬਲੇ ਮਾਲਵਾ ਖੇਤਰ ਵਿੱਚ ਨਿੱਜੀ ਵਿਅਕਤੀਆਂ (ਕਿਸਾਨਾਂ) ਨੂੰ ਲੀਜ਼ ਦੀਆਂ ਦਰਾਂ 60,000 ਰੁਪਏ ਪ੍ਰਤੀ ਏਕੜ ਸਾਲਾਨਾ ਅਤੇ ਹੋਰ ਖੇਤਰਾਂ ਵਿੱਚ 25,000-45,000 ਰੁਪਏ ਹਨ।

ਪੰਜਾਬ ਦੀ ਲਗਭਗ 3 ਕਰੋੜ ਅਬਾਦੀ ਦਾ 36%(1 ਕਰੋੜ 8 ਲੱਖ) ਹਿੱਸਾ ਐਸਸੀ ਸਮਾਜ ਦਾ ਹੋ ਸਕਦਾ ਹੈ, ਜਿਸ ਇਕ ਕਰੋੜ 8 ਲੱਖ ਵਿੱਚੋਂ 70% ਐਸਸੀ ( 75 ਲੱਖ 60 ਹਜਾਰ) ਲੋਕ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਹੀ ਬਣਦੇ ਹਨ। 75 ਲੱਖ 60 ਹਜਾਰ ਵਿੱਚੋਂ 10% ਸਵੈਰੁਜਗਾਰ ਕਰਨ ਵਾਲੇ ਹੀ ਹਨ, ਅਤੇ 90% ਐਸਸੀ ਜੋ ਕਿ 68 ਲੱਖ 8 ਹਜਾਰ ਬਣਦਾ ਹੈ ਇਹ ਸਾਰੇ ਦਾ ਸਾਰਾ ਮੁੱਖ ਤੌਰ ਤੇ ਖੇਤੀ ਕਿਤੇ ਨਾਲ ਸਬੰਧ ਰਖਦੇ ਹੈ। ਜੇ ਕਰ ਹੋਰ ਸ਼ਹਿਰੀ, ਕਾਰਖਾਨੇਆਂ ਜਾਂ ਉਸਾਰੀ ਆਦਿ ਦੇ ਕੰਮਾਂ ਵਾਲੇ ਲੋਕਾਂ ਦੀ ਗਿਣਤਾ 8 ਲੱਖ ਲਗਾ ਲਈਏ ਤਾਂ ਵੀ 60 ਲੱਖ ਸਿੱਧੇ ਤੌਰ ਤੇ ਖੇਤੀ ਉੱਤੇ ਨਿਰਭਰ ਲੋਕ ਹੀ ਹੋ ਸਕਦੇ ਹਨ। ਪੰਜਾਬ ਦੀ ਕੁੱਲ ਸ਼ਾਮਲਾਟ ਦਾਇੱਕ ਤਿਹਾਈ ਜੋ ਦਲਿਤਾਂ ਲਈ ਰਾਖਵਾਂ ਹੈ (ਜੋ ਆਬਾਦੀ ਦਾ ਇੱਕ ਤਿਹਾਈ ਨੁਮਾਇੰਦਗੀ ਕਰਦਾ ਹੈ) ਲਗਭਗ 56,677 ਏਕੜ (22,946 ਹੈਕਟੇਅਰ) ਵਿੱਚ ਆਉਂਦਾ ਹੈ। 23000 ਏਕੜ ਨਜਾਇਜ ਕਬਜੇ ਵੀ ਗਰੀਬ ਲੋਕ ਤਾਂ ਨਹੀਂ ਕਰ ਸਕਦੇ, ਇਹ ਵੀ ਹਿੱਸਾ ਆਸਸੀ ਸਮਾਜ ਦਾ ਹੀ ਹੋ ਸਕਦਾ ਹੈ।



ਖੇਤ ਮਜਦੂਰ ਦੇ ਜਮੀਨ ਪ੍ਰਾਪਤੀ ਘੋਲ ਚੋਂ ਮਜਦੂਰ ਕਿਸਾਨ ਏਕਤਾ ਗਾਇਬ

### ਪੰਜਾਬ ਵਿੱਚ ਮੁਜ਼ਾਰਾ ਅੰਦੋਲਨ

1961 ਵਿੱਚ, ਰਾਜ ਨੇ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ ਪਾਸ ਕੀਤਾ, ਜਿਸ ਵਿੱਚ ਖੇਤੀਬਾੜੀ ਪਿੰਡ ਦੀਆਂ ਸਾਂਝੀਆਂ ਜ਼ਮੀਨਾਂ ਦਾ 33% ਅਨੁਸੂਚਿਤ ਜਾਤੀਆਂ ਲਈ ਰਾਖਵਾਂ ਕੀਤਾ ਗਿਆ, ਜੋ ਬੋਲੀ ਰਾਹੀਂ ਸਾਲਾਨਾ ਲੀਜ਼ ਪ੍ਰਾਪਤ ਕਰ ਸਕਦੇ ਸਨ। ਕਾਨੂੰਨ ਦੇ ਤਹਿਤ ਨਿਯਮ 1964 ਵਿੱਚ ਬਣਾਏ ਗਏ ਸਨ। ਹਾਲਾਂਕਿ, ਲਾਗੂ ਕਰਨਾ ਉਦਾਸੀਨ ਸੀ।

ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ, ਚੰਡੀਗੜ੍ਹ ਦੇ ਸੁੱਚਾ ਸਿੰਘ ਗਿੱਲ ਨੇ ਕਿਹਾ, "ਉੱਚ ਜਾਤੀ ਦੇ ਕਿਸਾਨ ਰਾਖਵੇਂ ਵਰਗ ਦੇ ਪ੍ਰੌਕਸੀ ਉਮੀਦਵਾਰਾਂ ਨੂੰ ਸਪਾਂਸਰ ਕਰਕੇ, ਇਸ ਭਾਈਚਾਰੇ ਨੂੰ ਇਸ ਅਧਿਕਾਰ ਤੋਂ ਵਾਂਝੇ ਰੱਖ ਕੇ ਖੇਤੀ ਕਰਦੇ ਰਹੇ ਹਨ।" "ਦਲਿਤ ਵੀ ਇਸ ਵਿਵਸਥਾ ਨੂੰ ਚੁਣੌਤੀ ਦੇਣ ਲਈ ਅਵਾਜ਼ ਨਹੀਂ ਉਠਾ ਰਹੇ ਸਨ।"

ਸੰਗਰੂਰ ਜ਼ਿਲ੍ਹੇ ਦੇ ਪਿੰਡ ਨਿਆਮਤਪੁਰ ਦੇ ਵਸਨੀਕ ਅਵਤਾਰ ਸਿੰਘ, 65, ਨੇ ਕਿਹਾ, "ਭਾਵੇਂ ਸਾਨੂੰ ਪਤਾ ਸੀ ਕਿ ਜ਼ਮੀਨ ਸਾਡੀ ਹੈ, ਅਸੀਂ ਇਸ 'ਤੇ ਦਾਅਵਾ ਨਹੀਂ ਕਰ ਸਕਦੇ ਸੀ," ਜਿਸ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਸਮਾਂ ਵੱਡੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕੰਮ ਕਰਦਿਆਂ ਬਿਤਾਇਆ। "ਸਾਡੇ ਵਿੱਚੋਂ ਬਹੁਤ ਸਾਰੇ ਅਨਪੜ੍ਹ,ਅਸੰਗਠਿਤ ਅਤੇ ਜ਼ਿਮੀਦਾਰਾਂ ਦੇ ਵਿਰੁੱਧ ਜਾਣ ਤੋਂ ਡਰਦੇ ਸਨ ਜੋ ਸਾਡੀ ਆਮਦਨੀ, ਭੋਜਨ ਅਤੇ ਚਾਰੇ ਦਾ ਇੱਕੋ ਇੱਕ ਸਰੋਤ ਸਨ।"

2009 ਵਿੱਚ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਜਾਂ ਭੂਮੀ ਅਧਿਕਾਰ ਸੰਘਰਸ਼ ਕਮੇਟੀ, ਇੱਕ ਗੈਰ ਰਸਮੀ ਖੱ-ਬੇਪੱਖੀ ਸੰਗਠਨ, ਨੇ ਪਿੰਡ ਪੱਧਰੀ ਕਮੇਟੀਆਂ ਰਾਹੀਂ ਦਲਿਤਾਂ ਨੂੰ ਲਾਮਬੰਦ ਕਰਨ ਦਾ ਫੈਸਲਾ ਕੀਤਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਸਾਰੇ ਦਲਿਤਾਂ ਦੁਆਰਾ ਇੱਕ ਪਿੰਡ ਵਿੱਚ ਰਾਖਵੀਆਂ ਸਾਂਝੀਆਂ ਜ਼ਮੀਨਾਂ ਦੀ ਸਮੂਹਿਕ ਬੋਲੀ ਅਤੇ ਕਾਸ਼ਤ ਦੇ ਹੱਕ ਵਿੱਚ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੰਗਰੂਰ ਦੇ ਜ਼ਿਲ੍ਹਾ ਸਕੱਤਰ ਗੁਰਮੁਖ ਸਿੰਘ ਨੇ ਕਿਹਾ, "ਪੜ੍ਹੇ ਲਿਖੇ ਨੌਜਵਾਨ ਅਤੇ ਔਰਤਾਂ ਇਸ ਸਥਿਤੀ ਨੂੰ ਚੁਣੌਤੀ ਦੇਣ ਲਈ ਸਭ ਤੋਂ ਜ਼ਿਆਦਾ ਤਿਆਰ ਸਨ। "ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਜ਼ਮੀਨ ਦੇ ਇੱਕ ਟੁਕੜੇ ਦੇ ਮਾਲਕ ਹੋਣ ਨਾਲ ਵੱਕਾਰ ਅਤੇ ਉੱਚ ਜਾਤੀਆਂ ਦੇ ਦਬਦਬੇ ਨੂੰ ਖਤਮ ਕੀਤਾ ਜਾਵੇਗਾ।"

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਰੌਣਕੀ ਰਾਮ ਨੇ ਕਿਹਾ ਕਿ ਦਲਿਤਾਂ ਦੇ ਦ੍ਰਿੜਤਾ ਵਿੱਚ ਇਹ ਤਬਦੀਲੀ, ਹਾਲਾਂਕਿ, ਦਹਾਕਿਆਂ ਦਾ ਕੰਮ ਹੈ। ਆਜ਼ਾਦੀ ਤੋਂ ਪਹਿਲਾਂ ਤੋਂ ਸ਼ੁਰੂ ਹੋ ਕੇ, ਬੀਆਰ ਅੰਬੇਡਕਰ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ, ਜੋ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਵਿੱਚ ਜਨਮੇ ਹਨ, ਦੇ ਕੰਮ ਅਤੇ ਐਡ ਧਰਮ-ਰਵਿਦਾਸੀਆ ਰਾਹੀਂ ਧਾਰਮਿਕ ਚੇਤਨਾ ਦੁਆਰਾ ਰਾਜਨੀਤਿਕ ਚੇਤਨਾ ਦਾ ਉਭਾਰ ਹੋਇਆ। ਹਾਲ ਹੀ ਵਿੱਚ, ਇਹਨਾਂ ਸਿਆਸੀ-ਧਾਰਮਿਕ ਸੰਪਰਦਾਵਾਂ ਵਿੱਚ ਸਭ ਤੋਂ ਵੱਧ ਸੰਗਠਿਤ ਅਤੇ ਸ਼ਕਤੀਸ਼ਾਲੀ ਡੇਰਾ ਸੱਚਾ ਸੌਦਾ ਹੈ ਜਿੱਥੇ ਦਲਿਤ ਇਕੱਠੇ ਹੋਏ ਹਨ। ਰੌਣਕੀ ਰਾਮ ਨੇ ਕਿਹਾ ਕਿ ਅਜਿਹੇ ਡੇਰਿਆਂ ਨੇ ਦਲਿਤਾਂ ਨੂੰ ਜ਼ਮੀਨੀ ਹੱਕਾਂ ਲਈ ਅੰਦੋਲਨ ਲਈ ਜਥੇਬੰਦ ਹੋਣ ਦਾ ਭਰੋਸਾ ਦਿੱਤਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ ਸ਼ਾਸਤਰ ਦੇ ਸਾਬਕਾ ਪ੍ਰੋਫੈਸਰ ਗਿਆਨ ਸਿੰਘ ਨੇ ਕਿਹਾ, "ਹਰੀ ਕ੍ਰਾਂਤੀ ਨੇ ਵਧੇ ਹੋਏ ਖੇਤੀ ਮਸ਼ੀਨੀਕਰਨ ਕਾਰਨ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਪਸੀ ਨਿਰਭਰਤਾ ਘਟਾ ਦਿੱਤੀ ਹੈ। ਦਲਿਤ ਨੇ ਕੰਮ ਲਈ ਨੇੜਲੇ ਕਸਬਿਆਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਉਹਨਾਂ ਲਈ ਜਿਹੜੇ ਅਜੇ ਵੀ ਖੇਤ ਦੇ ਕੰਮ ਵਿੱਚ ਸ਼ਾਮਲ ਹਨ, ਹਾਲਾਂਕਿ, ਨਿਰਭਰਤਾ ਬਰਕਰਾਰ ਹੈ। 2017 ਦੇ ਇੱਕ ਅਧਿਐਨ ਦੇ ਅਨੁਸਾਰ, ਦਿਹਾਤੀ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿੱਚ ਕਰਜ਼ਾਈ ਹੋਣ ਦੇ ਕਾਰਨ ਲਗਭਗ 68% ਖੇਤ ਮਜ਼ਦੂਰ ਵੱਡੇ ਕਿਸਾਨਾਂ ਤੋਂ ਕਰਜ਼ੇ ਪ੍ਰਾਪਤ ਕਰਦੇ ਹਨ, ਜਿਆਦਾਤਰ ਉੱਚ ਵਿਆਜ ਦਰਾਂ ਤੇ ਹੁੰਦੇ ਹਨ।

### ਜ਼ਮੀਨ ਦੀ ਮਾਲਕੀ ਅਤੇ ਅਧਿਕਾਰ

ਪੰਜਾਬ ਵਿੱਚ, ਉੱਚ ਜਾਤੀਆਂ, ਜਿਆਦਾਤਰ ਜੱਟ ਸਿੱਖ, ਖੇਤੀ ਦੇ ਖੇਤਰ ਵਿੱਚ ਹਾਵੀ ਹਨ। 2015-16 ਦੀ ਖੇਤੀ ਜਨਗਣਨਾ ਅਨੁਸਾਰ, ਸਿਰਫ਼ 3।5% ਨਿੱਜੀ ਖੇਤੀ ਜ਼ਮੀਨ ਦਲਿਤਾਂ ਦੀ ਹੈ ਜੋ ਆਬਾਦੀ ਦਾ 32% ਬਣਦੀ ਹੈ। 16।6% ਦਲਿਤਾਂ ਲਈ ਰਾਸ਼ਟਰੀ ਔਸਤ ਖੇਤੀ ਜ਼ਮੀਨ ਦਾ 8।6% ਹੈ।

ਭਾਰਤ ਦੇ ਸਾਰੇ ਗੈਰ-ਪਹਾੜੀ ਰਾਜਾਂ ਵਿੱਚ 10 ਹੈਕਟੇਅਰ ਤੋਂ ਵੱਧ ਜ਼ਮੀਨ ਵਾਲੇ ਵੱਡੇ ਕਿਸਾਨਾਂ ਦਾ ਵੱਧ ਤੋਂ ਵੱਧ ਅਨੁਪਾਤ-5।28%-ਪੰਜਾਬ ਹੈ। ਖੇਤੀਬਾੜੀ ਜਨਗਣਨਾ 2015-'16 ਦੇ ਅਨੁਸਾਰ, ਰਾਸ਼ਟਰੀ ਔਸਤ 0।57% ਹੈ।

ਜ਼ਮੀਨ ਦੀ ਵੱਡੇ ਕਿਸਾਨਾਂ ਦੀ ਸੰਖਿਆ ਹੋਰ ਵਧਣ ਦੀ ਉਮੀਦ ਹੈ ਕਿਉਂਕਿ ਰਾਜ ਵਿੱਚ ਆਧੁਨਿਕ, ਪੂੰਜੀ-ਸੰਬੰਧੀ ਖੇਤੀ ਪੈਮਾਨੇ ਦੀ ਆਰਥਿਕਤਾ ਦੇ ਕਾਰਨ ਵੱਡੇ ਕਿਸਾਨਾਂ ਨੂੰ ਲਾਭ ਪਹੁੰਚਾਉਂਦੀ ਹੈ।

ਅਤੀਤ ਵਿੱਚ, ਪੰਜਾਬ ਵਿੱਚ ਜ਼ਮੀਨੀ ਅਧਿਕਾਰਾਂ ਦੀ ਇੱਕੋ ਇੱਕ ਵੱਡੀ ਲਹਿਰ 1930-'53 ਤੱਕ ਮੁਜ਼ਾਰਾ ਅੰਦੋਲਨ ਸੀ, ਜਿਸ ਵਿੱਚ ਕਿਰਾਏਦਾਰ ਕਿਸਾਨਾਂ ਨੇ ਬਿਸਵੇਦਾਰੀ ਨੂੰ ਖਤਮ ਕਰਨ ਦੀ ਮੰਗ ਕੀਤੀ - ਇੱਕ ਅਜਿਹੀ ਪ੍ਰਣਾਲੀ ਜਿਸ ਵਿੱਚ ਜ਼ਿਮੀਦਾਰਾਂ ਕੋਲ ਵੱਡੀ ਜ਼ਮੀਨ ਦੀ ਮਾਲਕੀ ਹੁੰਦੀ ਸੀ - ਪਟਿਆਲਾ ਰਿਆਸਤ ਵਿੱਚ ਅਤੇ ਪੂਰਬੀ ਪੰਜਾਬ ਰਾਜਾਂ ਦੀ ਯੂਨੀਅਨ। ਅੰਦੋਲਨ ਦੇ ਕਾਰਨ ਪ੍ਰਦਰਸ਼ਨ ਕਰ ਰਹੇ ਪੱਟੇਦਾਰ ਕਿਸਾਨਾਂ ਵਿਰੁੱਧ ਹਿੰਸਾ ਹੋਈ ਸੀ।

ਭਾਰਤ ਸਰਕਾਰ ਦੁਆਰਾ ਸਭ ਤੋਂ ਵੱਧ ਕਰਜਿਆਂ ਦੀ ਮੁਆਫੀ ਦਾ ਵੱਡਾ ਹਿੱਸਾ ਵੱਡੇ ਉਦਯੋਗਪਤੀਆਂ ਦਾ ਹੁੰਦਾ ਹੈ। ਇਸ ਤੋਂ ਬਾਅਦ ਬਜਟ ਦਾ ਵੱਡਾ ਹਿੱਸਾ ਕਿਸਾਨਾ ਦੇ ਕਰਜਿਆਂ ਨੂੰ ਮੁਆਫ ਕਰਨ ਅਤੇ ਸਬਸੀਡੀਆਂ ਦੇਣ ਵਿੱਚ ਖਰਚ ਹੁੰਦਾ ਹੈ। ਭਾਰਤੀ ਖੇਤ ਮਜਦੂਰ ਕੋਲ ਸਰਕਾਰ ਤੋਂ ਕਰਜਾ ਲੈਣ ਲਈ ਜੁਗਾੜ ਨਹੀਂ ਹੁੰਦਾ, ਇਸ ਲਈ ਉਹ 95% ਕਰਜੇ ਜਮੀਨ ਮਾਲਕਾਂ ਕੋਲੋਂ ਹੀ ਲੈਂਦੇ ਹਨ।

ਜਿਸ ਨੂੰ ਉਹ ਆਪਣੇ ਪ੍ਰਵਾਰ ਸਮੇਤ ਉਹਨਾ ਦੀ ਮਜਦੂਰੀ ਕਰ ਕੇ ਚੁਕਾਉਂਦੇ ਰਹਿੰਦੇ ਹਨ। ਉਹ ਇਹਨਾ ਕਰਜਿਆਂ ਕਾਰਨ ਪੀਹੜੀ ਦਰ ਪੀਹੜੀ ਪਿਸਦੇ ਰਹਿੰਦੇ ਹਨ, ਕਦੇ ਕਰਜੇ ਉਤਰਦੇ ਹੀ ਨਹੀਂ। ਖੇਤ ਮਜਦੂਰ ਅਜਾਦ ਹੋਇਆ ਹੀ ਨਹੀਂ ਲਗਦਾ, ਉਹ ਭਾਰਤ ਦੇ ਪੁਰਾਂਣੇ ਢਾਂਚੇ ਵਿੱਚ ਹੀ ਫਸਿਆ ਹੋਇਆ ਹੈ।

ਵਿਸ਼ਵ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਖੇਤ ਮਜਦੂਰ ਦਾ ਸਭ ਨਾਲੋਂ ਵੱਧ ਸ਼ੋਸ਼ਣ ਹੋ ਰਿਹਾ ਹੈ। ਸਮਾਜਿਕ ਸੰਸਥਾਵਾਂ ਅਤੇ ਸਰਕਾਰਾਂ ਨੂੰ ਖੇਤ ਮਜਦੂਰ ਲਈ ਕੰਮ ਕਰਨ ਲਈ ਅੱਗੇ ਆਉਂਣਾ ਹੋਵੇਗਾ।

# 3 ਲੋਕ ਸਭਾ, 29 ਵਿਧਾਨ ਸਭਾ ਜ਼ਿਮਨੀ ਚੋਣਾਂ ਅੱਜ, ਭਾਜਪਾ ਅਤੇ ਕਾਂਗਰਸ ਲਈ ਯੁੱਧ

ਤਿੰਨ ਲੋਕ ਸਭਾ ਉਪ ਚੋਣਾਂ ਹਿਮਾਚਲ ਪ੍ਰਦੇਸ਼ (ਮੰਡੀ), ਮੱਧ ਪ੍ਰਦੇਸ਼ (ਖੰਡਵਾ) ਅਤੇ ਦਾਦਰਾ ਅਤੇ ਨਗਰ ਹਵੇਲੀ ਵਿੱਚ ਹਨ। ਤਿੰਨੋਂ ਸੀਟਾਂ ਸੰਸਦ ਮੈਂਬਰਾਂ ਦੀ ਮੌਤ ਤੋਂ ਬਾਅਦ ਖਾਲੀ ਹੋਈਆਂ ਹਨ

30 ਅਕਤੂਬਰ- 13 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦਾਦਰਾ ਅਤੇ ਨਗਰ ਹਵੇਲੀ ਦੀਆਂ ਤਿੰਨ ਲੋਕ ਸਭਾ ਅਤੇ 29 ਵਿਧਾਨ ਸਭਾ ਸੀਟਾਂ ਲਈ ਅੱਜ ਵੋਟਾਂ ਪੈਣਗੀਆਂ। ਮੌਜੂਦਾ ਵਿਧਾਇਕਾਂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਲਗਭਗ ਸਾਰੀਆਂ ਵਿਧਾਨ ਸਭਾ ਉਪ ਚੋਣਾਂ ਦੀ ਲੋੜ ਹੈ। ਮੰਗਲਵਾਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

### ਇਹਨਾਂ ਉਪ ਚੋਣਾਂ ਬਾਰੇ ਸੰਖੇਪ ਜਾਣਕਾਰੀ

ਤਿੰਨ ਲੋਕ ਸਭਾ ਉਪ ਚੋਣਾਂ ਹਿਮਾਚਲ ਪ੍ਰਦੇਸ਼ (ਮੰਡੀ), ਮੱਧ ਪ੍ਰਦੇਸ਼ (ਖੰਡਵਾ) ਅਤੇ ਦਾਦਰਾ ਅਤੇ ਨਗਰ ਹਵੇਲੀ ਵਿੱਚ ਹਨ। ਤਿੰਨੋਂ ਸੀਟਾਂ ਸੰਸਦ ਮੈਂਬਰਾਂ ਦੀ ਮੌਤ ਤੋਂ ਬਾਅਦ ਖਾਲੀ ਹੋਈਆਂ ਹਨ। ਮੰਡੀ ਦੇ ਸੰਸਦ ਰਾਮਸਵਰੂਪ ਸ਼ਰਮਾ ਅਤੇ ਖੰਡਵਾ ਦੇ ਸੰਸਦ ਮੈਂਬਰ ਨੰਦ ਕੁਮਾਰ ਸਿੰਘ ਚੌਹਾਨ ਦੀ ਮਾਰਚ ਵਿੱਚ ਮੌਤ ਹੋ ਗਈ ਸੀ, ਜਦੋਂ ਕਿ ਦਾਦਰਾ ਦੇ ਸੰਸਦ ਮੈਂਬਰ ਮੋਹਨ ਡੇਲਕਰ ਦੀ ਮੌਤ ਇੱਕ ਮਹੀਨਾ ਪਹਿਲਾਂ ਕਥਿਤ ਤੌਰ 'ਤੇ ਖੁਦਕੁਸ਼ੀ ਕਰਕੇ ਹੋਈ ਸੀ। ਮੰਡੀ ਅਤੇ ਖੰਡਵਾ 'ਤੇ ਭਾਜਪਾ ਦਾ ਕਬਜ਼ਾ ਸੀ, ਜਦਕਿ ਸ੍ਰੀ ਡੇਲਕਰ ਆਜ਼ਾਦ ਸੰਸਦ ਮੈਂਬਰ ਸਨ।

ਬੰਗਾਲ ਵਿੱਚ ਚਾਰ ਜ਼ਿਮਨੀ ਚੋਣਾਂ ਹੋਣਗੀਆਂ, ਜਿਸ ਵਿੱਚ ਇੱਕ ਕੂਚ ਬਿਹਾਰ ਦੇ ਦਿਨਹਾਟਾ ਲਈ ਵੀ ਸ਼ਾਮਲ ਹੈ, ਜਿੱਥੇ ਸੱਤਾਧਾਰੀ ਤ੍ਰਿਣਮੂਲ ਦੇ ਉਦਯਨ ਗੁਹਾ ਨੂੰ ਅਪ੍ਰੈਲ-ਮਈ ਵਿੱਚ ਭਾਜਪਾ ਨੇ (57 ਵੋਟਾਂ ਨਾਲ) ਹਰਾਇਆ ਸੀ। ਭਾਜਪਾ ਦੇ ਜੂਨੀਅਰ ਗ੍ਰਹਿ ਮੰਤਰੀ ਨਿਸਿਥ ਪ੍ਰਮਾਣਿਕ ਵੱਲੋਂ ਲੋਕ ਸਭਾ ਸੀਟ ਬਰਕਰਾਰ ਰੱਖਣ ਲਈ ਅਸਤੀਫ਼ਾ ਦੇਣ ਤੋਂ ਬਾਅਦ ਉਸਨੂੰ ਦੂਜਾ ਮੌਕਾ ਮਿਲਦਾ ਹੈ; ਪ੍ਰਮਾਣਿਕ ਰਾਜ ਚੋਣਾਂ ਲਈ ਤਿਆਰ ਕੀਤੇ ਗਏ ਭਾਜਪਾ ਦੇ ਕਈ ਸੰਸਦ ਮੈਂਬਰਾਂ ਵਿੱਚੋਂ ਇੱਕ ਸੀ। ਹੋਰ ਖੁੱਲ੍ਹੀਆਂ ਬੰਗਾਲ ਅਸੈਂਬਲੀ ਸੀਟਾਂ ਨਾਦੀਆ ਜ਼ਿਲ੍ਹੇ ਵਿੱਚ ਸਾਂਤੀਪੁਰ ਅਤੇ ਉੱਤਰੀ ਅਤੇ ਦੱਖਣੀ 24 ਪਰਗਨਾ ਵਿੱਚ ਕ੍ਰਮਵਾਰ ਖਰਦਾਹ ਅਤੇ ਗੋਸਾਬਾ ਹਨ। ਭਾਜਪਾ ਲਈ, ਸ਼ਾਂਤੀਪੁਰ ਅਤੇ ਦਿਨਹਾਟਾ ਦੀਆਂ ਲੜਾਈਆਂ, ਜੋ ਕਿ ਦੋਵੇਂ ਅਪ੍ਰੈਲ-ਮਈ ਚੋਣਾਂ ਵਿੱਚ ਜਿੱਤੀਆਂ ਸਨ, ਵੱਕਾਰ ਦਾ ਵਿਸ਼ਾ ਹਨ, ਕਿਉਂਕਿ ਉਹ ਹੁਣ ਰਾਜ ਵਿੱਚ ਨੇਤਾਵਾਂ ਦੇ ਚਿੰਤਾਜਨਕ ਪਲਾਇਨ ਦਾ ਸਾਹਮਣਾ ਕਰ ਰਹੀਆਂ ਹਨ।

ਤ੍ਰਿਣਮੂਲ ਲਈ ਖੜਦਾ ਅਹਿਮ ਹੈ ਕਿਉਂਕਿ ਇਸ ਨੇ ਰਾਜ ਮੰਤਰੀ ਸੋਵਦੇਬ ਚਟੋਪਾਧਿਆਏ ਨੂੰ ਮੈਦਾਨ ਵਿਚ ਉਤਾਰਿਆ ਹੈ। ਉਹ ਭਬਾਨੀਪੁਰ ਤੋਂ ਜਿੱਤੇ ਸਨ ਪਰ ਮਮਤਾ ਬੈਨਰਜੀ ਵਿਧਾਨ ਸਭਾ ਸੀਟ ਜਿੱਤਣ ਲਈ ਅਸਤੀਫਾ ਦੇ ਗਏ ਸਨ। ਸ਼੍ਰੀਮਤੀ ਬੈਨਰਜੀ ਨੇ ਪਹਿਲਾਂ ਨੰਦੀਗ੍ਰਾਮ ਤੋਂ ਭਾਜਪਾ ਦੇ ਸਹਿਯੋਗੀ ਬਣੇ ਸੁਵੇਂਦੂ ਅਧਿਕਾਰੀ ਤੋਂ ਚੋਣ ਲੜੀ ਸੀ ਅਤੇ ਹਾਰ ਗਈ ਸੀ। ਉਨ੍ਹਾਂ ਨੂੰ ਮੁੱਖ ਮੰਤਰੀ ਬਣੇ ਰਹਿਣ ਲਈ ਛੇ ਮਹੀਨਿਆਂ ਦੇ ਅੰਦਰ ਜ਼ਿਮਨੀ ਚੋਣ ਜਿੱਤਣੀ ਪਈ। ਉਨ੍ਹਾਂ ਨੇ ਭਾਜਪਾ ਦੀ ਪ੍ਰਿਅੰਕਾ ਤਿਬਰੇਵਾਲ ਨੂੰ 58,832 ਵੋਟਾਂ ਨਾਲ ਹਰਾ ਕੇ ਅਜਿਹਾ ਕੀਤਾ।

ਅਸਾਮ ਵਿੱਚ ਪੰਜ ਵਿਧਾਨ ਸਭਾ ਉਪ ਚੋਣਾਂ ਹੋਣੀਆਂ ਹਨ। ਇਹ ਹਨ ਕੋਕਰਾਝਾਰ ਜ਼ਿਲੇ ਦੇ ਗੋਸਾਈਗਾਂਵ, ਬਕਸਾ ਜ਼ਿਲੇ ਦੇ ਤਾਮੂਲਪੁਰ, ਜੋਰਹਾਟ ਜ਼ਿਲੇ ਦੇ ਮਰਿਆਨੀ ਅਤੇ ਥੋਰਾ (ਜੋ ਕਿ ਇਸੇ ਨਾਂ ਦੇ ਚਾਹ ਦੇ ਬਾਗ ਦੇ ਆਲੇ-ਦੁਆਲੇ ਸਥਿਤ ਹੈ)। ਪੰਜਵਾਂ ਬਾਰਪੇਟਾ ਜ਼ਿਲ੍ਹੇ ਦਾ ਭਵਾਨੀਪੁਰ ਹੈ।

ਗੋਸਾਈਗਾਂਵ ਅਤੇ ਤਾਮੂਲਪੁਰ ਉਪ ਚੋਣਾਂ ਦੀ ਲੋੜ ਹੈ ਕਿਉਂਕਿ ਮੌਜੂਦਾ ਵਿਧਾਇਕਾਂ ਦੀ ਮੌਤ ਹੋ ਗਈ ਹੈ। ਬਾਕੀ ਤਿੰਨ ਵਿਧਾਇਕਾਂ ਨੇ ਭਾਜਪਾ 'ਚ ਸ਼ਾਮਲ ਹੋਣ ਲਈ ਦਿੱਤੇ ਅਸਤੀਫੇ; ਰੂਪਜਯੋਤੀ ਕੁਰਮੀ ਅਤੇ ਸੁਸ਼ਾਂਤਾ ਬੋਰਗੋਹੇਨ ਦੇ ਅਸਤੀਫਾ ਦੇਣ ਤੋਂ ਪਹਿਲਾਂ ਮਾਰੀਆਨਾ ਅਤੇ ਥੋਰਾ ਕਾਂਗਰਸ ਕੋਲ ਸਨ।

ਹੁਣ ਕੁਰਮੀ ਅਤੇ ਬੋਰਗੋਹੇਨ ਦੋਵੇਂ ਭਾਜਪਾ ਦੀਆਂ ਟਿਕਟਾਂ 'ਤੇ ਦੁਬਾਰਾ ਚੋਣ ਲੜਨ ਲਈ ਬੋਲੀ ਲਗਾ ਰਹੇ ਹਨ। ਭਵਾਨੀਪੁਰ ਏ।ਆਈ।ਯੂ।ਡੀ।ਐਫ। ਦੇ ਫਣੀਧਰ ਤਾਲੁਕਦਾਰ ਕੋਲ ਸੀ, ਉਸ ਨੇ ਵੀ ਅਸਤੀਫਾ ਦੇਣ ਤੋਂ ਪਹਿਲਾਂ ਅਤੇ ਹੁਣ ਭਾਜਪਾ ਦੀ ਟਿਕਟ 'ਤੇ ਵੀ ਚੋਣ ਲੜ ਰਿਹਾ ਹੈ।

ਕਾਂਗਰਸ ਲਈ, ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਵਿਚਕਾਰ ਤਣਾਅ ਨੂੰ ਦੇਖਦੇ ਹੋਏ, ਰਾਜਸਥਾਨ ਵਿਚ ਵੱਲਭਨਗਰ ਅਤੇ ਧਾਰਿਆਵਾੜ ਉਪ ਚੋਣਾਂ ਨੂੰ ਉਸ ਦੀ ਸਰਕਾਰ ਦੀ ਸਥਿਰਤਾ ਦੀ ਪ੍ਰੀਖਿਆ ਵਜੋਂ ਦੇਖਿਆ ਜਾ ਰਿਹਾ ਹੈ। ਗਹਿਲੋਤ-ਪਾਇਲਟ ਝਗੜੇ ਕਾਰਨ ਪਾਰਟੀ ਨੂੰ ਪਿਛਲੇ ਸਾਲ ਲਗਭਗ ਰਾਜ ਗੁਆਚਣਾ ਪਿਆ। ਵੱਲਭਨਗਰ 'ਤੇ ਕਾਂਗਰਸ ਅਤੇ ਧਾਰਿਆਵਾੜ 'ਤੇ ਭਾਜਪਾ ਦਾ ਕਬਜ਼ਾ ਸੀ।

ਖੰਡਵਾ ਲੋਕ ਸਭਾ ਸੀਟ ਤੋਂ ਇਲਾਵਾ, ਮੱਧ ਪ੍ਰਦੇਸ਼ ਵਿੱਚ ਤਿੰਨ ਵਿਧਾਨ ਸਭਾ ਉਪ ਚੋਣਾਂ ਹੋਣਗੀਆਂ- ਰਾਏਗਾਂਵ, ਜੋਬਤ ਅਤੇ ਪ੍ਰਿਥਵੀਪੁਰ। ਰਾਏਗਾਂਵ 'ਤੇ ਭਾਜਪਾ ਅਤੇ ਬਾਕੀ ਦੋ ਕਾਂਗਰਸ ਕੋਲ ਸਨ। ਨਤੀਜਿਆਂ ਦਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ 'ਤੇ ਕੋਈ ਅਸਰ ਨਹੀਂ ਪਵੇਗਾ, ਪਰ ਉਹ ਤਾਕਤ ਦੀ ਸਥਿਤੀ ਦਾ ਦਾਅਵਾ ਕਰਨ ਲਈ ਮਜ਼ਬੂਤ ਜਿੱਤ ਚਾਹੁੰਦੇ ਹਨ, ਕਿਉਂਕਿ ਭਾਜਪਾ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਚਾਰ ਰਾਜ ਨੇਤਾਵਾਂ ਨੂੰ ਬਦਲ ਦਿੱਤਾ ਹੈ।

ਤੇਲੰਗਾਨਾ ਦੇ ਹੁਜ਼ੂਰਾਬਾਦ ਅਤੇ ਆਂਧਰਾ ਪ੍ਰਦੇਸ਼ ਦੇ ਬਡਵੇਲ ਵਿੱਚ ਵੀ ਉਪ ਚੋਣਾਂ ਹੋਣਗੀਆਂ। ਹਜ਼ੂਰਾਬਾਦ ਸੱਤਾਧਾਰੀ ਟੀਆਰਐਸ ਕੋਲ ਸੀ ਅਤੇ ਇਹ ਮੁੱਖ ਮੰਤਰੀ ਜਗਨ ਰੈਡੀ ਲਈ ਵੱਕਾਰ ਦੀ ਲੜਾਈ ਹੈ, ਕਿਉਂਕਿ ਭਾਜਪਾ ਨੇ ਈਟਾਲਾ ਰਾਜੇਂਦਰ ਨੂੰ ਮੈਦਾਨ ਵਿੱਚ ਉਤਾਰਿਆ ਹੈ। ਸਾਬਕਾ ਟੀਆਰਐਸ ਨੇਤਾ ਅਤੇ ਮੰਤਰੀ ਨੇ ਜ਼ਮੀਨ ਹੜੱਪਣ ਦੇ ਦੋਸ਼ਾਂ ਕਾਰਨ ਜੂਨ ਵਿੱਚ ਅਸਤੀਫਾ ਦੇ ਦਿੱਤਾ ਸੀ ਅਤੇ ਹੁਣ ਉਹ ਭਾਜਪਾ ਦੀ ਟਿਕਟ 'ਤੇ ਚੋਣ ਲੜ ਰਹੇ ਹਨ।

ਹੋਰ ਉਪ ਚੋਣਾਂ ਵਿੱਚ ਕਰਨਾਟਕ ਦੇ ਹਨਗਲ ਅਤੇ ਸਿੰਦਗੀ ਹਲਕੇ ਸ਼ਾਮਲ ਹਨ। ਜੁਲਾਈ ਵਿੱਚ ਬੀ।ਐਸ। ਯੇਦੀਯੁਰੱਪਾ ਦੀ ਥਾਂ ਲੈਣ ਵਾਲੇ ਭਾਜਪਾ ਦੇ ਨਵੇਂ ਮੁੱਖ ਮੰਤਰੀ ਬਸਵਰਾਜ ਬੋਮਈ ਲਈ ਇਹ ਪਹਿਲੀ ਚੋਣ ਪ੍ਰੀਖਿਆ ਹੋਵੇਗੀ। ਮੇਘਾਲਿਆ ਅਤੇ ਹਿਮਾਚਲ ਪ੍ਰਦੇਸ਼ ਵਿਚ ਤਿੰਨ-ਤਿੰਨ, ਬਿਹਾਰ ਵਿਚ ਦੋ ਅਤੇ ਮਹਾਰਾਸ਼ਟਰ ਅਤੇ ਮਿਜ਼ੋਰਮ ਵਿਚ ਇਕ-ਇਕ ਸੀਟਾਂ 'ਤੇ ਵੋਟਿੰਗ ਹੋਵੇਗੀ। ਹਰਿਆਣਾ ਦੇ ਏਲਨਾਬਾਦ ਵਿੱਚ ਵੀ ਵੋਟਿੰਗ ਹੋਵੇਗੀ, ਜਿੱਥੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਅਭੈ ਚੌਟਾਲਾ (ਜਿਨ੍ਹਾਂ ਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਅਸਤੀਫਾ ਦੇ ਦਿੱਤਾ) ਸੀਟ ਵਾਪਸ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ।

# ਗੁਜਰਾਤ: ਮੰਦਰ 'ਚ ਦਾਖ਼ਲ ਹੋਣ 'ਤੇ ਦਲਿਤ ਪਰਿਵਾਰ ਦੀ ਕੁੱਟਮਾਰ, 5 ਹਿਰਾਸਤ 'ਚ, 15 ਦੀ ਭਾਲ 'ਚ ਪੁਲਿਸ

ਗੁਜਰਾਤ ਦੇ ਕੱਛ 'ਚ ਇਕ ਦਲਿਤ ਪਰਿਵਾਰ ਨੂੰ ਮੰਦਰ 'ਚ ਦਾਖਲ ਹੋਣ 'ਤੇ ਕੁੱਟਿਆ ਗਿਆ। ਇਸ ਮਾਮਲੇ ਵਿੱਚ ਪੰਜ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੂੰ ਇਸ ਮਾਮਲੇ ਵਿੱਚ ਅਜੇ ਦਰਜਨ ਤੋਂ ਵੱਧ ਲੋਕਾਂ ਦੀ ਤਲਾਸ਼ ਹੈ।

ਕੱਛ ਦੇ ਗਾਂਧੀਧਾਮ ਸ਼ਹਿਰ ਦੇ ਭਚਾਊ ਤਾਲੁਕਾ ਦੇ ਇੱਕ ਪਿੰਡ ਵਿੱਚ ਤਿੰਨ ਦਿਨ ਪਹਿਲਾਂ ਇੱਕ ਦਲਿਤ ਪਰਿਵਾਰ ਦੇ ਛੇ ਮੈਂਬਰਾਂ 'ਤੇ 20 ਲੋਕਾਂ ਦੇ ਇੱਕ ਸਮੂਹ ਨੇ ਕਥਿਤ ਤੌਰ 'ਤੇ ਹਮਲਾ ਕੀਤਾ ਸੀ। ਜਿਸ ਤੋਂ ਬਾਅਦ ਗੁਜਰਾਤ ਪੁਲਿਸ ਨੇ ਸ਼ੁੱਕਰਵਾਰ ਸ਼ਾਮ ਤੱਕ ਇਸ ਮਾਮਲੇ ਵਿੱਚ ਪੰਜ ਦੋਸ਼ੀਆਂ ਨੂੰ ਹਿਰਾਸਤ ਵਿੱਚ ਲਿਆ ਹੈ।ਜ਼ਖਮੀ ਵਿਅਕਤੀਆਂ ਨੇ ਦਾਅਵਾ ਕੀਤਾ ਹੈ ਕਿ ਰਾਮ ਮੰਦਰ 'ਚ ਇਕ ਹੋਰ ਭਾਈਚਾਰੇ ਵਲੋਂ ਆਯੋਜਿਤ ਇਕ ਸਮਾਗਮ ਦੌਰਾਨ ਉਨ੍ਹਾਂ ਨੂੰ ਯੋਜਨਾਬੱਧ ਤਰੀਕੇ ਨਾਲ ਰਾਮ ਮੰਦਰ 'ਚ ਦਾਖਲ ਹੋਣ ਤੋਂ ਬਾਅਦ ਨਿਸ਼ਾਨਾ ਬਣਾਇਆ ਗਿਆ ਹੈ। ਪੁਲਿਸ ਨੇ ਕਿਹਾ ਕਿ ਉਹ ਪੀੜਤਾਂ ਵੱਲੋਂ ਲਗਾਏ ਗਏ ਦੋਸ਼ਾਂ ਦੀ ਜਾਂਚ ਕਰ ਰਹੀ ਹੈ।

ਗੁਜਰਾਤ ਦੇ ਕੱਛ ਵਿੱਚ, ਇੱਕ ਦਲਿਤ ਪਰਿਵਾਰ ਨੂੰ ਕੁਝ ਲੋਕਾਂ ਨੇ ਕੁੱਟਿਆ ਕਿਉਂਕਿ ਉਹ ਇੱਕ ਮੰਦਰ ਵਿੱਚ ਭਗਵਾਨ ਦੇ ਦਰਸ਼ਨ ਕਰਨ ਗਏ ਸਨ। ਪੁਲਸ ਨੇ ਇਸ ਮਾਮਲੇ 'ਚ 20 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਦੇ ਨਾਲ ਹੀ ਪੰਜ ਮੁਲਜ਼ਮਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ।



ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਹਮਲੇ ਤੋਂ ਬਾਅਦ 6 ਲੋਕਾਂ ਨੂੰ ਭੁਜ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਸ ਹਮਲੇ 'ਚ ਉਸ ਦੇ ਸਿਰ ਅਤੇ ਹੋਰ ਹਿੱਸਿਆਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਗਏ ਹਨ। ਪੁਲਿਸ ਮੁਤਾਬਕ ਭਚਾਊ ਤਾਲੁਕਾ ਦੇ ਨੇਰ ਪਿੰਡ ਵਿੱਚ 26 ਅਕਤੂਬਰ ਦੀ ਸਵੇਰ ਨੂੰ ਹਮਲੇ ਦੀਆਂ ਦੋ ਘਟਨਾਵਾਂ ਵਾਪਰੀਆਂ, ਜਿਸ ਵਿੱਚ 20 ਲੋਕਾਂ ਦੇ ਇੱਕ ਸਮੂਹ ਨੇ ਪਹਿਲਾ ਦਲਿਤ ਪਰਿਵਾਰ ਉੱਤੇ ਪਸ਼ੂਆਂ ਅਤੇ ਖੇਤਾਂ ਵਿੱਚ ਹਮਲਾ ਕੀਤਾ। ਫਿਰ ਉਸਦੇ ਘਰ ਵੜਿਆ।

ਪਹਿਲੀ ਘਟਨਾ ਵਿੱਚ ਪੀੜਤ ਗੋਵਿੰਦ ਵਾਘੇਲਾ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ 26 ਅਕਤੂਬਰ ਨੂੰ ਸਵੇਰੇ 10 ਵਜੇ ਦੇ ਕਰੀਬ ਪਤਾ ਲੱਗਾ ਕਿ ਪਿੰਡ ਵਿੱਚ ਉਸ ਦੇ ਖੇਤ ਵਿੱਚ ਪਸ਼ੂ ਵੜ ਗਏ ਹਨ। ਪੀੜਤ ਵਾਘੇਲਾ ਨੇ ਕਿਹਾ- ਉਨ੍ਹਾਂ ਨੇ ਸਾਨੂੰ ਪੁੱਛਿਆ ਕਿ ਅਸੀਂ 20 ਅਕਤੂਬਰ ਨੂੰ ਰਾਮ ਮੰਦਰ 'ਚ ਕਿਉਂ ਦਾਖਲ ਹੋਏ, ਜਦੋਂ ਪਵਿੱਤਰ ਰਸਮ ਚੱਲ ਰਹੀ ਸੀ। ਉਨ੍ਹਾਂ ਨੇ ਮੇਰਾ ਮੋਬਾਈਲ ਫ਼ੋਨ ਚੋਰੀ ਕਰ ਲਿਆ ਅਤੇ ਆਟੋਰਿਕਸ਼ਾ 'ਤੇ ਹਮਲਾ ਕਰ ਦਿੱਤਾ ਤਾਂ ਜੋ ਅਸੀਂ ਮਦਦ ਨਾ ਲੈ ਸਕੀਏ। ਨੇ ਦੱਸਿਆ ਕਿ ਉਹ ਮੇਰੇ ਪਿਤਾ ਨੂੰ ਮਾਰਨ ਲਈ ਪਿੰਡ ਜਾ ਰਹੇ ਸਨ। ਆਖਰਕਾਰ ਪੁਲਿਸ ਨੇ ਸਾਨੂੰ ਬਚਾਇਆ, ਜੋ ਸਾਨੂੰ ਹਸਪਤਾਲ ਲੈ ਗਈ।

ਇਸ ਘਟਨਾ ਦੇ ਸਬੰਧ ਵਿੱਚ 20 ਮੁਲਜ਼ਮਾਂ ਖ਼ਿਲਾਫ਼ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਐਫ ਆਈ ਆਰਜ਼ ਵਿੱਚ ਆਈ ਪੀ ਸੀ ਦੀ ਧਾਰਾ 307 ਕਤਲ ਦੀ ਕੋਸ਼ਿਸ਼, 323 ਨੂੰ ਨੁਕਸਾਨ ਪਹੁੰਚਾਉਣ ਲਈ, 324 ਖਤਰਨਾਕ ਹਥਿਆਰਾਂ ਨਾਲ ਸੱਟ ਪਹੁੰਚਾਉਣ ਲਈ, 120ਬੀ ਅਪਰਾਧਿਕ ਸਾਜ਼ਿਸ਼, 506 ਅਪਰਾਧਿਕ ਧਮਕਾਉਣ, 294ਬੀ ਅਸ਼ਲੀਲਤਾ, ਦੰਗਾ ਭੜਕਾਉਣ ਦੀਆਂ ਧਾਰਾਵਾਂ ਅਤੇ ਅਨੁਸੂਚਿਤ ਜਾਤੀ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਦੀ ਰੋਕਥਾਮ) ਐਕਟ।



ਹਰਦੀਪ ਸਿੰਘ ਛੀਬਰ
91-94636-01616

# ਸਟਾਲਿਨ ਦੇ ਰਾਜ ਵਿੱਚ 'ਇਲਮ ਥੇਦੀ ਕਲਵੀ', NEP, 2020 ਸਿੱਖਿਆ ਨੀਤੀ ਲਾਗੂ ਨਹੀਂ ਹੋਵੇਗੀ

29 ਅਕਤੂਬਰ ਚੇਨਈ: ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਰਾਜ ਵਿੱਚ 'ਇਲਮ ਥੇਦੀ ਕਲਵੀ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਤਾਮਿਲ-ਨਾਡੂ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ। ਹੋਰ ਵੇਰਵੇ ਦਿੰਦੇ ਹੋਏ, ਸਟਾਲਿਨ ਨੇ ਕਿਹਾ ਕਿ ਨਵੀਂ ਰਾਜ ਸਿੱਖਿਆ ਨੀਤੀ ਤਿਆਰ ਕਰਨ ਲਈ ਰਾਜ ਸਰਕਾਰ ਦੁਆਰਾ ਇੱਕ ਮਾਹਰ ਕਮੇਟੀ ਦਾ ਗਠਨ ਕੀਤਾ ਜਾਵੇਗਾ।

**'ਇਲਮ ਥੇਦੀ ਕਲਵੀ' ਸਕੀਮ ਬਾਰੇ**

'ਇਲਮ ਥੇਦੀ ਕਲਵੀ' ਪ੍ਰੋਗਰਾਮ 27 ਅਕਤੂਬਰ, 2021 ਨੂੰ ਵਿਲੂਪੁਰਮ ਜ਼ਿਲ੍ਹੇ ਤੋਂ ਸ਼ੁਰੂ ਕੀਤਾ ਗਿਆ ਸੀ। ਇਹ ਸਕੀਮ ਸਰਕਾਰ ਦੁਆਰਾ ਇੱਕ ਮਾਹਰ ਕਮੇਟੀ ਦੀ ਸਿਫ਼ਾਰਸ਼ ਨੂੰ ਸਵੀਕਾਰ ਕਰਦੇ ਹੋਏ ਸਥਾਪਿਤ ਕੀਤੀ ਗਈ ਸੀ।'ਇਲਮ ਥੀਦੀ ਕਲਵੀ' ਦਾ ਉਦੇਸ਼ ਰਾਜ ਦੇ ਹਰ ਉਸ ਵਿਦਿਆਰਥੀ ਤੱਕ ਪਹੁੰਚਣਾ ਹੈ ਜੋ ਕੋਵਿਡ-19 ਮਹਾਂਮਾਰੀ ਕਾਰਨ ਸਕੂਲਾਂ ਦੇ ਬੰਦ ਹੋਣ ਕਾਰਨ ਪ੍ਰਭਾਵਿਤ ਹੋਏ ਸਨ। ਇਸ ਸਕੀਮ ਦਾ ਉਦੇਸ਼ ਸਿੱਖਿਆ ਪ੍ਰਣਾਲੀ ਨੂੰ ਹੋਰ ਵਿਕਸਤ ਅਤੇ ਮਜ਼ਬੂਤ ਕਰਨਾਹੈ। 'ਇਲਮ ਥੀਦੀ ਕਲਵੀ' ਸਕੀਮ ਤਹਿਤ ਸਕੂਲੀ ਵਿਦਿਆਰਥੀਆਂ ਨੂੰ ਹੁਨਰ ਸਿਖਾਉਣ ਲਈ ਹੁਣ ਤੱਕ 86,550 ਵਾਲੰਟੀਅਰਾਂ ਨੂੰ ਰਜਿਸਟਰ ਕੀਤਾ ਗਿਆ ਹੈ। ਸੂਬਾ ਸਰਕਾਰ ਇਨ੍ਹਾਂ ਵਲੰਟੀਅਰਾਂ ਨੂੰ ਸਿਖਲਾਈ ਦੇਵੇਗੀ ਅਤੇ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਇਨ੍ਹਾਂ ਦੇ ਕੰਮ ਦੀ ਬਾਰੀਕੀ ਨਾਲ ਨਿਗਰਾਨੀ ਕੀਤੀ ਜਾਵੇਗੀ।



"ਰਾਸ਼ਟਰੀ ਸਿੱਖਿਆ ਨੀਤੀ 2020 ਤਾਮਿਲਨਾਡੂ ਵਿੱਚ ਲਾਗੂ ਨਹੀਂ ਕੀਤੀ ਜਾਵੇਗੀ। ਨਵੀਂ ਰਾਜ ਸਿੱਖਿਆ ਨੀਤੀ ਤਿਆਰ ਕਰਨ ਲਈ ਰਾਜ ਸਰਕਾਰ ਦੁ-ਆਰਾ ਇੱਕ ਮਾਹਰ ਕਮੇਟੀ ਦਾ ਗਠਨ ਕੀਤਾ ਜਾਵੇਗਾ, "ਸਟਾਲਿਨ ਨੇ ਕਿਹਾ। ਬੁੱਧਵਾਰ ਨੂੰ ਸਟਾਲਿਨ ਨੇ ਇਲਮ ਥੇਦੀ ਕਲਵੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਇਹ ਪ੍ਰੋਗਰਾਮ (ਇਲਮ ਥੇਦੀ ਕਲਵੀ) ਲੱਖਾਂ ਵਿਦਿਆਰਥੀਆਂ 'ਤੇ ਅੱਖਰਾਂ ਦੀ ਰੌਸ਼ਨੀ ਚਮਕਾਏਗਾ ਅਤੇ ਸੌ ਸਾਲ ਤੱਕ ਚੱਲੇਗਾ।

ਇਹ ਕਹਿੰਦਿਆਂ ਕਿ ਇਹ ਸਕੀਮ ਸਿੱਖਿਆ ਵਿੱਚ ਪੁਨਰਜਾਗਰਣ ਦਾ ਨੀਂਹ ਪੱਥਰ ਸਾਬਤ ਹੋਵੇਗੀ, ਸਟਾਲਿਨ ਨੇ ਕਿਹਾ ਕਿ ਸੈਂਕੜੇ ਸਾਲਾਂ ਤੋਂ ਲੋਕਾਂ ਨੂੰ ਇਸ ਸਿੱਖਿਆ ਤੋਂ ਇਨਕਾਰ ਕੀਤਾ ਗਿਆ ਸੀ, ਨੂੰ ਦ੍ਰਾਵਿੜ ਅੰਦੋਲਨ ਨੇ ਥਿਨਈ ਸਿੱਖਿਆ ਰਾਹੀਂ ਉਨ੍ਹਾਂ ਤੱਕ ਪਹੁੰਚਾਇਆ ਸੀ।

ਪ੍ਰੋਗਰਾਮ ਦੇ ਉਦੇਸ਼ਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਂਮਾਰੀ ਦੌਰਾਨ ਬੱਚਿਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਸੀ ਕਿਉਂਕਿ ਉਹ ਸਕੂਲਾਂ ਵਿੱਚ ਨਹੀਂ ਜਾ ਸਕਦੇ ਸਨ।

ਮੁੱਖ ਮੰਤਰੀ ਸਟਾਲਿਨ ਨੇ ਕਿਹਾ ਕਿ ਡੀਐਮਕੇ ਸਰਕਾਰ ਸਮਾਜ ਦੇ ਸਾਰੇ ਵਰਗਾਂ ਲਈ ਸਕੂਲ ਤੋਂ ਯੂਨੀ-ਵਰਸਿਟੀ ਤੱਕ ਹਰ ਪੱਧਰ 'ਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿੱਖਿਆ ਸਾਰੇ ਵਰਗਾਂ ਲਈ ਉਪਲਬਧ ਹੋਣੀ ਚਾਹੀਦੀ ਹੈ, ਅਤੇ ਸਰਕਾਰ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਕਦਮ ਚੁੱਕੇ ਹਨ।ਸਟਾਲਿਨ ਨੇ ਇਹ ਵੀ ਕਿਹਾ ਕਿ 'ਇਲਮ ਥੇਦੀ ਕਲਵੀ' ਸਕੀਮ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਰੌਸ਼ਨ ਕਰੇਗੀ।

ਮੁੱਖ ਮੰਤਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ "ਤਾਮਿਲਨਾਡੂ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅੰਓਫ, 2020 ਨੂੰ ਲਾਗੂ ਨਹੀਂ ਕਰੇਗਾ। ਰਾਜ ਲਈ ਇੱਕ ਸਿੱਖਿਆ ਨੀਤੀ ਤਿਆਰ ਕਰਨ ਲਈ ਛੇਤੀ ਹੀ ਇੱਕ ਮਾਹਰ ਕਮੇਟੀ ਦਾ ਗਠਨ ਕੀਤਾ ਜਾਵੇਗਾ। "ਇਲਮ ਥੇਦੀ ਕਲਵੀ ਪ੍ਰੋ-ਗਰਾਮ ਦੀ ਸ਼ੁਰੂਆਤ ਸਰਕਾਰ ਦੁਆਰਾ ਇੱਕ ਮਾਹਰ ਕਮੇਟੀ ਦੀ ਸਿਫ਼ਾਰਸ਼ ਨੂੰ ਸਵੀਕਾਰ ਕਰਦੇ ਹੋਏ ਕੀਤੀ ਗਈ ਸੀ। ਇਹ ਮੋਹਰੀ ਯਤਨ ਸਿੱਖਿਆ ਨੂੰ ਹੋਰ ਵਿਕਸਤ ਕਰੇਗਾ, "ਮੁੱਖ ਮੰਤਰੀ ਨੇ ਕਿਹਾ। ਹੁਣ ਤੱਕ ਲਗਭਗ 86,550 ਵਲੰਟੀਅਰ ਸਕੂਲੀ ਵਿਦਿਆਰਥੀਆਂ ਨੂੰ ਹੁਨਰ ਸਿਖਾਉਣ ਲਈ ਰਜਿ-ਸਟ੍ਰੇਸ਼ਨ ਕਰਵਾ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਵਲੰਟੀਅਰਾਂ ਨੂੰ ਸਰਕਾਰ ਵੱਲੋਂ ਸਿਖਲਾਈ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੇ ਕੰਮ ਦੀ ਨਿ-ਗਰਾਨੀ ਕੀਤੀ ਜਾਵੇਗੀ। ਸਟਾਲਿਨ ਨੇ ਕਿਹਾ, "ਇਲਮ ਥੇਦੀ ਕਾਲਵੀ ਪ੍ਰੋਗਰਾਮ ਰਾਹੀਂ ਆਉਣ ਵਾਲੇ ਸਿੱਖਿਆ ਸਾਲ ਵਿੱਚ ਲਗਭਗ ਇੱਕ ਲੱਖ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਨ ਦੀ ਯੋਜਨਾ ਬਣਾਈ ਗਈ ਹੈ," ਸਟਾਲਿਨ ਨੇ ਕਿਹਾ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਸਰਕਾਰ ਦੀ ਪਹਿ-ਲਕਦਮੀ ਦਾ ਸਮਰਥਨ ਕਰਨ ਦੀ ਅਪੀਲ ਕੀਤੀ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਤਾਲੋਂ-ਬੇਤਾਲ ਤੂਤਨੀ ਵਜਾ ਰਹੇ ਪੰਜਾਬ ਦੇ ਸਿਆਸਤਦਾਨ



ਗੁਰਮੀਤ ਪਲਾਹੀ
91-98158-02070

ਮਸਲਾ ਭਾਵੇਂ ਗੁਲਾਬੀ ਸੁੰਡੀ ਦਾ ਹੋਵੇ, ਜਾਂ ਮੀਂਹ ਕਾਰਨ ਬਰਬਾਦ ਫ਼ਸਲਾਂ ਦਾ, ਭਾਵੇਂ ਵੱਧ ਰਹੇ ਡੀਜ਼ਲ-ਪੈਟਰੋਲ ਦੇ ਭਾਅ ਦਾ ਜਾਂ ਫਿਰ ਟੈਂਕੀਆਂ ਤੇ ਚੜ੍ਹੇ ਬੇਰੁਜ਼ਗਾਰਾਂ ਦਾ। ਇਹਨਾ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਅ ਕੇ ਪਾਕਿਸਤਾਨੀ ਬੀਬੀ ਆਰੂਸਾ ਆਲਮ ਦੀਆਂ ਤਸਵੀਰਾਂ, ਛਾਪ, ਛਪਵਾ ਰਹੇ ਹਨ ਸਾਡੇ ਸਿਆਣੇ ਸਿਆਸਤਦਾਨ ਅਤੇ ਉਹਨਾ ਦੀਆਂ ਸਿਆਸਤਦਾਨ ਬੀਵੀਆਂ। ਸੂਬੇ ਦਾ ਉਪ ਮੁੱਖ ਮੰਤਰੀ ਅਰੂਸਾ ਦੇ ਪਾਕਸਿਤਾਨੀ ਏਜੰਸੀ ਆਈ ਐਸ ਆਈ ਨਾਲ ਸਬੰਧਾਂ ਦੀ ਜਾਂਚ ਮੰਗਦਾ ਹੈ। ਸੂਬੇ ਦੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਬੀਵੀ ਮੈਡਮ ਸਿੱਧੂ ਆਖਦੀ ਹੈ ਕਿ "ਕੈਪਟਨ ਸਾਹਿਬ ਬਾਕੀ ਜੀਵਨ ਹੁਣ ਅਰੂਸਾ ਕੋਲ ਹੀ ਕੱਟਣ।।। ਬਗੈਰਾ ਬਗੈਰਾ"।

ਸਮਝ ਨਹੀਂ ਲੱਗਦੀ ਆਖ਼ਿਰ ਪੰਜਾਬ ਦੇ ਵਜ਼ੀਰਾਂ, ਸਲਾਹਕਾਰਾਂ, ਸਿਆਸਤਦਾਨਾਂ ਨੂੰ ਕੀ ਹੋ ਗਿਆ ਹੈ। ਪੰਜਾਬ ਦਾ ਸਿਆਸਤਦਾਨ ਪੰਜਾਬ ਦੇ ਮਸਲੇ ਹੱਲ ਕਰਨ ਦੀ ਗੱਲ ਨਹੀਂ ਕਰਦਾ, ਅਰੂਸਾ ਦੇ ਮਾਮਲੇ ਨੂੰ ਬਿਨ੍ਹਾਂ ਵਜ਼ਾਹ ਲੋਕਾਂ ਸਾਹਮਣੇ ਚਟਕਾਰੇ ਲਾਕੇ ਪੇਸ਼ ਕਰ ਰਿਹਾ ਹੈ, ਭਾਰਤ ਦੇ ਗੋਦੀ ਮੀਡੀਆ ਵਾਂਗਰ ਪੰਜਾਬ ਦਾ ਸਿਆਸਤਦਾਨ।

ਇਹ ਚੰਗੀ ਗੱਲ ਹੈ ਕਿ ਨਵੇਂ ਮੁੱਖ ਮੰਤਰੀ ਪੰਜਾਬ,ਚਰਨਜੀਤ ਸਿੰਘ ਚੰਨੀ ਨੇ ਬੀ।ਐਸ।ਐਫ। ਨੂੰ ਪੰਜਾਬ 'ਚ ਵੱਧ ਅਧਿਕਾਰ ਦੇਣ ਦੇ ਮੁੱਦੇ ਖਿਲਾਫ਼ ਸਰਬ ਪਾਰਟੀ ਮੀਟਿੰਗ 'ਚ ਕੇਂਦਰ ਨੂੰ ਨੋਟੀਫੀਕੇਸ਼ਨ ਵਾਪਿਸ ਲੈਣ ਲਈ ਅਪੀਲ ਕਰਨ ਅਤੇ ਵਿਧਾਨ ਸਭਾ ਦਾ ਇਜਲਾਸ ਸੱਦਣ ਦਾ ਫ਼ੈਸਲਾ ਲਿਆ ਹੈ। ਕੇਂਦਰ ਸਰਕਾਰ ਨੇ ਸਰਹੱਦੀ ਸੁੱਰਖਿਆ ਬਲਾਂ ਦਾ ਅਧਿਕਾਰ ਖੇਤਰ ਕੰਟਰੋਲ ਰੇਖਾ ਤੋਂ 15 ਕਿਲੋਮੀਟਰ ਤੋਂ ਵਧਾਕੇ 50 ਕਿਲੋਮੀਟਰ ਕਰ ਦਿੱਤਾ ਗਿਆ ਹੈ। ਭਾਜਪਾ ਤੋਂ ਬਿਨ੍ਹਾਂ ਬਾਕੀ ਸਾਰੀਆਂ ਪਾਰਟੀਆਂ ਨੇ ਮਹਿਸੂਸ ਕੀਤਾ ਕਿ ਗੈਰਕਨੂੰਨੀ ਤਸਕਰੀ ਰੋਕਣ ਦੇ ਨਾਅ ਤੇ ਬੀਐਸਐਫ ਨੂੰ ਟੇਢੇ ਢੰਗ ਨਾਲ ਕੇਂਦਰ ਵਲੋਂ ਪੰਜਾਬ ਚੋਣਾਂ ਜਿੱਤਣ ਲਈ ਅਤੇ ਪੰਜਾਬ ਦਾ ਸ਼ਾਂਤਮਈ ਮਾਹੌਲ ਭੈਅ-ਭੀਤ ਕਰਨ ਲਈ ਵਰਤਣਾ ਸਿੱਧਾ ਪੰਜਾਬ ਦੇ ਲੋਂਕਾਂ ਦੀਆਂ ਲੋਕਤੰਤਰਿਕ ਤਾਕਤਾਂ ਦਾ ਅਪਮਾਨ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਪਲੇਟਫਾਰਮ ਉਤੇ ਕਿਸੇ ਵੀ ਸਿਆਸੀ ਧਿਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਜਾਂ ਪੰਜਾਬੋਂ ਬਾਹਰ ਰਹਿ ਗਏ ਇਲਾਕੇ ਪੰਜਾਬ 'ਚ ਸ਼ਾਮਲ ਕਰਨ, ਦਰਿਆਈ ਪਾਣੀਆਂ ਦੇ ਮਸਲੇ ਬਾਰੇ ਕੋਈ ਗੱਲ ਨਹੀਂ ਕੀਤੀ।ਹੁਣ ਸੁਨਣ ਵਿੱਚ ਤਾਂ ਇਹ ਵੀ ਆ ਰਿਹਾ ਹੈ ਕਿ ਬੀ।ਐਸ।ਐਫ ਮਾਮਲੇ 'ਤੇ ਸਹਿਮਤੀ ਵਾਲੇ ਮਤੇ ਉਤੇ ਦਸਤਖ਼ਤ ਕਰਕੇ ਵੀ ਕੁਝ ਪਾਰਟੀਆਂ ਦੇ ਨੇਤਾ ਰੰਗ-ਬਰੰਗੀ, ਭਾਂਤ-ਸੁਭਾਂਤੀ ਬੋਲੀ ਬੋਲਣ ਲੱਗ ਪਏ ਹਨ।

ਕੇਂਦਰ ਨਿੱਤ ਦਿਹਾੜੇ ਪੰਜਾਬ ਨੂੰ ਕੋਈ ਨਾ ਕੋਈ ਨੁਕਸਾਨ ਪਹੁੰਚਾਉਣ ਵਾਲੇ ਅੱਥਰੇ ਕੰਮ ਕਰ ਰਿਹਾ ਹੈ। ਤਿੰਨ ਕਾਲੇ ਖੇਤੀ ਕਾਨੂੰਨਾਂ ਨੇ ਪੰਜਾਬੀਆਂ ਦਾ ਨਾਸ ਕਰ ਦਿੱਤਾ ਹੈ ਅਤੇ ਪੰਜਾਬ ਦੀ ਹੋਂਦ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ। ਬਿਨ੍ਹਾਂ ਸ਼ੱਕ ਪੰਜਾਬ ਦੀਆਂ ਲਗਭਗ ਸਾਰੀਆਂ ਪਾਰਟੀਆਂ ਭਾਜਪਾ ਨੂੰ ਛੱਡਕੇ ਇਹਨਾ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਹਨ। ਪਰ ਪੰਜਾਬ ਦੇ ਇਸ ਮਸਲੇ ਨੂੰ ਬਹੁਤੀਆਂ ਸਿਆਸੀ ਧਿਰਾਂ ਮਨੋਂ ਨਹੀਂ ਮੰਨ ਰਹੀਆਂ, ਸਗੋਂ ਮਜ਼ਬੂਰੀ ਬੱਸ, ਕਿਸਾਨ ਵੋਟਰ ਖੁਸ ਜਾਣ ਦੇ ਡਰੋਂ ਹਮਾਇਤ ਕਰ ਰਹੀਆਂ ਹਨ। ਇਸੇ ਕਰਕੇ ਕਿਸਾਨਾਂ ਵਲੋਂ ਉਹਨਾ ਦੀਆਂ ਵਕਤੋਂ ਪਹਿਲਾਂ ਚੋਣ ਸਰਗਰ-ਮੀਆਂ ਦਾ ਵਿਰੋਧ ਹੋ ਰਿਹਾ ਹੈ।

ਪੰਜਾਬ ਅਤੇ ਪੰਜਾਬੀਆਂ ਲਈ ਇੱਕ ਹੋਰ ਧੱਕੇ ਵਾਲੀ ਗੱਲ ਕੇਂਦਰ ਸਰਕਾਰ ਨੇ ਕੀਤੀ ਹੈ। ਇੱਕ ਦੇਸ਼, ਇੱਕ ਭਾਜਪਾ, ਇੱਕ ਧਰਮ ਦੀ ਨੀਤੀ ਨੂੰ ਧੜੱਲੇ ਨਾਲ ਦੇਸ਼ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਮਿਸਾਲ ਵਜੋਂ ਸੀਬੀਐਸਈ ਵਲੋਂ ਦੇਸ਼ ਭਰ ਵਿੱਚ ਪੜ੍ਹਾਏ ਜਾਂਦੇ ਵਿਸ਼ਿਆਂ ਨੂੰ ਦੋ ਭਾਗ ਵਿੱਚ ਵੰਡਿਆ ਜਾਣਾ ਹੈ। ਪੰਜਾਬੀ ਨੂੰ ਸੀ।ਬੀ।ਐਸ।ਈ। ਪ੍ਰੀਖਿਆਵਾਂ ਲਈ ਵਾਧੂ ਵਿਸ਼ਾ ਬਣਾ ਦਿੱਤਾ ਗਿਆ ਹੈ। ਇਹ ਘੱਟ ਗਿਣਤੀਆਂ ਅਤੇ ਵਿਚਾਰਕ ਵਿਖਰੇਵਾ ਰੱਖਣ ਵਾਲੀਆਂ ਧਿਰਾਂ ਨੂੰ ਨਿਸ਼ਾਨਾ ਬਣਾਕੇ ਉਹਨਾ ਦੇ ਅਧਿਕਾਰ ਨੂੰ ਗਾਹੇ-ਵਗਾਹੇ ਘਟਾਉਣ ਦਾ ਯਤਨ ਹੈ। ਹਿੰਦੀ ਨੂੰ ਚੋਣਵੇਂ ਵਿਸ਼ੇ ਵਜੋਂ ਸਥਾਨ ਦੇਣਾ ਅਤੇ ਖੇਤਰੀ ਭਾਸ਼ਾਵਾਂ ਨੂੰ ਨੀਵਾਂ ਦਿਖਾਕੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਵੱਡਾ ਖਿਲਵਾੜ ਕੀਤਾ ਹੈ। ਪਰ ਪੰਜਾਬ ਦੇ ਸਿਆਸਤਦਾਨ ਇਸ ਗੱਲੋਂ ਅਵੇਸਲੇ ਹਨ। ਸਿਰਫ਼ ਦੋ ਚਾਰ ਹਰਫੀ ਬਿਆਨ ਦਾਗਕੇ ਆਪਣੇ ਆਪ ਨੂੰ ਸੁਰਖ਼ਰੂ ਹੋ ਗਿਆ ਸਮਝਦੇ ਹਨ।

ਪੰਜਾਬੀ ਪੰਜਾਬ ਅਤੇ ਪੰਜਾਬੀਅਤ ਦੀ ਅਲੰਬਰਦਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਜੋ ਖੇਤਰੀ ਤੇ ਕਿਸਾਨੀ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ, ਕੀ ਉਹ ਪੰਜਾਬ ਦੇ ਦਰਿਆਈ ਪਾਣੀਆਂ, ਚੰਡੀਗੜ੍ਹ ਪੰਜਾਬ ਨੂੰ ਦੇਣ, ਬੇਰੁਜ਼ਗਾਰੀ ਅਤੇ ਡੀਜ਼ਲ-ਪੈਟਰੋਲ 'ਚ ਵਾਧੇ ਦੇ ਮੁੱਦਿਆਂ ਨੂੰ ਲੈ ਕੇ ਵੱਡਾ ਸੰਘਰਸ਼ ਨਹੀਂ ਵਿੱਢ ਸਕਦੀ? ਕੀ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਜਦੋਂ ਇੱਕ ਪਲੇਟਫਾਰਮ ਉਤੇ ਇਕੱਠੇ ਹੁੰਦੇ ਹਨ, ਕੀ ਉਹ ਪੰਜਾਬ ਦੇ



ਮੁੱਦਿਆਂ, ਮਸਲਿਆਂ ਨੂੰ ਵਿਚਾਰ ਕੇ ਇੱਕ ਨੀਤੀ ਤਹਿਤ ਅੱਗੇ ਨਹੀਂ ਤੋਰ ਸਕਦੇ? ਸੂਬਿਆਂ ਨੂੰ ਵਧ ਅਧਿਕਾਰ ਦੇਣ ਅਤੇ ਖੋਹੇ ਹੋਏ ਸੂਬਿਆਂ ਦੇ ਅਧਿਕਾਰ ਵਾਪਸ ਲੈਣ ਉਤੇ ਕੀ ਕੇਂਦਰ ਨਾਲ ਟੱਕਰ ਸਾਂਝੇ ਤੌਰ 'ਤੇ ਨਹੀਂ ਲਈ ਜਾ ਸਕਦੀ? ਸਭ ਤੋਂ ਵੱਡਾ ਮੁੱਦਾ ਤਾਂ ਤਿੰਨ ਕਾਲੇ ਕਾਨੂੰਨ ਪਾਸ ਕਰਨਾ ਹੈ, ਜੋ ਸੂਬਿਆਂ ਦੇ ਅਧਿਕਾਰਾਂ ਦਾ ਮਾਮਲਾ ਹੈ। ਉਹੀ ਪਾਰਟੀ ਅਕਾਲੀ ਦਲ, ਜਿਹੜੀ ਕਦੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰਦੀ ਸੀ, ਸੂਬਿਆਂ ਦੀ ਖ਼ੁਦਮੁਖਤਾਰੀ ਦੀ ਗੱਲ ਕਰਦੀ ਸੀ, ਤਿੰਨੋਂ ਕਾਲੇ ਕਾਨੂੰਨ ਪਾਸ ਕਰਨ ਵੇਲੇ ਇਸਦਾ ਹਿੱਸਾ ਬਨਣ ਵੇਲੇ ਭੁੱਲ ਗਈ ਕਿ ਇਹ ਸੂਬਿਆਂ ਦੇ ਅਧਿਕਾਰਾਂ ਉਤੇ ਛਾਪਾ ਹੈ। ਚਲੋ, ਕਿਸਾਨਾਂ ਦੇ ਵਿਰੋਧ ਕਾਰਨ ਕਿਸਾਨਾਂ ਦੀ ਇਸ ਪਾਰਟੀ ਨੂੰ ਕੇਂਦਰ ਦਾ ਸਾਥ ਛੱਡਣਾ ਪਿਆ, ਪਰ ਹਾਲੇ ਵੀ ਦਿਲੋਂ-ਮਨੋਂ ਉਹ ਕਿਸਾਨਾਂ ਦੇ ਨਾਲ ਖੜੀ ਦਿਖਾਈ ਨਹੀਂ ਦਿੰਦੀ।

ਇਹੋ ਹਾਲ ਆਮ ਆਦਮੀ ਪਾਰਟੀ ਦਾ ਹੈ, ਜਿਸਦਾ ਇਕੋ ਇੱਕ ਨਿਸ਼ਾਨਾ ਪੰਜਾਬ ਦੀ ਰਾਜ ਗੱਦੀ ਹਥਿਆਉਣਾ ਹੈ। ਰਾਜ ਗੱਦੀ ਹਥਿਆਉਣ ਲਈ ਉਹਨਾ ਵਲੋਂ ਲੋਕ ਰਿਆਇਤਾਂ ਦੀ ਰਾਜਨੀਤੀ ਕਰਦਿਆਂ, ਵੱਖੋ-ਵੱਖਰੇ ਵਰਗ ਦੇ ਲੋਕਾਂ ਲਈ ਬਿਜਲੀ ਪਾਣੀ ਮੁਫ਼ਤ ਦੇ ਐਲਾਨ ਕੀਤੇ ਜਾ ਰਹੇ ਹਨ। ਵਪਾਰੀਆਂ, ਹੋਰ ਵਰਗਾਂ ਨੂੰ ਸਹੂਲਤਾਂ ਐਲਾਨੀਆਂ ਜਾਂਦੀਆਂ ਹਨ। ਰਾਸ਼ਟਰੀ ਨੇਤਾ ਕੇਜਰੀਵਾਲ ਦੀ ਪੰਜਾਬ ਫੇਰੀ ਰਿਆਇਤਾਂ ਦਾ ਪਰਾਗਾ ਐਲਾਨਣ ਲਈ ਕੀਤੀ ਜਾਂਦੀ ਹੈ ਜਾਂ ਹੋਰ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੇ ਦਲ 'ਚ ਸ਼ਾਮਲ ਕਰਨ ਲਈ ਯਤਨ ਹੋ ਰਹੇ ਹੁੰਦੇ ਹਨ। ਪਰ ਬੇਰੁਜ਼ਗਾਰੀ ਬਾਰੇ ਉਹ ਕੀ ਕਹਿੰਦੇ ਹਨ? ਨੌਜਵਾਨਾਂ ਦੇ ਪੰਜਾਬੋਂ ਪ੍ਰਵਾਸ ਨੂੰ ਉਹ ਕਿਵੇਂ ਵੇਖਦੇ ਹਨ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਪੰਜਾਬ ਦੇ ਪਾਣੀਆਂ ਅਤੇ ਕੇਂਦਰ ਦੇ ਸੂਬਿਆਂ ਦੇ ਅਧਿਕਾਰ ਖੋਹੇ ਜਾਣ ਬਾਰੇ ਉਹਨਾ ਦੀ ਕੀ ਰਾਏ ਹੈ, ਇਸ ਬਾਰੇ ਉਹ ਗੱਲ ਨਹੀਂ ਕਰਦੇ।

ਕਾਂਗਰਸ ਸਰਕਾਰ ਰਿਆਇਤਾਂ ਦੇ ਗੱਫੇ ਲੋਕਾਂ ਨੂੰ ਦੇ ਰਹੀ ਹੈ। ਬਿਜਲੀ ਦੇ ਬਿੱਲ, ਮੁਆਫ਼, ਪਾਣੀ ਦੇ ਬਿੱਲ ਮੁਆਫ਼ ਮੁਲਾਜ਼ਮਾਂ ਲਈ ਸਹੂਲਤਾਂ। ਪਰ ਕਿਸਾਨ ਮਸਲਿਆਂ ਦੇ ਹੱਲ, ਬੇਅਦਬੀ ਵਾਲੇ ਮੁਆਮਲੇ, ਬੇਰੁਜ਼ਗਾਰੀ ਦਾ ਮੁੱਦਾ ਉਹਨਾ ਦੀ ਲਿਸਟ ਵਿਚ ਕਿਧਰੇ ਦਿਖਾਈ ਨਹੀਂ ਦਿੰਦਾ, ਸਿਵਾਏ ਕੁਝ ਬਿਆਨਾਂ ਦੇ। ਰਿਆਇਤਾਂ ਨਾਲ ਕਾਂਗਰਸ ਲੋਕਾਂ ਨੂੰ ਆਪਣੇ ਪਾਸੇ ਕਰਕੇ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਵਾਹ ਲਾ ਰਹੀ ਹੈ।

ਇਸ ਵੇਲੇ ਤਾਲੋਂ-ਬੇਤਾਲ ਹੋਇਆ ਪੰਜਾਬ ਦਾ ਸਿਆਸਤਦਾਨ ਅਮਰਿੰਦਰ ਸਿੰਘ, ਨਵੀਂ ਪਾਰਟੀ ਬਨਾਉਣ ਦੇ ਰਾਹ ਹੈ। ਕਾਂਗਰਸੋਂ ਰੁਸਿਆਂ ਨੂੰ ਆਪਣੇ ਨਾਲ ਲੈ ਕੇ, ਭਾਜਪਾ ਨਾਲ ਸਾਂਝਾਂ ਪਾਕੇ ਉਹ ਆਪਣੇ ਆਪ ਨੂੰ ਇੱਕ ਖੇਤਰੀ ਨੇਤਾ ਅਖਵਾਉਣ ਦੇ ਰਾਹ ਤੁਰਿਆ ਹੈ। ਉਹਦਾ ਨਿਸ਼ਾਨਾ ਜਿਥੇ ਕਿਸਾਨਾਂ ਦੇ ਦੇਸ਼-ਵਿਆਪੀ ਕੁਰਬਾਨੀਆਂ ਭਰੇ ਘੋਲ ਨੂੰ ਆਪਣਾ ਸਿਆਸਤ ਦਾ ਮੋਹਰਾ ਬਨਾਉਣਾ ਹੈ, ਉਥੇ ਕੇਂਦਰ ਦੀ ਰਾਸ਼ਟਰ ਸੰਘੀ-ਭਾਜਪਾ ਸਰਕਾਰ ਦੇ ਪੱਖ ਵਿੱਚ ਲੁਕਣ ਮੀਟੀ ਖੇਡਣਾ ਵੀ ਹੈ। ਤਿੰਨ ਧੜਿਆਂ 'ਚ ਵੰਡੀ ਪੰਜਾਬ ਕਾਂਗਰਸ ਦਾ ਪੰਜਾਬੋਂ ਖੁਰਾ-ਖੋਜ਼ ਮਿਟਾਉਣਾ ਹੀ ਉਹਦਾ ਇੱਕ ਮਾਤਰ ਨਿਸ਼ਾਨਾ ਜਾਪਦਾ ਹੈ।

ਇਹੋ ਨਿਸ਼ਾਨਾ ਮੋਦੀ ਦੀ ਭਾਜਪਾ ਸਰਕਾਰ ਦਾ ਕਾਂਗਰਸ ਮੁਕਤ ਭਾਰਤ ਹੈ। ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਦੇ ਯਤਨਾਂ ਵਾਲਾ, ਕਿਸਾਨਾਂ ਦੇ ਹੱਕ 'ਚ ਕਥਿਤ ਤੌਰ 'ਤੇ ਖੜਨ ਵਾਲਾ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ "ਔਝੜੇ ਰਾਹਾਂ ਦਾ ਰਾਹੀ" ਬਣਦਾ ਜਾ ਰਿਹਾ ਹੈ।

ਪੰਜਾਬ ਦੇ ਵੱਡੀ ਗਿਣਤੀ ਸਿਆਸਤਦਾਨ ਜਿਥੇ ਆਪਣੀ ਕੁਰਸੀ ਸੁਰੱਖਿਅਤ ਵੇਖਦੇ ਹਨ, ਉਸੇ ਜਹਾਜ਼ੇ (ਪਾਰਟੀ) 'ਚ ਜਾ ਚੜ੍ਹਦੇ ਹਨ। ਪਾਰਟੀਆਂ ਦੇ ਵੱਡੇ ਨੇਤਾ ਦੂਜੀ ਪਾਰਟੀ ਦੇ ਇਹਨਾ ਰੁਸਿਆਂ ਨੂੰ ਆਪਣੇ ਨਾਲ ਕਰਕੇ ਲਾਹੇ ਲੈਂਦੇ ਹਨ। ਜਾਂ ਫਿਰ ਇਹੋ ਜਿਹੇ ਸਿਆਸੀ ਗੱਠਜੋੜ ਬਣਾਉਂਦੇ ਹਨ, ਜਿਹੜੇ ਕੁਰਸੀ ਪ੍ਰਾਪਤੀ ਦੀ ਮੰਜ਼ਿਲ ਹੋਣ। ਅਕਾਲੀ-ਭਾਜਪਾ ਦਾ ਬੇਜੋੜ ਗੱਠਜੋੜ ਟੁੱਟਿਆ ਤਾਂ ਹੁਣ ਅਕਾਲੀ-ਬਸਪਾ ਦਾ ਬੇਜੋੜ ਗੱਠਜੋੜ ਹੋ ਗਿਆ।

ਪੰਜਾਬ 'ਚ ਇਹ ਗੱਠਜੋੜ ਕਿੰਨਾ ਸਮਾਂ ਚੱਲੇਗਾ? ਇਹ ਗੱਠਜੋੜ ਕਿਹੜੇ ਮੁੱਦਿਆਂ 'ਤੇ ਹੋਇਆ? ਪੰਜਾਬੀ ਕੀ ਇਸ ਗੱਠਜੋੜ ਨੂੰ ਪ੍ਰਵਾਨ ਕਰਨਗੇ? ਕੀ ਪੰਜਾਬੀ ਅਮਰਿੰਦਰ ਸਿੰਘ ਦੇ ਨਵੀਂ ਪਾਰਟੀ ਬਨਾਉਣ ਦੇ ਪੈਂਤੜੇ ਨੂੰ ਚੰਗਾ ਸਮਝਣਗੇ, ਜਿਸਦਾ ਮਨੋਰਥ ਸਿਰਫ਼ ਤੇ ਸਿਰਫ਼ ਸਿਆਸੀ ਬਦਲਾ ਖੋਰੀ ਹੈ।

ਸਿਆਸੀ ਬਦਲਾਖੋਰੀ ਦਾ ਸਿਆਸਤ ਪੰਜਾਬ 'ਚ ਲੰਮਾ ਸਮਾਂ ਚਲਦੀ ਰਹੀ ਹੈ। ਕਾਂਗਰਸੀ ਕਾਟੋ ਕਲੇਸ਼ ਇਸਦੀ ਉਦਾਹਰਨ ਹੈ, ਸਿੱਧੂ ਨੂੰ ਸਾਹਮਣੇ ਲਿਆ ਕੇ ਅਮਰਿੰਦਰ ਸਿੰਘ ਦਾ ਬਿਸਤਰਾ ਗੋਲ ਕਰਨਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਸਿੱਧੂ ਦਾ ਵਿਰੋਧ ਤੇ ਸਿੱਧੂ ਵਲੋਂ ਚੰਨੀ ਦਾ ਵਿਰੋਧ, ਆਖ਼ਰ ਕਿਹੜੀ ਸਿਆਸਤ ਹੈ।ਕਿਹੜੇ ਮੁੱਦਿਆਂ ਤੇ ਲੋਕ ਸੇਵਾ ਹੋ ਰਹੀ ਹੈ? ਕਿਹੜੇ ਮੁੱਦਿਆਂ ਤੇ ਜ਼ਿੱਦੀ ਵਤੀਰਾ ਅਪਣਾਇਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਬ) 'ਚ ਬਦਲਾਖੋਰੀ ਦੀ ਸਿਆਸਤ ਕਾਰਨ, ਬਹੁਤੀ ਦੂਰ ਨਾ ਵੀ ਜਾਈਏ ਤਾਂ, ਜੱਥੇਦਾਰ ਜਗਦੇਵ ਸਿੰਘ, ਗੁਰਚਰਨ ਸਿੰਘ ਟੌਹੜਾ, ਕੁਲਦੀਪ ਸਿੰਘ ਵਡਾਲਾ ਇਸਦਾ ਸ਼ਿਕਾਰ ਹੋਏ। ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਬਦਲੇ ਦੀ ਭੱਠੀ 'ਚ ਪਾ ਦਿੱਤੇ ਗਏ। ਹਾਲ ਹੁਣ ਵੀ ਇਸ ਦਲ ਦਾ ਇਹੋ ਜਿਹਾ ਹੈ, ਜਿਹੜਾ ਅਗਲੀ ਸਰਕਾਰ ਪੰਜਾਬ 'ਚ ਬਨਾਉਣ ਦਾ ਦਾਅਵੇਦਾਰ ਹੈ। ਉਹਨਾ ਨੇਤਾਵਾਂ ਨੂੰ ਹੀ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ, ਜਿਹੜੇ ਜਾਂ ਤਾਂ ਸੁਖਬੀਰ ਸਿੰਘ ਬਾਦਲ ਦੇ ਵਫਾਦਾਰ ਹਨ, ਜਾਂ ਵਫ਼ਾਦਰੀ ਦਿਖਾਉਣ ਲਈ ਕਾਂਗਰਸ ਜਾਂ ਹੋਰ ਪਾਰਟੀਆਂ 'ਚੋਂ ਆ ਰਹੇ ਹਨ। ਪੁਰਾਣੇ ਨੇਤਾਵਾਂ ਨੂੰ ਖੂੰਜੇ ਲਾਇਆ ਜਾ ਰਿਹਾ ਹੈ।

ਸਿਆਸੀ ਬਦਲਾ ਖੋਰੀ ਨੇ ਤਾਂ ਆਮ ਆਦਮੀ ਪਾਰਟੀ ਦੇ ਪੰਜਾਬ ਦੀ ਤਾਕਤ ਹਥਿਆਉਣ ਦੇ ਮਨਸੂਬੇ ਚਕਨਾ ਚੂਰ ਕਰ ਦਿੱਤੇ ਸਨ, ਜਦੋਂ ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ ਵਰਗੇ "ਆਪ ਪੰਜਾਬ" ਦੇ ਨੇਤਾਵਾਂ ਨੂੰ ਨੁਕਰੇ ਲਗਾ ਦਿੱਤਾ ਗਿਆ ਸੀ।

ਗੱਲ ਕੀ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ "ਕੁਰਸੀ ਯੁੱਧ" ਦਾ ਹਿੱਸਾ ਬਣਾਕੇ, ਉਸ ਪੰਜਾਬ ਦੀ ਬਿਹਤਰੀ ਦੇ ਮੁੱਦਿਆਂ ਨੂੰ ਛਿੱਕੇ ਟੰਗੀ ਬੈਠੇ ਹਨ, ਜਿਹੜਾ ਪੰਜਾਬ ਪਾਣੀ ਤੋਂ ਪਿਆਸਾ ਹੋ ਰਿਹਾ ਹੈ, ਜਿਹੜਾ ਪੰਜਾਬ ਕੇਂਦਰੀ ਸਿਆਸਤ ਦੀ ਬਦਲੇਖੋਰੀ ਦਾ ਸ਼ਿਕਾਰ ਹੋ ਰਿਹਾ ਹੈ, ਜਿਸਦੀ ਹੋਂਦ ਹਾਕਮਾਂ ਖਤਰੇ 'ਚ ਪਾਈ ਹੋਈ ਹੈ। ਜਿਹੜਾ ਪੰਜਾਬ ਬੇਰੁਜ਼ਗਾਰੀ ਦਾ ਭੰਨਿਆ ਪਿਆ ਹੈ, ਜਿਹੜਾ ਪੰਜਾਬ ਆਪਣੀ ਜੁਆਨੀ ਮਜ਼ਬੂਰਨ ਬਾਹਰਲੇ ਮੁਲਕਾਂ ਹੱਥ ਫੜਾ ਰਿਹਾ ਹੈ ਅਤੇ ਜਿਹੜਾ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੇ ਸਿਆਸਤਦਾਨ "ਮੰਗ ਖਾਣੇ" ਬਨਾਉਣ ਦੇ ਰਾਹ ਤੁਰੇ ਹੋਏ ਹਨ।

ਸਵਾਰਥੀ ਰਾਜਨੀਤੀ ਨੇ ਪੰਜਾਬ ਦਾ ਨਾਸ ਮਾਰ ਦਿੱਤਾ ਹੈ। ਕੁਝ ਸੂਝਵਾਨ ਲੋਕ ਇਸ ਸਵਾਰਥੀ ਰਾਜਨੀਤੀ ਤੋਂ ਪਿੱਛਾ ਛੁਡਾਉਣ ਲਈ ਮੁੱਦਿਆਂ ਅਧਾਰਤ ਸਿਆਸਤ ਕਰਨ ਦੇ ਰਾਹ ਤੁਰੇ ਹਨ, ਸੱਚੀ-ਸੁੱਚੀ ਸਿਆਸਤ ਦੀ ਅਲੱਖ ਜਗਾ ਰਹੇ ਹਨ, ਪਰ ਕੁਝ ਚਤਰ-ਚਲਾਕ ਲੋਕ, ਜਾਤ, ਧਰਮ ਦੇ ਨਾਮ ਉਤੇ ਸਿਆਸੀ ਪਾਰਟੀਆਂ ਦਾ ਗਠਨ ਕਰਕੇ ਪੰਜਾਬ ਦੇ ਲੋਕਾਂ ਨੂੰ ਭੰਬਲਭੂਸੇ 'ਚ ਪਾ ਰਹੇ ਹਨ।

ਰੋਮ-ਰੋਮ ਕਰਜ਼ਾਈ ਹੋ ਚੁੱਕੇ ਪੰਜਾਬ ਨੂੰ ਬਚਾਉਣ ਲਈ "ਸ਼ੈਤਾਨ ਭੁੱਖੇ ਸਿਆਸੀ ਚੌਧਰੀਆਂ" ਦੀ ਨਹੀਂ ਇਮਾਨਦਾਰ ਲੋਕ ਸੇਵਕਾਂ ਦੀ ਲੋੜ ਹੈ। ਪੰਜਾਬ ਦੇ ਇਹ ਸਿਆਸਤਦਾਨ ਤਾਂ ਲੋਕਾਂ ਵਿਚੋਂ ਆਪਣਾ ਭਰੋਸਾ ਹੀ ਗੁਆ ਚੁੱਕੇ ਹਨ।

## ਸ੍ਰੀ ਸੁਰਿੰਦਰ ਜੱਕੋਪੁਰੀ ਦੀ ਕਹਾਣੀ 'ਤੇ ਅਧਾਰਿਤ ਲਘੂ ਫ਼ਿਲਮ, 'ਕਹਾਣੀ ਔਰਤ ਦੀ' ਦੀ ਸ਼ੂਟਿੰਗ ਮੁਕੰਮਲ

**ਚੰਡੀਗੜ੍ਹ-** ਪਿਛਲੇ ਦਿਨੀਂ ਲਾਂਬਾ ਪ੍ਰੋਡਕਸ਼ਨ ਵੱਲੋਂ ਜਾਣੇ-ਪਛਾਣੇ ਸਮਾਜ-ਸੁਧਾਰਿਕ ਕਹਾਣੀਕਾਰ ਸ੍ਰੀ ਸੁਰਿੰਦਰ ਜੱਕੋਪੁਰੀ ਦੀ ਲਿਖੀ ਕਹਾਣੀ 'ਤੇ ਅਧਾਰਿਤ ਲਘੂ ਫ਼ਿਲਮ,'ਕਹਾਣੀ ਔਰਤ ਦੀ' ਦੀ ਸ਼ੂਟਿੰਗ ਮੁਕੰਮਲ ਕੀਤੀ ਗਈ। ਇਸ ਲਘੂ ਫ਼ਿਲਮ ਦੀ ਅਦਾਕਾਰੀ ਵਿਚ ਬਲਵਿੰਦਰ ਸਿੰਘ ਕਲੀ ਪੁਰ, ਸੰਦੀਪ ਕੌਰ, ਸ਼ੁਕਰੀਆ, ਸਿੱਧੂ, ਸੁਖਵੀਰ ਅਤੇ ਫ਼ਿਲਮ ਦੇ ਪਿੱਠਵਰਤੀ ਗਾਇਕ ਜੈਲਾ ਸ਼ੇਖੂ ਪੁਰੀਆ ਆਦਿ ਨਾਮਵਰ ਚਿਹਰੇ ਨਜ਼ਰੀ ਆਉਣਗੇ। ਇਸ ਵਿਚ ਵੀਡੀਓ ਡਾਇਰੈਕਟਰ ਦਾ ਸਫ਼ਲਤਾ ਪੂਰਵਕ ਰੋਲ ਨਿਭਾਇਆ ਹੈ ਹਰਜਿੰਦਰ ਲਾਂਬਾ ਨੇ ਤੇ ਇਸ ਪ੍ਰੋ-ਜੈਕਟ ਵਿਚ ਵਿਸ਼ੇਸ਼ ਸਹਿਯੋਗ ਕਰਤਾ ਰਹੇ ਹਨ ਸੁੱਖ ਲਾਂਬਾ ਤੇ ਜਾਣਿਆ-ਪਛਾਣਿਆ ਸੁਰੀਲਾ ਗਾਇਕ ਸੁੱਚਾ ਸ਼ੇਖੂਪੁਰੀਆ।




ਪ੍ਰੈਸ ਨਾਲ ਗੱਲਬਾਤ ਕਰਦਿਆਂ ਵੀਡੀਓ ਡਾਇਰੈਕਟਰ ਹਰਜਿੰਦਰ ਲਾਂਬਾ ਨੇ ਕਿਹਾ, 'ਸਾਡੀ ਪਹਿਲੀ ਲਘੂ ਫ਼ਿਲਮ, 'ਇੱਕ ਬਦਲਦੀ ਸੋਚ' ਜੋ ਕਰਵਾ ਚੌਥ ਤਿਓਹਾਰ ਨਾਲ ਸਬੰਧਤ ਹੈ, ਦੀ ਦਰਸ਼ਕਾਂ ਵੱਲੋ ਸੋਸ਼ਲ ਮੀਡੀਆ ਉਤੇ ਬਹੁਤ ਸ਼ਲਾਘਾ ਕੀਤੀ ਗਈ ਹੈ। ਕਲਾ-ਪ੍ਰੇਮੀਆਂ ਵੱਲੋਂ ਫੋਨਾਂ ਦੁਆਰਾ ਵਧਾਈਆਂ ਦਿੰਦਿਆਂ ਇਹੋ ਜਿਹੀਆਂ ਹੋਰ ਸਮਾਜ-ਸੁਧਾਰਿਕ ਲਘੂ ਫਿਲਮਾਂ ਤਿਆਰ ਕਰਨ ਦੀ ਡਾਹਢੀ ਮੰਗ ਕਰਦਿਆਂ ਨੇਕ ਸਲਾਹਵਾਂ ਦਿੱਤੀਆਂ ਗਈਆਂ ਹਨ। ਸਾਡਾ ਕਲਾ-ਪ੍ਰੇਮੀਆਂ ਨਾਲ ਵਾਅਦਾ ਹੈ ਕਿ ਅਸੀਂ ਲਾਂਬਾ ਪ੍ਰੋਡਕਸ਼ਨ ਰਾਹੀਂ ਸਮੇਂ ਸਮੇਂ 'ਤੇ ਹੋਰ ਸਮਾਜ ਸੁਧਾਰਿਕ ਸੰਦੇਸ਼ ਛੱਡਦੀਆਂ ਲਘੂ ਫਿਲਮਾਂ ਲੈ ਕੇ ਹਾਜ਼ਿਰ ਹੁੰਦੇ ਰਵ੍ਹਾਂਗੇ। ਨਵੀਂ ਨੌਜਵਾਨ ਪੀੜ੍ਹੀ ਨੂੰ ਸਿੱਧੇ ਰਾਹੇ ਪਾਉਣ ਵਾਲਾ ਲੇਖਕਾਂ ਤੇ ਕਲਾਕਾਰਾਂ ਦਾ ਬਣਦਾ ਫਰਜ਼ ਪੂਰੀ ਵਫ਼ਾਦਾਰੀ ਨਾਲ ਨਿਭਾਉਣ ਲਈ ਅਸੀਂ ਆਪਣੀ ਟੀਮ ਸਮੇਤ ਹਰ ਪੱਲ, ਹਰ ਵਕਤ ਤਤਪਰ ਰਵ੍ਹਾਂਗੇ। ਓਸ ਮਾਲਕ ਦੇ ਨਾਲ-ਨਾਲ ਸਰੋਤਿਆਂ /ਦਰਸ਼ਕਾਂ ਦਾ ਸਾਡੇ ਸਿਰ 'ਤੇ ਮੇਹਰਾਂ ਭਰਿਆ ਹੱਥ ਬਣਿਆ ਰਵ੍ਹੇ।''

**- ਪ੍ਰੀਤਮ ਲੁਧਿਆਣਵੀ**

## ਦਾਸਤਾਨ-ਏ-ਸ਼ਹਾਦਤ' ਥੀਮ ਪਾਰਕ ਤੇ ਹੈਰੀਟੇਜ ਸਟਰੀਟ ਦਾ ਨਵੰਬਰ ਦੇ ਅੱਧ ਤੱਕ ਹੋਵੇਗਾ ਉਦਘਾਟਨ

**ਚੰਡੀਗੜ੍ਹ -** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਿੱਖਾਂ ਦੇ ਗੌਰਵਮਈ ਇਤਿਹਾਸ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅੱਜ ਐਲਾਨ ਕੀਤਾ ਕਿ ਸ੍ਰੀ ਚਮਕੌਰ ਸਾਹਿਬ ਵਿਖੇ 'ਪਹਿਲੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤੱਕ' ਸਿੱਖਾਂ ਦੇ ਗੌਰਵਮਈ ਇਤਿਹਾਸ ਨੂੰ ਦਰਸਾਉਂਦਾ ਅਤਿ ਆਧੁਨਿਕ 'ਦਾਸਤਾਨ-ਏ-ਸ਼ਹਾਦਤ' (ਥੀਮ ਪਾਰਕ) ਅਤੇ ਹੈਰੀਟੇਜ ਸਟਰੀਟ ਦਾ ਉਦਘਾਟਨ ਨਵੰਬਰ ਦੇ ਅੱਧ ਤੱਕ ਕੀਤਾ ਜਾਵੇਗਾ। ਇਸ ਸਬੰਧੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਥੀਮ ਪਾਰਕ ਵਿੱਚ ਅਤਿ-ਆਧੁਨਿਕ ਉਪਕਰਣ ਜਿਵੇਂ ਕਿ ਰਿਵਾਲਵਿੰਗ ਥੀਏਟਰ, ਡੋਮ, ਸਟੈਟਿਕ ਸੈੱਟ, ਲਾਈਵ ਐਕਸ਼ਨ ਸਟੂਡੀਓ, ਸੈੱਟ ਅਤੇ ਲਾਈਵ ਸ਼ੂਟ ਦਾ ਮਿਸ਼ਰਣ, ਡਬਲ ਸਕਰੀਨਾਂ ਵਾਲੀ 270 ਡਿਗਰੀ ਸਕ੍ਰੀਮ ਪ੍ਰੋਜੇਕਸ਼ਨ ਸਕਰੀਨ, ਸੈੱਟ ਸਮੇਤ ਕੰਧ ਚਿੱਤਰ, ਰਿਵਾਲਵਿੰਗ ਟੇਬਲ ਨਾਲ 360 ਡਿਗਰੀ ਸਕ੍ਰੀਨ, ਪ੍ਰੋਜੈਕਸ਼ਨ ਨਾਲ ਹੋਲੋਗ੍ਰਾਮ, 270 ਡਿਗਰੀ ਮੈਪਿੰਗ ਅਤੇ 3ਡੀ ਐਨੀਮੇਸ਼ਨ ਨਾਲ ਲੈਸ 11 ਗੈਲਰੀਆਂ ਹੋਣਗੀਆਂ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਹ ਉਦਘਾਟਨ ਪੂਰੇ ਧੂਮ-ਧਾਮ (ਖਾਲਸਾਈ ਜਾਹੋ ਜਲਾਲ) ਨਾਲ ਕੀਤਾ ਜਾਵੇਗਾ ਅਤੇ ਇਸ ਮੈਗਾ ਸਮਾਗਮ ਲਈ ਹਰ ਵਰਗ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੋਂ ਇਲਾਵਾ ਹੋਰ ਧਰਮਾਂ ਦੇ ਨੁਮਾਇੰਦਿਆਂ ਨੂੰ ਵੀ ਸੱਦਾ ਦਿੱਤਾ ਜਾਵੇਗਾ।ਮੁੱਖ ਮੰਤਰੀ ਨੇ ਸਮਾਗਮ ਨੂੰ ਸੁਚਾਰੂ ਅਤੇ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਿਭਾਗੀ ਕਮੇਟੀਆਂ ਦੇ ਗਠਨ ਦੇ ਨਿਰਦੇਸ਼ ਦਿੱਤੇ। ਚੰਨੀ ਨੇ ਅੱਗੇ ਕਿਹਾ ਕਿ ਸਮੁੱਚੇ ਕਾਰਜ ਲਈ ਰੂਪਨਗਰ ਦੇ ਡਿਪਟੀ ਕਮਿਸ਼ਨਰ ਨੂੰ ਕੋਆਰਡੀਨੇਟਰ ਬਣਾਇਆ ਗਿਆ ਹੈ।

# ਪਿੰਡਾਂ ਦੀ ਨੁਹਾਰ ਬਦਲਣ ਲਈ ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵੱਲੋਂ ਪਿੰਡ ਬੋਲੀਨਾ ਦੋਆਬਾ ਵਿਖੇ ਆਪਣੇ ਨਵੇਂ ਪ੍ਰਸਾਰ ਕੇਂਦਰ ਦਾ ਆਗਾਜ਼



















ਭਾਰਤ ਸਰਕਾਰ ਦੇ ਹੁਨਰ ਵਿਕਾਸ ਅਤੇ ਉਦਮ ਮੰਤਰਾਲੇ ਵੱਲੋਂ ਤਕਨੀਕੀ ਸਿੱਖਿਆ ਰਾਹੀਂ ਪੇਂਡੂ, ਘੱਟ ਪੜ੍ਹੇ-ਲਿਖੇ, ਗਰੀਬ, ਅਪੰਗ, ਬੰਦੀ-ਕੈਦੀ, ਟੱਪਰੀਵਾਸ, ਲੋੜਵੰਦ ਅਤੇ ਸਕੂਲ ਛੱਡ ਚੁੱਕੇ ਬੇਰੁਜ਼ਗਾਰ ਨੌਜਵਾਨਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਚਲਾਈ ਜਾ ਰਹੀ ਸੀ. ਡੀ. ਟੀ. ਪੀ. ਸਕੀਮ ਤਹਿਤ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਸੀ. ਡੀ. ਟੀ. ਪੀ. ਵਿਭਾਗ ਵੱਲੋਂ ਪਿੰਡ ਬੋਲੀਨਾ ਦੋਆਬਾ ਵਿਖੇ ਆਪਣੇ ਨਵੇਂ ਪ੍ਰਸਾਰ ਕੇਂਦਰ ਦਾ ਆਗਾਜ਼ ਕੀਤਾ ਗਿਆ। ਇਸ ਦਾ ਸ਼ੁਭ ਆਰੰਭ ਵਾਤਾਵਰਣ ਪ੍ਰੇਮੀ ਪਦਮ ਸ੍ਰੀ ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਅਤੇ ਮਾਣਯੋਗ ਚੇਅਰਮੈਨ (ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ), ਸ੍ਰੀ ਮਹਿੰਦਰ ਸਿੰਘ ਜੀ ਕੇ. ਪੀ. ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਲਾਕੇ ਦੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿਚ ਬਹੁਤ ਹੀ ਊਰਜਾਵਾਨ ਅਤੇ ਗਤੀਸ਼ੀਲ ਨੌਜਵਾਨ ਸਰਪੰਚ ਸ੍ਰੀ ਕੁਲਵਿੰਦਰ ਬਾਘਾ ਜੀ ਨੇ ਸਭਨਾਂ ਨੂੰ ਫੁੱਲਾਂ ਦੇ ਗੁਲਦਸਤਿਆਂ ਨਾਲ ਨਿਵਾਜ ਕੇ ਜੀ ਆਇਆਂ ਕਿਹਾ। ਇਸ ਪ੍ਰਸਾਰ ਕੇਂਦਰ ਵਿਚ ਕੰਪਿਊਟਰ ਐਪਲੀਕੇਸ਼ਨ ਅਤੇ ਕਟਿੰਗ-ਟੇਲਰਿੰਗ ਦੇ ਦੋ ਕੋਰਸ ਚਲਾਏ ਜਾਣਗੇ। ਆਪਣੇ ਸਵਾਗਤੀ ਭਾਸ਼ਣ ਵਿਚ ਮਾਣਯੋਗ ਪ੍ਰਿੰਸੀਪਲ ਡਾ. ਜਗਰੂਪ ਸਿੰਘ ਜੀ ਨੇ ਬੱਚਿਆਂ ਨੂੰ ਤਕਨੀਕੀ ਸਿੱਖਿਆ ਨਾਲ ਜੁੜਨ, ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਤੋਂ ਬਚਦੇ ਹੋਏ ਸਭਨਾਂ ਨੂੰ ਅਨੁਸ਼ਾਸਿਤ ਰਹਿਣ ਦੀ ਗੱਲ ਕਰਦੇ ਹੋਏ ਵਧਾਈ ਦਿੱਤੀ। ਇਲਾਕੇ ਦੇ ਪਤਵੰਤੇ ਰਿਟਾਇਰਡ ਚੀਫ ਇਨਕਮ ਟੈਕਸ ਕਮਿਸ਼ਨਰ ਸ੍ਰੀ ਲੇਖਰਾਜ ਨਈਅਰ ਅਤੇ ਹੋਰ ਬੁਲਾਰਿਆਂ ਵੱਲੋਂ ਬੱਚਿਆਂ ਨੂੰ ਪੜ੍ਹ-ਲਿਖ ਕੇ ਆਪਣਾ ਭਵਿੱਖ ਸੰਵਾਰਨ ਦੀ ਨਸੀਹਤ ਕੀਤੀ। ਸ੍ਰੀ ਜੇ. ਐਸ. ਘੋੜਾ ਕਾਲਜ ਦੀ ਤਰਫੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸ੍ਰੀ ਕਸ਼ਮੀਰ ਕੁਮਾਰ ਇੰਟਰਨਲ ਕੁਆਰਡੀਨੇਟਰ ਅਤੇ ਮੈਡਮ ਨੇਹਾ ਵੱਲੋਂ ਤਕਨੀਕੀ ਅਤੇ ਕਿੱਤਾ ਮੁਖੀ ਕੋਰਸਾਂ ਦੀ ਦੇਖ-ਰੇਖ ਦਾ ਜ਼ਿੰਮਾ ਚੁੱਕਦਿਆਂ ਸਭਨਾਂ ਨੂੰ ਭਰੋਸਾ ਦਿਵਾਇਆ ਕਿ ਅਸੀਂ ਇਸ ਇਲਾਕੇ ਦੇ ਸਰਵਪੱਖੀ ਵਿਕਾਸ ਲਈ ਆਪਣਾ ਯੋਗਦਾਨ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਇਸ ਮੁਬਾਰਕ ਮੌਕੇ ਤੇ ਇਲਾਕੇ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਦੇ ਹੋਏ ਵਿਭਾਗ ਵੱਲੋਂ ਇਕ ਰੰਗੀਨ ਇਸ਼ਤਿਹਾਰ ਜਾਰੀ ਕੀਤਾ ਗਿਆ। ਜਿੱਥੇ ਮਾਣਯੋਗ ਚੇਅਰਮੈਨ ਸ੍ਰੀ ਮਹਿੰਦਰ ਸਿੰਘ ਕੇ. ਪੀ. ਨੇ ਪ੍ਰਸਾਰ ਕੇਂਦਰ ਦੀ ਬਿਹਤਰੀ ਵਾਸਤੇ ਆਪਣੇ ਅਖਤਿਆਰੀ ਫੰਡ ਵਿਚੋਂ ਪੰਜ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ, ਉਥੇ ਇਲਾਕੇ ਦੇ ਐਨ. ਆਰ. ਆਈ. ਅਤੇ ਦਾਨੀ ਸੱਜਣਾਂ ਨੇ ਆਪਣਾ ਬਣਦਾ ਯੋਗਦਾਨ ਅਤੇ ਆਸ਼ੀਰਵਾਦ ਦਿੱਤਾ। ਪ੍ਰਬੰਧਕਾਂ ਵੱਲੋਂ ਪਿੰਡਾਂ ਦੀਆਂ ਪੰਚਾਇਤਾਂ, ਸਵੈ-ਸੇਵੀ ਸੰਸਥਾਵਾਂ ਦੇ ਮੌਜੂਦਾ ਨੁਮਾਇੰਦੇ ਅਤੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਆਏ ਹੋਏ ਸਾਰੇ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਅੰਤ ਵਿਚ ਜਿੱਥੇ ਡਾ. ਰਾਕੇਸ਼ ਅਤੇ ਉਹਨਾਂ ਦੀ ਧਰਮ ਪਤਨੀ ਨੇ ਮੰਚ ਦਾ ਸੰਚਾਲਨ ਕੀਤਾ, ਉਥੇ ਇਹ ਉਦਘਾਟਨੀ ਸਮਾਰੋਹ ਸਭਨਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡ ਗਿਆ।

# ਪਿੰਡਾਂ ਦੀ ਨੁਹਾਰ ਬਦਲਣ ਲਈ ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵੱਲੋਂ ਪਿੰਡ ਬੋਲੀਨਾ ਦੋਆਬਾ ਵਿਖੇ ਆਪਣੇ ਨਵੇਂ ਪ੍ਰਸਾਰ ਕੇਂਦਰ ਦਾ ਆਗਾਜ਼













# ਅੰਮ੍ਰਿਤਸਰ (ਪੰਜਾਬ) ਵਿਖੇ 27ਵਾਂ ਅੰਤਰਰਾਸ਼ਟਰੀ ਮਿੰਨੀ ਕਹਾਣੀ ਸਮਾਗਮ

## ਤ੍ਰੈਮਾਸਿਕ ਸ਼ਬਦ ਤ੍ਰਿੰਜਣ, ਤ੍ਰੈਮਾਸਿਕ ਮਿੰਨੀ, ਕਈ ਹੋਰ ਮੈਗਜ਼ੀਨ ਅਤੇ ਪੁਸਤਕਾਂ ਰਿਲੀਜ਼

**ਸਿਆਟਲ (ਮੰਗਤ ਕੁਲਜਿੰਦ) ਬਰੇਟਾ (ਜਗਦੀਸ਼ ਕੁਲਰੀਆਂ) :** ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਵੱਲੋਂ 27ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਇਸ ਵਾਰ ਭਾਰਤ ਗਿਆਨ ਵਿਗਿਆਨ ਸੰਮਤੀ (ਰਜਿ।) ਚੰਡੀਗੜ ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ।) ਅੰਮ੍ਰਿਤਸਰ ਦੇ ਸਹਿਯੋਗ ਨਾਲ ਕਿਸਾਨੀ ਅੰਦੋਲਨ ਨੂੰ ਸਮਰਪਿਤ ਮਿਤੀ 16-17 ਅਕਤੂਬਰ ਨੂੰ ਮਾਨਾਂਵਾਲਾ ਬ੍ਰਾਂਚ ਪਿੰਗਲਵਾੜਾ ਅੰਮ੍ਰਿਤਸਰ ਦੇ ਮਾਤਾ ਮਹਿਤਾਬ ਕੌਰ ਹਾਲ ਵਿਖੇ ਕਰਵਾਇਆ ਗਿਆ।ਇਹ ਪ੍ਰੋਗਰਾਮ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰੈਸ ਸਕੱਤਰ ਮੰਗਤ ਕੁਲਜਿੰਦ ਦੀ ਸਭਾ ਵੱਲੋਂ ਨੁਮਾਇੰਦੀ ਦੇ ਕਾਰਨ ਅੰਤਰ ਰਾਸ਼ਟਰੀ ਬਣ ਗਿਆ।ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਦੇ ਸਰਪ੍ਰਸਤ ਡਾ।ਸ਼ਿਆਮ ਸੁੰਦਰ ਦੀਪਤੀ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਵਿਚ ਭਾਰਤ ਦੇ ਵੱਖ ਵੱਖ ਰਾਜਾਂ ਅਤੇ ਵਿਦੇਸ਼ ਤੋਂ ਮਿੰਨੀ ਕਹਾਣੀ ਲੇਖਕਾਂ,ਆਲੋਚਕਾਂ ਅਤੇ ਸਹਿਯੋਗੀਆਂ ਨੇ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਡਾ।ਭਵਾਨੀ ਸ਼ੰਕਰ ਗਰਗ ਨੇ ਸੁਰਜੀਤ ਪਾਤਰ ਹੁਰਾਂ ਦੀ ਮਕਬੂਲ ਕਵਿਤਾ 'ਉੱਠ ਜਗਾ ਦੇ ਮੋਮਬੱਤੀਆਂ।।' ਤਰੰਨਮ ਵਿਚ ਗਾ ਕੇ ਕੀਤੀ।ਇਸ ਤੋਂ ਬਾਅਦ ਪ੍ਰੋਗਰਾਮ ਦੇ ਸੰਯੋਜਕ ਜਗਦੀਸ਼ ਰਾਏ ਕੁਲਰੀਆਂ ਨੇ ਹਾਜ਼ਰੀਨ ਨੂੰ ਜੀ ਆਇਆਂ ਨੂੰ ਕਹਿੰਦੇ ਹੋਏ, ਪ੍ਰੋਗਰਾਮ ਦੀ ਰੂਪ ਰੇਖਾ ਬਾਰੇ ਜਾਣੂੰ ਕਰਵਾਇਆ। ਮੰਚ ਦੇ ਕਨਵੀਨਰ ਹਰਭਜਨ ਸਿੰਘ ਖੇਮਕਰਨੀ ਨੇ ਤ੍ਰੈਮਾਸਿਕ 'ਮਿੰਨੀ' ਦੇ 33 ਸਾਲਾਂ ਦੇ ਸਫ਼ਰ ਅਤੇ ਮੰਚ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਮਿੰਨੀ ਕਹਾਣੀ ਦੇ ਇਸ ਸਮਾਗਮ ਵਿੱਚ ਡਾ।ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਮੁੱਖ ਮਹਿਮਾਨ ਅਤੇ ਡਾ।ਪੀ।ਐਲ। ਗਰਗ ਚੰਡੀਗੜ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ।ਸਰੋਤਿਆਂ ਨੂੰ ਸੰਬੋਧਨ ਕਰਦਿਆਂ ਬੀਬੀ ਇੰਦਰਜੀਤ ਕੌਰ ਨੇ ਲੇਖਕਾਂ ਬੁਧੀਜੀਵੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਦੀ ਸਿਰਜਣਾ ਕਰਨ ਤਾਂ ਕਿ ਨਰੋਆ,ਸਿਹਤਮੰਦ ਤੇ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਵਾਲੇ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ। ਉਨ੍ਹਾਂ ਪਿੰਗਲਵਾੜਾ ਸੰਸਥਾ ਦੇ ਕਾਰਜਾਂ ਅਤੇ ਸਾਹਿਤਕ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਵਿਸਥਾਰ ਵਿੱਚ ਦੱਸਿਆ।ਕਿਸਾਨੀ ਅੰਦੋਲਨ ਦੇ ਵਿਸ਼ੇ ਨਾਲ ਜੁੜੀਆਂ ਮਿੰਨੀ ਕਹਾਣੀਆਂ ਪੜ੍ਹਨ ਦੇ ਦੌਰ ਵਿਚ ਸੀਮਾ ਵਰਮਾ ਨੇ 'ਹੱਕ ਦੀ ਲੜਾਈ', ਸੁਰਿੰਦਰ ਕੈਲੇ ਨੇ 'ਚੜ੍ਹਦੇ ਸੂਰਜ ਦੀ ਲਾਲੀ', ਕੁਲਵਿੰਦਰ ਕੌਸ਼ਲ ਨੇ 'ਪੁੱਠੇ ਦਿਮਾਗ ਦਾ ਬੰਦਾ', ਮਹਿੰਦਰਪਾਲ ਮਿੰਦਾ ਨੇ 'ਏਹੋ ਹਮਾਰਾ ਜੀਵੂਣਾ', ਜਗਦੀਸ਼ ਰਾਏ ਕੁਲਰੀਆਂ ਨੇ 'ਬਾਜ਼ੀ', ਦਰਸ਼ਨ ਸਿੰਘ ਬਰੇਟਾ ਨੇ 'ਬਰਕਤ', ਗੁਰਸੇਵਕ ਸਿੰਘ ਰੋੜਕੀ ਨੇ 'ਰਾਹ ਦਸੇਰਾ', ਰਣਜੀਤ ਆਜ਼ਾਦ ਕਾਂਝਲਾ ਨੇ 'ਕਿਸਾਨ ਅੰਦੋਲਨ', ਰਘਬੀਰ ਸਿੰਘ ਮਹਿਮੀ ਨੇ 'ਵਾਰਸ' ਨਾਮੀਂ ਮਿੰਨੀ ਕਹਾਣੀਆਂ ਦਾ ਪਾਠ ਕੀਤਾ।ਇਹਨਾਂ ਮਿੰਨੀ ਕਹਾਣੀਆਂ ਦੀ ਪੜਚੋਲ ਕਰਦੇ ਹੋਏ ਡਾ। ਨਾਇਬ ਸਿੰਘ ਮੰਡੇਰ ਨੇ ਕਿਹਾ ਕਿ ਪੰਜਾਬੀ ਮਿੰਨੀ ਕਹਾਣੀ ਨੇ ਕਿਸਾਨੀ ਅੰਦੋਲਨ ਨੂੰ ਸਹੀ ਅਰਥਾਂ ਵਿਚ ਰੂਪਮਾਨ ਕੀਤਾ ਹੈ ਅਤੇ ਇਕ ਇਤਿਹਾਸ ਵਾਂਗੂੰ ਇਸ ਨੂੰ ਸਾਂਭ ਲਿਆ ਹੈ।ਗੁਰਮੇਲ ਸ਼ਾਮਨਗਰ ਦੀ ਨਿਰਦੇਸ਼ਨਾ ਹੇਠ 'ਲੋਕ ਕਲਾ ਮੰਚ ਮਜੀਠਾ' ਦੀ ਟੀਮ ਵੱਲੋਂ ਕਿਸਾਨੀ ਅੰਦੋਲਨ ਤੇ ਲਿਖੀਆਂ ਮਿੰਨੀ ਕਹਾਣੀਆਂ ਨੂੰ ਆਧਾਰ ਬਣਾ ਕੇ 'ਮਿੱਟੀ ਦੇ ਜਾਏ' ਨਾਟਕ ਖੇਡਿਆ ਗਿਆ ਜਿਸ ਨੂੰ ਭਰਪੂਰ ਸਲਾਹਿਆ ਗਿਆ। ਪੰਜਾਬੀ ਮਿੰਨੀ ਕਹਾਣੀ ਪਾਠ ਤੇ ਚਰਚਾ ਵਿਚ ਦਰਸ਼ਨ ਸਿੰਘ ਬਰੇਟਾ ਨੇ 'ਜ਼ਿੰਦਗੀ ਦੀ ਵਾਪਸੀ', ਬੀਰ ਇੰਦਰ ਬਨਭੌਰੀ ਨੇ 'ਧਰਮ',ਡਾ ਕਰਮਜੀਤ ਸਿੰਘ ਨਡਾਲਾ ਨੇ 'ਦੀਵੇ',ਸੁਖਦਰਸ਼ਨ ਗਰਗ ਨੇ 'ਅੱਧੀ ਹੀ ਸਹੀ', ਸੁਰਿੰਦਰ ਕੈਲੇ ਨੇ 'ਵਾਘੇ ਦੀ ਵਾੜ',ਰਣਜੀਤ ਆਜ਼ਾਦ ਕਾਂਝਲਾ ਨੇ 'ਸੁਆਲ',ਬੂਟਾ ਖਾਨ ਸੁੱਖੀ ਨੇ 'ਗੁਨਾਹ', ਗੁਰਮੀਤ ਰਾਮਪੁਰੀ ਨੇ 'ਭੇਤ', ਐਮ।ਅਨਵਾਰ ਅੰਜ਼ੁਮ ਨੇ 'ਜ਼ਿੰਮੇਵਾਰੀ',ਪ੍ਰਗਟ ਸਿੰਘ ਜੰਬਰ ਨੇ 'ਮੌਲਾ ਬਲਦ', ਸੁਰਜੀਤ ਸਿੰਘ ਜੀਤ ਨੇ 'ਨਿਰਭੈ', ਹਰਪ੍ਰੀਤ ਸਿੰਘ ਰਾਣਾ ਨੇ 'ਪਾਗਲ',ਰਘਬੀਰ ਸਿੰਘ ਮਹਿਮੀ ਨੇ 'ਜੁਰਮਾਨਾ',ਵਿਵੇਕ ਨੇ 'ਦਬਕਾ', ਸਤਨਾਮ ਜੱਸੜ ਨੇ 'ਸਾਂਝ',ਹਰਭਜਨ ਖੇਮਕਰਨੀ ਨੇ 'ਭੁੱਬਲ ਦਾ ਸੇਕ', ਰਾਜਵੰਤ ਕੌਰ ਬਾਜਵਾ ਨੇ 'ਬਾਪੂ ਹਰਨਾਮ ਸਿੰਘ',ਹਰਜੀਤ ਸਿੰਘ ਨੇ 'ਸਵੇਰ', ਸੀਮਾ ਵਰਮਾ ਨੇ 'ਉਸ ਦੀ ਮਾਂ',ਗੁਰਪ੍ਰੀਤ ਕੌਰ ਨੇ 'ਝੰਡੇ ਵਾਲੀ ਬਾਂਹ',ਸੁਖਵਿੰਦਰ ਦਾਨਗੜ ਨੇ 'ਵੋਟ ਦਾ ਮੁੱਲ', ਮੰਗਤ ਕੁਲਜਿੰਦ ਸਿਆਟਲ ਨੇ 'ਵਾਸਤਾ', ਗੁਰਸੇਵਕ ਸਿੰਘ ਰੋੜਕੀ ਨੇ 'ਇਥੇ ਕੀ ਹੈ',ਰਾਜਦੇਵ ਕੌਰ ਸਿਧੂ ਨੇ 'ਕੁਦਰਤ ਦੇ ਰੰਗ', ਭੁਪਿੰਦਰ ਸਿੰਘ ਮਾਨ ਨੇ 'ਇਨਸਾਨ', ਸੋਮਾ ਕਲਸੀਆ ਨੇ 'ਪਾੜਾ',ਕੇ। ਸਾਈਲੋਕ ਨੇ 'ਗੁੰਝਲਾਂ', ਅਮਰਜੀਤ ਕੌਰ ਹਰੜ ਨੇ 'ਕਿਰਦਾਰ',ਇੰਜ।ਇਕਬਾਲ ਸਿੰਘ ਨੇ 'ਹੋਣੀ ਅਣਹੋਣੀ', ਜਗਦੀਸ਼ ਕੁਲਰੀਆਂ ਨੇ 'ਜ਼ਿੰਦਗੀ', ਮਹਿੰਦਰਪਾਲ ਮਿੰਦਾ ਨੇ 'ਆਸ',ਡਾ।ਨਾਇਬ ਸਿੰਘ ਮੰਡੇਰ ਨੇ 'ਰੌਸ਼ਨੀ', ਕੁਲਵਿੰਦਰ ਕੌਸ਼ਲ ਨੇ 'ਵਿਰਾਸਤ',ਪਰਮਜੀਤ ਕੌਰ ਨੇ 'ਵੀਡਿਓ ਕਾਲ', ਸਤਪਾਲ ਖੁੱਲਰ ਨੇ 'ਸ਼ਿਸ਼' ਅਤੇ ਰਮਨਦੀਪ ਕੌਰ ਰੰਮੀ ਗਿਦੜਬਾਹਾ ਨੇ 'ਆਸ' ਨਾਮੀਂ ਮਿੰਨੀ ਕਹਾਣੀਆਂ ਦਾ ਪਾਠ ਕੀਤਾ, ਜਿੰਨ੍ਹਾਂ 'ਤੇ ਡਾ। ਅਸ਼ੋਕ ਭਾਟੀਆ ਕਰਨਾਲ, ਡਾ।ਕੁਲਦੀਪ ਸਿੰਘ ਕੁਰੂਕਸ਼ੇਤਰਾ ਯੂਨੀਵਰਸਿਟੀ, ਨਿਰੰਜਣ ਬੋਹਾ, ਡਾ। ਦੀਪਾ ਕੁਮਾਰ ਦਿੱਲੀ ਯੂਨੀਵਰਸਿਟੀ ਅਤੇ ਡਾ।ਰਵਿੰਦਰ ਸਿੰਘ ਸੰਧੂ ਪੰਜਾਬੀ ਯੂਨੀਵਰਸਿਟੀ ਰੀਜ਼ਨਲ ਸੈਂਟਰ ਬਠਿੰਡਾ ਨੇ ਆਲੋਚਨਾਤਮਕ ਸਮੀਖਿਆ ਕਰਦੇ ਹੋਏ ਮਿੰਨੀ ਕਹਾਣੀ ਦੀਆਂ ਕਲਾਤਮਿਕ ਜੁਗਤਾਂ,ਸਮਾਜਿਕ ਸਰੋਕਾਰਾਂ,ਮਿੰਨੀ ਕਹਾਣੀ ਦੀ ਬਣਤਰ,ਬੁਣਤਰ ਅਤੇ ਵਿਧਾਨਕ ਢਾਂਚੇ ਬਾਰੇ ਗੱਲ ਕੀਤੀ।ਹਿੰਦੀ ਲਘੂਕਥਾ ਦੇ ਪਾਠ ਤੇ ਚਰਚਾ ਵਿਚ ਡਾ। ਅਸ਼ੋਕ ਵੈਰਾਗੀ ਨੇ 'ਬਰਫ਼ੀਲੀ ਆਗ',ਯੋਗਰਾਜ ਪ੍ਰਭਾਕਰ ਨੇ 'ਜੰਬੂ ਦੀਪੇ ਭਾਰਤ ਖੰਡੇ',ਬਲਰਾਮ ਅਗਰਵਾਲ ਨੇ 'ਵਿਸਾਖਾਨੰਦਨ', ਅਸ਼ੋਕ ਭਾਟੀਆ ਨੇ 'ਸੂਤਰਧਾਰ', ਅੰਜੂ ਖਰਬੰਦਾ ਨੇ 'ਸੌ ਵਟਾ ਸੌ', ਸੀਮਾ ਭਾਟੀਆ ਨੇ 'ਆਪਣੇ ਆਪਣੇ ਆਸਮਾਨ', ਕਾਂਤਾ ਰਾਏ ਨੇ 'ਪ੍ਰਕਾਸ਼ ਕੇ ਮੁਹਾਨੇ ਪਰ',ਡਾ।ਮੇਜਰ ਸ਼ਕਤੀ ਰਾਜ ਕੌਸ਼ਿਕ ਨੇ 'ਗੰਗਾ ਸ਼ਨਾਨ',ਡਾ। ਸ਼ੀਲ ਕੌਸ਼ਿਕ ਨੇ 'ਬਦਲਤੀ ਪ੍ਰਸ਼ਨਾਵਲੀ', ਰਾਧੇ ਸ਼ਿਆਮ ਭਾਰਤੀਯ ਨੇ 'ਧਰਮ', ਪ੍ਰਦੂਮਣ ਭੱਲਾ ਨੇ 'ਬੜੇ ਸਾਬ੍ਹ' ਅਤੇ ਅਸ਼ੋਕ ਦਰਦ ਨੇ 'ਦੋ ਦ੍ਰਿਸ਼' ਨਾਮੀਂ ਲਘੂਕਥਾਵਾਂ ਦਾ ਪਾਠ ਕੀਤਾ ਜਿਹਨਾਂ ਉੱਤੇ ਡਾ। ਕੁਲਦੀਪ ਸਿੰਘ ਦੀਪ ਅਤੇ ਪ੍ਰੋ। ਗੁਰਦੀਪ ਢਿਲੋਂ ਨੇ ਚਰਚਾ ਕਰਦਿਆਂ ਹਿੰਦੀ ਲਘੂਕਥਾ ਦੇ ਵਿਭਿੰਨ ਪੱਖਾਂ ਨੂੰ ਉਭਾਰਿਆ।'ਪੰਜਾਬੀ ਮਿੰਨੀ ਕਹਾਣੀ ਤੇ ਨਾਟਕੀ ਸੰਭਾਵਨਾਵਾਂ' ਵਿਸ਼ੇ ਉਪਰ ਡਾ।ਪਿਆਰਾ ਲਾਲ ਗਰਗ, ਕਨਵੀਨਰ ਭਾਰਤ ਗਿਆਨ ਵਿਗਿਆਨ ਸੰਮਤੀ ਅਤੇ ਕੇਵਲ ਧਾਲੀਵਾਲ ਸ਼੍ਰੋਮਣੀ ਨਾਟਕਕਾਰ ਨੇ ਗੱਲਬਾਤ ਕਰਦੇ ਹੋਏ ਮਿੰਨੀ ਕਹਾਣੀ ਵਿਚ ਨਾਟਕੀ ਸੰਭਾਵਨਾਵਾਂ ਦੇ ਨਾਲ ਨਾਲ ਰੰਗਮੰਚ ਦਾ ਲੋਕ ਜਨ ਨਾਲ ਸੰਬੰਧ ਅਤੇ ਇਸ ਦੇ ਰੋਲ ਬਾਰੇ ਵੀ ਵਿਸਥਾਰ ਵਿਚ ਗੱਲ ਕੀਤੀ। ਡਾ।ਗਰਗ ਨੇ ਵਰਕਸ਼ਾਪਾਂ ਲਾਉਣ ਦੇ ਉਦੇਸ਼ ਅਤੇ ਕਾਰਜਪ੍ਰਣਾਲੀ ਬਾਰੇ ਵੀ ਚਾਨਣਾ ਪਾਇਆ।ਅਸ਼ੋਕ ਪੁਰੀ ਦੀ ਸੰਚਾਲਨਾ ਹੇਠ ਹੋਏ ਇਸ ਸ਼ੈਸ਼ਨ ਵਿਚ ਸੁਰਿੰਦਰ ਕੈਲੇ, ਡਾ।ਕੁਲਦੀਪ ਪੁਰੀ, ਭੁਪਿੰਦਰ ਸਿੰਘ ਮਾਨ, ਗੁਰਮੇਲ ਸ਼ਾਮਨਗਰ ਅਤੇ ਪ੍ਰਗਟ ਸਿੰਘ ਜੰਬਰ ਨੇ ਵੀ ਵਿਚਾਰ ਰੱਖੇ।ਅਸ਼ੋਕ ਪੁਰੀ ਵੱਲੋਂ ਆਪਣੀ ਟੀਮ ਨਾਲ ਨਾਟਕ ਦੀ ਪੇਸ਼ਕਾਰੀ ਵੀ ਕੀਤੀ ਗਈ।ਪੁਸਤਕ ਰਿਲੀਜ ਦੇ ਵਿਚ ਤ੍ਰੈਮਾਸਿਕ 'ਸ਼ਬਦ ਤ੍ਰਿੰਜਣ' ਬਠਿੰਡਾ ਦਾ ਨਵਾਂ ਅੰਕ (ਸੰ: ਮੰਗਤ ਕੁਲਜਿੰਦ), ਤ੍ਰੈਮਾਸਿਕ 'ਮਿੰਨੀ' ਦਾ ਅੰਕ ਨੰਬਰ 132, 'ਮਿੱਟੀ ਦੇ ਜਾਏ' (ਕਿਸਾਨੀ ਅੰਦੋਲਨ ਨਾਲ ਜੁੜੀਆਂ ਮਿੰਨੀ ਕਹਾਣੀਆਂ), ਗ਼ੌਰਤਲਬ ਮਿੰਨੀ ਕਹਾਣੀਆਂ-9 (ਜ਼ਿੰਦਗੀ ਦੀ ਵਾਪਸੀ-ਦਰਸ਼ਨ ਸਿੰਘ ਬਰੇਟਾ), ਗ਼ੌਰਤਲਬ ਮਿੰਨੀ ਕਹਾਣੀਆਂ-10 (ਬਦਲਦੀ ਹਵਾ-ਹਰਪ੍ਰੀਤ ਸਿੰਘ ਰਾਣਾ), ਕਾਗਜ਼ ਦਾ ਪਿੰਡ (ਕਾਂਤਾ ਰਾਏ, ਭੋਪਾਲ, ਅਨੁਵਾਦਕ: ਵਿਵੇਕ), ਮੈਂ ਹਵਾੜ ਨਹੀਂ (ਮਿੰਨੀ ਕਹਾਣੀ ਸੰਗ੍ਰਹਿ-ਅਮਰਜੀਤ ਕੌਰ ਹਰੜ) , ਛੂਟਾ ਹੂਆ ਸਾਮਾਨ-ਲਘੂਕਥਾ ਸੰਗ੍ਰਹਿ (ਡਾ।ਸ਼ੀਲ ਕੌਸ਼ਿਕ), ਤ੍ਰੈਮਾਸਿਕ 'ਅਣੂ'ਦਾ ਨਵਾਂ ਅੰਕ (ਸੰ: ਸੁਰਿੰਦਰ ਕੈਲੇ), ਅਨਿਲ ਸ਼ੂਰ ਆਜ਼ਾਦ ਦੀਆਂ ਚੌਣਵੀਆਂ ਮਿੰਨੀ ਕਹਾਣੀਆਂ (ਅਨੁ: ਯੋਗਰਾਜ ਪ੍ਰਭਾਕਰ), ਮਧੂਦੀਪ ਦੀਆਂ ਚੌਣਵੀਆਂ ਮਿੰਨੀ ਕਹਾਣੀਆਂ (ਅਨੁ: ਯੋਗਰਾਜ ਪ੍ਰਭਾਕਰ),ਚਿੜੀਆ ਲਘੂਕਥਾ ਸੰਗ੍ਰਹਿ ਹਿੰਦੀ (ਡਾ। ਪ੍ਰਦੀਪ ਕੌੜਾ-ਅਨੁ: ਯੋਗਰਾਜ ਪ੍ਰਭਾਕਰ), ਪ੍ਰਤੀਰੋਧ (ਆਲੋਚਨਾ) ਡਾ। ਅਸ਼ੋਕ ਭਾਟੀਆ, ਖਿੜਕੀ ਕਾ ਦੁਖ - ਲਘੂਕਥਾ ਸੰਗ੍ਰਹਿ (ਰਾਧੇ ਸ਼ਿਆਮ ਭਾਰਤੀ), 'ਅਸਤਿਤਵ ਦੀ ਵਾਪਸੀ'-ਲਘੂਕਥਾ ਸੰਗ੍ਰਹਿ (ਕਾਂਤਾ ਰਾਏ), ਤਰਕਸ਼ੀਲਤਾ ਤੇ ਜੀਵਨ-ਡਾ।ਸ਼ਿਆਮ ਸੁੰਦਰ ਦੀਪਤੀ, ਤ੍ਰੈਮਾਸਿਕ 'ਛਿਣ'' ਦਾ ਨਵਾਂ ਅੰਕ-ਸੰਪਾਦਕ ਤ੍ਰਿਪਤ ਭੱਟੀ,ਹਰਪ੍ਰੀਤ ਰਾਣਾ ਤੇ ਦਵਿੰਦਰ ਪਟਿਆਲਵੀ, ਪੰਖ,ਪੀਰ ਅਤੇ ਪਰਬਤ-ਲਘੂਕਥਾ ਸੰਗ੍ਰਹਿ (ਸ਼ੰਕੁਤਲਾ ਕਿਰਨ), ਸੂਲੀ ਉਪਰ ਸੇਜ-ਲਘੂਕਥਾ ਸੰਗ੍ਰਹਿ(ਬਲਰਾਮ ਅਗਰਵਾਲ), ਇਕ ਵ੍ਰਿਲੱਖਣ ਸ਼ਖਸ਼ੀਅਤ ਭਾਈ ਰਾਮ ਸਿੰਘ-ਹਰਪਾਲ ਸਿੰਘ ਪੁੰਨੂ ਮੈਗਜ਼ੀਨ ਅਤੇ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ।

ਪ੍ਰਧਾਨਗੀ ਮੰਡਲ ਵੱਲੋਂ ਸ੍ਰ। ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਪ੍ਰਤੀਬੱਧਤਾ ਪੁਰਸਕਾਰ 2020 -ਸੁਰਿੰਦਰ ਕੈਲੇ,ਸੰਪਾਦਕ 'ਅਣੂ' ਲੁਧਿਆਣਾ ਨੂੰ, ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਮਿੰਨੀ ਕਹਾਣੀ ਪੁਸਤਕ ਪੁਰਸਕਾਰ 2020 -ਨਿੱਕੇ ਨਿੱਕੇ ਈਸਾ-ਜਸਬੀਰ ਢੰਡ ਮਾਨਸਾ ਨੂੰ, ਅਮਰਜੀਤ ਸਿੰਘ ਸਰੀਂਹ ਏ।ਐਸ।ਆਈ। ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ 2020-ਡਾ ਰਾਵਿੰਦਰ ਸੰਧੂ ਬਠਿੰਡਾ ਨੂੰ, ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਮਿੰਨੀ ਕਹਾਣੀ ਲੇਖਿਕਾ ਪੁਰਸਕਾਰ 2020-ਸੀਮਾ ਵਰਮਾ ਬਹੁਭਾਸ਼ੀ ਮਿੰਨੀ ਕਹਾਣੀ ਲੇਖਿਕਾ ਲੁਧਿਆਣਾ ਨੂੰ, ਮਾਤਾ ਇੰਦਰਾ ਸਵੱਪਨ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ 2020 - ਯੋਗਰਾਜ ਪ੍ਰਭਾਕਰ ਸੰਪਾਦਕ 'ਲਘੂਕਥਾ ਕਲਸ਼' ਪਟਿਆਲਾ ਨੂੰ, ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ 2020-ਸੁਖਵਿੰਦਰ ਦਾਨਗੜ, ਯੁਵਾ ਲੇਖਕ ਬਰਨਾਲਾ ਨੂੰ, ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ 2020-ਇੰਜ।ਦਲਜੀਤ ਕੋਹਲੀ ਅੰਮ੍ਰਿਤਸਰ ਨੂੰ ਪ੍ਰਦਾਨ ਕੀਤੇ ਗਏ। ਮੰਚ ਵੱਲੋਂ 31ਵੇਂ ਮਿੰਨੀ ਕਹਾਣੀ ਮੁਕਾਬਲੇ ਦੇ ਜੇਤੂਆਂ ਵਿਚ ਕਵਿਤਾ ਰਾਜਬੰਸ ਨੂੰ ਪਹਿਲਾ, ਪਰਦੀਪ ਮਹਿਤਾ ਨੂੰ ਦੂਜਾ, ਸੋਮਾ ਕਲਸੀਆਂ ਨੂੰ ਤੀਜਾ ਅਤੇ ਪਰਮਜੀਤ ਕੌਰ, ਬੁੱਧ ਸਿੰਘ ਨਡਾਲੋ, ਦੀਪ ਵਿਰਕ ਅਤੇ ਰਜ਼ਮੀਤ ਕੌਰ ਨੂੰ ਵਿਸ਼ੇਸ਼ ਇਨਾਮ ਨਾਲ ਸਨਮਾਨਿਤ ਕੀਤਾ ਗਿਆ।

ਦੋ ਦਿਨ ਚੱਲੇ ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ।ਮੱਖਣ ਸਿੰਘ ਭੁਲੱਥ, ਡਾ।ਭਵਾਨੀ ਸ਼ੰਕਰ ਗਰਗ, ਪ੍ਰਿੰ।ਮੋਹਨ ਸਿੰਘ ਘੱਗ,ਅਸ਼ੋਕ ਟਾਂਡੀ, ਸੰਦੀਪ ਕੁਮਾਰ, ਸੁਖਜੀਵਨ, ਹੇਮ ਰਾਜ ਗਰਗ, ਵਰਿੰਦਰ ਆਜ਼ਾਦ, ਬਲਵਿੰਦਰ ਸਿੰਘ ਭੱਟੀ, ਜੋਗਾ ਸਿੰਘ ਧਨੌਲਾ,ਅਜੀਤ ਨਬੀਪੁਰੀ, ਡਾ ਹਰਜਿੰਦਰ ਕੌਰ ਕੰਗ, ਡਾ।ਕਸ਼ਮੀਰ ਸਿੰਘ, ਡਾ।ਪ੍ਰਸ਼ੋਤਮ ਲਾਲ,ਹਰਿੰਦਰ ਪਾਲ ਸਿੰਘ, ਹਰਜੀਤ ਸਿੰਘ ਅਰੋੜਾ, ਯੋਗੇਸ਼ ਕੁਮਾਰ,ਸੋਹਣ ਸਿੰਘ,ਕਸ਼ਮੀਰ ਸਿੰਘ ਤੇ ਮੋਹਣ ਸਿੰਘ ਆਦਿ ਵੀ ਹਾਜ਼ਰ ਸਨ।

ਸਮਾਗਮ ਦਾ ਮੰਚ ਸੰਚਾਲਨ ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ।ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਵੱਲੋਂ ਖਾਣੇ, ਰਹਿਣ ਅਤੇ ਸਮਾਗਮ ਦੇ ਸੰਚਾਲਨ ਦੇ ਪ੍ਰਬੰਧ ਕਾਬਿਲੇ-ਤਾਰੀਫ਼ ਸਨ।ਸਮਾਗਮ ਵਿਚ ਭਾਗ ਲੈਣ ਵਾਲੇ ਲੇਖਕਾਂ ਵੱਲੋਂ ਪਿੰਗਲਵਾੜਾ ਸੰਸਥਾ ਦੇ ਵਾਰਡਾਂ ਦਾ ਅਤੇ ਹੋਰ ਥਾਵਾਂ ਦਾ ਦੌਰਾ ਕੀਤਾ ਗਿਆ ਅਤੇ ਸੰਸਥਾ ਬਾਰੇ ਜਾਣਕਾਰੀ ਵੀ ਹਾਸਿਲ ਕੀਤੀ ਗਈ।

**ਮੋ. ਅਤੇ ਵੱਟਸ। +1 425 286 0163 ਸਿਆਟਲ, ਮੋਬਾਇਲ +91 95018-77033 (ਭਾਰਤ)**





# ਪੁਸਤਕ ਸਮੀਖਿਆ

ਪੁਸਤਕ ਦਾ ਨਾਂ : ਕਲਮ ਦੀ ਆਹਟ (ਕਾਵਿ-ਸੰਗ੍ਰਹਿ)
ਲੇਖਿਕਾ : ਰਾਜਨਦੀਪ ਕੌਰ ਮਾਨ
ਪੰਨੇ : 135, ਕੀਮਤ : 250/-
ਪ੍ਰਕਾਸ਼ਕ : ਪ੍ਰੀਤ ਪਬਲੀਕੇਸ਼ਨ, ਨਾਭਾ

ਰਾਜਨਦੀਪ ਕੌਰ ਮਾਨ ਸਾਹਿਤ ਤੇ ਸੱਭਿਆਚਾਰਕ ਜਗਤ ਵਿਚ ਅਨੇਕਾਂ ਸਟੇਜਾਂ ਉਤੇ ਸਨਮਾਨਿਆ-ਸਤਿਕਾਰਿਆ ਵਿਦਵਾਨ, ਸੰਜ਼ੀਦਾ, ਸੁਹਿਰਦ, ਦੂਰ-ਅੰਦੇਸ਼, ਸੰਵੇਦਨਸ਼ੀਲ ਤੇ ਲੋਕ ਹਿੱਤਾਂ ਦਾ ਪਹਿਰੇਦਾਰ ਹਸਤਾਖਰ ਹੈ। ਹਥਲਾ ਕਾਵਿ-ਸੰਗ੍ਰਹਿ ਕਹਿਣ ਨੂੰ ਭਾਂਵੇ ਕਿ ਉਨ੍ਹਾਂ ਦਾ ਪਲੇਠਾ ਕਾਵਿ-ਸੰਗ੍ਰਹਿ ਹੈ, ਪਰ ਉਨ੍ਹਾਂ ਨੇ ਕਈ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਕਲਮੀ ਸਾਂਝਾਂ ਪਾਲਣ ਦੇ ਨਾਲ-ਨਾਲ ਜਿੱਥੇ ਦੇਸ਼-ਵਿਦੇਸ਼ ਦੇ ਹਰ ਪੰਜਾਬੀ ਪੇਪਰ ਤੇ ਮੈਗਜੀਨ ਤੱਕ ਕਲਮੀ ਪਹੁੰਚ ਕੀਤੀ ਹੈ, ਉਥੇ ਕਵੀ-ਦਰਬਾਰਾਂ ਤੇ ਵਿਸ਼ਾਲ ਸਮਾਗਮਾਂ ਦਾ ਹਿੱਸਾ ਬਣਨ ਵਿਚ ਵੀ ਉਹ ਪਿੱਛੇ ਨਹੀਂ ਰਹੇ। ਫਿਰ ਰੇਡੀਓ ਰੰਗ ਐਫ ਐਮ ਅਤੇ ਰੇਡੀਓ ਪੰਜਾਬ ਟੂ-ਡੇਅ ਦੀ ਹੋਸਟ ਦੀ ਅਹਿਮ ਜਿੰਮੇਵਾਰੀ ਨਿਭਾਂਉਂਦਿਆਂ ਉਨ੍ਹਾਂ ਨੇ ਸਾਹਿਤ, ਸਮਾਜ ਤੇ ਸੱਭਿਆਚਾਰ ਲਈ ਹੋਰ ਵੀ ਬਹੁਤ ਵਡੇਰੇ ਤੇ ਚੰਗੇਰੇ ਮਾਅਰਕੇ ਮਾਰੇ ਹਨ।

ਹੱਥਲੀ ਪੁਸਤਕ ਜੋ ਕਿ ਉਨ੍ਹਾਂ ਨੇ ਕਿਸਾਨੀ ਸੰਘਰਸ਼ ਨੂੰ ਸਮਰਪਿਤ ਕੀਤੀ ਹੈ, ਵਿਚ, 'ਉਠ ਜਾਗ ਓਏ ਕਿਸਾਨਾਂ', 'ਕਿਸਾਨੀ 'ਤੇ ਕਬਿਤ', 'ਨਿੱਕੇ ਸ਼ੇਰ ਲਈ', 'ਤੂੰ ਸੁੱਤਾ ਜਾਗੇਂ ਨਾ', 'ਝੰਡਾ ਇੰਨਕਲਾਬ ਦਾ', 'ਪੰਜਾਬ ਸਿੰਆਂ', 'ਕਿਰਸਾਣੀ ਦੀ ਦੀਵਾਲੀ' ਅਤੇ 'ਕਲਮਾਂ ਵਾਲਿਓ' ਆਦਿ ਦੁਆਰਾ ਅੰਨ ਦਾਤਾ ਪ੍ਰਤੀ ਹਮਦਰਦੀ ਤੇ ਕਿਸਾਨੀ ਮੁਸ਼ਕਲਾਂ ਵਰਨਣ ਕੀਤੀਆਂ ਹਨ। 'ਭੱਠਿਆਂ ਦਾ ਗੀਤ', 'ਬਾਲ ਮਜ਼ਦੂਰੀ ਇਕ ਲਾਹਨਤ', ਕਿਰਤੀ ਮਜਦੂਰਾਂ ਦੇ ਹਾਲਾਤਾਂ ਨੂੰ, 'ਇਕ ਅਰਜ਼ ਮਾਨਵਤਾ ਲਈ' ਪਾਣੀ ਦੀ ਕਿੱਲਤ ਨੂੰ, 'ਨਿੱਕੇ ਨਿੱਕੇ ਜਗਨੂੰ' ਅਮਨ ਤੇ ਸ਼ਾਂਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਂਦੀਆਂ ਬਾਕਮਾਲ ਰਚਨਾਵਾਂ ਹਨ। ਕਵਿੱਤਰੀ ਖੁਦ ਔਰਤ-ਵਰਗ ਨਾਲ ਸਬੰਧਤ ਹੋਣ ਕਰ ਕੇ ਉਨ੍ਹਾਂ ਨੇ ਔਰਤ ਦੇ ਦਰਦ ਨੂੰ ਵੀ ਗਹਿਰਾਈ ਦੀ ਤਹਿ ਤੱਕ ਬਿਆਨਿਆ ਹੈ। ਇਸ ਮੰਤਵ ਦੀ ਪੂਰਤੀ ਕਰਦੀਆਂ, 'ਨਾਰੀ ਯੁੱਗ', 'ਅੱਲ੍ਹੜ ਉਮਰ ਦੀ ਅਰਜ਼', 'ਧੀਆਂ ਸਿਰ ਦਾ ਤਾਜ', 'ਨੰਨ੍ਹੀ ਪਰੀ', 'ਮਾਏ ਨੀ', 'ਮੈਂ ਜਗ ਜਣਨੀ', 'ਔਰਤ' ਤੇ 'ਕਵਿਤਾ' (101 ਸਫਾ), 'ਨੀਵੀਂ ਜਾਤ' ਆਦਿ ਮਾਂ, ਧੀ, ਭੈਣ ਤੇ ਔਰਤ ਦੇ ਇਰਦ-ਗਿਰਦ ਘੁੰਮਦੀਆਂ ਦਰਦ-ਭਿੱਜੀਆਂ ਰਚਨਾਵਾਂ ਹਨ। ਇਸੇ ਤਰ੍ਹਾਂ, 'ਤੇਰੀ ਮਹਿਕ', 'ਸੁੱਚਾ ਅਹਿਸਾਸ','ਸਾਵਣ', 'ਕਦੀ ਵਿਹਲ ਮਿਲੀ', 'ਕਵਿਤਾ' (52 ਸਫ਼ਾ),' ਕੋਈ ਅਣਜਾਣਾ', 'ਨੈਣਾਂ ਦੇ ਦੁੱਖ', 'ਬਿਰਹਾ ਦੀ ਹੂਕ', 'ਬਿਰਹਾ ਦੀ ਪੀੜ', 'ਬੱਦਲਾਂ ਪਿੱਛੇ ਚੰਨ', 'ਰੇਸ਼ਮੀ ਯਾਦਾਂ' ਤੇ 'ਪੈੜਾਂ' ਆਦਿ ਸੱਜਣਾਂ ਪ੍ਰਤੀ ਪਾਕਿ-ਮੁਹੱਬਤ, ਮੋਹ-ਪਿਆਰ ਤੇ ਬਿਰਹਾ ਦੇ ਅਹਿਸਾਸਾਂ ਨੂੰ ਪ੍ਰਗਟਾਉਂਦੀਆਂ ਰਚਨਾਵਾਂ ਹਨ। ਆਪਣਿਆਂ ਤੋਂ ਮਿਲੇ, ਹੱਡੀਂ ਹੰਢਾਏ ਨਿੱਜ ਦਰਦ ਨੂੰ ਵੀ ਪੁਸਤਕ ਵਿਚ ਕਾਫੀ ਜਗ੍ਹਾ ਦਿੱਤੀ ਹੈ ਕਵਿੱਤਰੀ ਨੇ। ਮਿਸਾਲ ਵਜੋਂ, 'ਇਹ ਦਿਨ ਵੀ ਰਹਿਣੇ ਯਾਦ', 'ਜ਼ਖ਼ਮ', 'ਤੂੰ ਵੀ ਕਰ ਅਹਿਸਾਸ ਖਤਮ', 'ਆ ਮਿਲ ਪਿਆਰੇ', 'ਦਰਦ', 'ਕੁਝ ਖ਼ਵਾਬ', 'ਪੀੜ ਪ੍ਰਾਹੁਣੀ', 'ਖ਼ਵਾਇਸ਼', 'ਪਿਆਸੀ ਰੇਤ', 'ਬੋਲੀਆਂ' (93), 'ਗ਼ਜ਼ਲ' (103), 'ਪੀੜਾਂ', 'ਦਰਦ', 'ਅੱਧਾ ਚਿਹਰਾ', 'ਨਵੀਆਂ ਰਾਹਾਂ' ਤੇ 'ਚਿਣਗ' ਆਦਿ ਦਰਦ 'ਚ ਡੁੱਬ ਕੇ ਲਿਖੀਆਂ ਰਚਨਾਵਾਂ ਹਨ। 'ਨਿੱਕੇ ਕਦਮ' ਇਕ ਸੇਧਆਤਮਕ ਪਾਏਦਾਰ ਰਚਨਾ ਹੈ, ਜਦ ਕਿ 'ਮਾਂ ਰੱਬ ਦਾ ਰੂਪ' ਅਤੇ 'ਮਾਂ' ਰਚਨਾਵਾਂ ਪੁਸਤਕ ਨੂੰ ਸਿਖਰਤਾ ਪ੍ਰਦਾਨ ਕਰਦੀਆਂ ਰਚਨਾਵਾਂ ਹਨ। 'ਵੰਗਾਰ', 'ਮਾਂ-ਬੋਲੀ' ਤੇ 'ਸੰਨ ਸੰਤਾਲੀ' ਦੀ ਆਪਣੀ ਉਚ ਅਹਿਮੀਅਤ ਹੈ। ਇੱਥੇ ਹੀ ਬਸ ਨਹੀਂ, ਕਵਿੱਤਰੀ ਨੇ ਵਧ ਰਹੇ ਨਸ਼ਿਆਂ, ਟੁੱਟਦੇ-ਭੱਜਦੇ ਰਿਸ਼ਤਿਆਂ, ਦੇਸ਼-ਭਗਤੀ, ਦੁਨੀਆਂ ਦੇ ਦੋਮੂੰਹੇ ਕਿਰਦਾਰ, ਬਚਪਨ ਦੇ ਹੰਢਾਏ ਪਲਾਂ ਤੇ ਰਾਜਨੀਤਿਕਾਂ ਦੇ ਭੈੜੇ ਕਿਰਦਾਰ ਆਦਿ ਵਿਸ਼ਿਆਂ ਨੂੰ ਵੀ ਨਾ-ਸਿਰਫ ਛੋਹਿਆ ਹੀ, ਬਲਕਿ ਬਾਖੂਬੀ ਨਿਭਾਇਆ ਵੀ ਹੈ।




ਕੁੱਲ ਮਿਲਾ ਕੇ ਕਵਿੱਤਰੀ ਰਾਜਨਦੀਪ ਕੌਰ ਮਾਨ ਦਾ, ਸ਼ਾਨਦਾਰ ਤੇ ਜਾਨਦਾਰ ਪਰਿਵਾਰਕ ਗੁਲਦਸਤਾ, 'ਕਲਮ ਦੀ ਆਹਟ' ਹਰ ਘਰ ਦੀ ਲਾਇਬਰੇਰੀ ਦਾ ਸ਼ਿੰਗਾਰ ਬਣਨ ਦਾ ਦਮ ਰੱਖਦਾ ਹੈ।

ਹਰ ਉਮਰ ਦੇ ਪਾਠਕ ਲਈ ਰੂਹ ਨਾਲ ਪੜ੍ਹਨ ਤੇ ਮਾਨਣ ਯੋਗ ਕਾਵਿ-ਸੰਗ੍ਰਹਿ ਪੰਜਾਬੀ ਮਾਂ-ਬੋਲੀ ਦੀ ਝੋਲ਼ੀ ਪਾਉਣ ਲਈ ਕਵਿੱਤਰੀ ਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਮੁਬਾਰਕ ਦਿੰਦਾ ਹੋਇਆ ਇਸ ਕਲਮੀ-ਚਸ਼ਮੇ ਦੇ ਨਿਰੰਤਰ ਵਗਦਿਆਂ ਕਾਵਿਕ ਖੁਸ਼ਬੂਆਂ ਵਿਖੇਰਦੇ ਰਹਿਣ ਦੀਆਂ ਦੁਆਵਾਂ ਤੇ ਕਾਮਨਾਵਾਂ ਵੀ ਕਰਦਾ ਹਾਂ।

**-ਪ੍ਰੀਤਮ ਲੁਧਿਆਣਵੀ (ਚੰਡੀਗੜ੍ਹ) 9876428641**







# ਬੰਦੀਛੋੜ ਦਿਵਸ

## ਵੀਰਵਾਰ 4 ਨਵੰਬਰ 2021

ਸ਼੍ਰੀ ਸੁਖਮਨੀ ਸਾਹਿਬ ਪਾਠ ਸ਼ਾਮ 4:30 ਵਜੇ

ਕੀਰਤਨ ਦੀਵਾਨ ਸ਼ਾਮ 6:30 ਵਜੇ ਤੋਂ 8:00 ਵਜੇ ਤੱਕ

ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ
ਭਾਈ ਜਸਵਿੰਦਰ ਸਿੰਘ ਉੱਪਲ (ਕਵਿਸ਼ਰ)

ਆਪ ਜੀ ਨੂੰ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ

ਸੇਵਾ ਅਤੇ ਬੇਨਤੀ ਕਰਤਾ:
ਸ਼੍ਰੀ ਗੁਰਦਿਆਲ ਮੱਲ ਅਤੇ ਮੱਲ ਪਰਿਵਾਰ
ਸ਼੍ਰੀ ਵਰਿੰਦਰ ਕੁਮਾਰ ਢੰਡਾ ਅਤੇ ਢੰਡਾ ਪਰਿਵਾਰ
ਸ਼੍ਰੀ ਤਜਿੰਦਰ ਕੁਮਾਰ ਕੌਲਧਾਰ ਅਤੇ ਕੌਲਧਾਰ ਪਰਿਵਾਰ

ਸਥਾਨ: ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street, Rio Linda, CA 95673

ਗੁਰੂਘਰ ਦੀ ਉਸਾਰੀ ਅਧੀਨ ਇਮਾਰਤ ਅਤੇ ਸੇਵਾ ਬਾਰੇ ਜਾਣਕਾਰੀ ਲਈ ਸੰਪਰਕ:
ਸ਼੍ਰੀ ਤੇਜਪਾਲ ਵਿਰਕ (ਚੇਅਰਮੈਨ) 916-912-5678
ਸ਼੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ਼੍ਰੀ ਇੰਦਰਜੀਤ ਪੜਵੰਗਾ (ਜਨਰਲ ਸਕੱਤਰ) 916-276-2538
ਗੁਰੂਘਰ ਫ਼ੋਨ: (916) 992-1710

# ਭਾਰਤੀ ਸੁਪਰੀਮ ਕੋਰਟ ਨੇ ਸੂਬੇ ਦੇ ਪੈਗਾਸਸ ਸਪਾਈਵੇਅਰ ਦੀ ਵਰਤੋਂ ਦੀ ਜਾਂਚ ਦੇ ਹੁਕਮ ਦਿੱਤੇ



ਹਰਦੀਪ ਸਿੰਘ ਚੁੰਬਰ
91-94636-01616

ਭਾਰਤ ਦੀ ਸੁਪਰੀਮ ਕੋਰਟ ਨੇ ਇਸ ਸਵਾਲ ਦੀ ਇੱਕ ਸੁਤੰਤਰ ਕਮੇਟੀ ਜਾਂਚ ਦਾ ਹੁਕਮ ਦਿੱਤਾ ਹੈ ਕਿ ਕੀ ਸਰਕਾਰ ਨੇ ਗੈਰ-ਕਾਨੂੰਨੀ ਜਾਸੂਸੀ ਲਈ ਪੈਗਾਸਸ ਨਿਗਰਾਨੀ ਸਾਫਟਵੇਅਰ ਦੀ ਵਰਤੋਂ ਕੀਤੀ ਸੀ। ਬੁੱਧਵਾਰ ਦਾ ਫੈਸਲਾ ਵਿਰੋਧੀ ਧਿਰ, ਨਾਗਰਿਕ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਦੀ ਜਿੱਤ ਵਜੋਂ ਆਇਆ ਹੈ ਜੋ ਸਰਕਾਰ ਦੁਆਰਾ ਪੈਗਾਸਸ ਨਿਗਰਾਨੀ ਸਾਫਟਵੇਅਰ ਦੀ ਵਰਤੋਂ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਜਾਂਚ ਦੀ ਮੰਗ ਕਰ ਰਹੇ ਹਨ।ਕਮੇਟੀ ਵਿੱਚ ਤਿੰਨ ਸਾਈਬਰ ਸੁਰੱਖਿਆ ਮਾਹਿਰ ਸ਼ਾਮਲ ਹੋਣਗੇ ਅਤੇ ਇਸ ਦੇ ਕੰਮ ਦੀ ਨਿਗਰਾਨੀ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਕਰਨਗੇ। ਦੋ ਮਹੀਨਿਆਂ ਵਿੱਚ ਆਪਣੀ ਰਿਪੋਰਟ ਸੌਂਪੇਗੀ।

ਆਪਣੇ ਫੈਸਲੇ ਦੀ ਘੋਸ਼ਣਾ ਕਰਦੇ ਹੋਏ, ਜੱਜਾਂ ਨੇ ਰਾਸ਼ਟਰੀ ਸੁਰੱਖਿਆ ਦੇ ਆਧਾਰ 'ਤੇ ਸਾਫਟਵੇਅਰ ਦੀ ਵਰਤੋਂ ਕਿਸ ਲਈ ਅਤੇ ਕਿਉਂ ਕੀਤੀ ਗਈ ਸੀ, ਇਸ ਬਾਰੇ ਕੋਈ ਵੀ ਵੇਰਵੇ ਪ੍ਰਦਾਨ ਕਰਨ ਤੋਂ ਸਰਕਾਰ ਦੁਆਰਾ ਇਨਕਾਰ ਕਰਨ ਦੀ ਆਲੋਚਨਾ ਕੀਤੀ। ਉਸਨੇ ਕਿਹਾ ਕਿ ਦਿੱਲੀ ਨੇ "ਸਿਰਫ ਅਸਪਸ਼ਟ ਦੋਸ਼ਾਂ ਤੋਂ ਇਨਕਾਰ" ਦੀ ਪੇਸ਼ਕਸ਼ ਕੀਤੀ ਸੀ।"ਰਾਸ਼ਟਰੀ ਸੁਰੱਖਿਆ ਚਿੰਤਾਵਾਂ ਨੂੰ ਉਠਾਉਂਦੇ ਹੋਏ, ਰਾਜ ਨੂੰ ਹਰ ਵਾਰ ਮੁਫਤ ਪਾਸ ਨਹੀਂ ਮਿਲ ਸਕਦੇ। ਨਿਆਂਇਕ ਸਮੀਖਿਆ ਦੇ ਵਿਰੁੱਧ ਕੋਈ ਵੀ ਵਿਆਪਕ ਪਾਬੰਦੀ ਨਹੀਂ ਕਹੀ ਜਾ ਸਕਦੀ, "ਜੱਜਾਂ ਨੇ ਕਿਹਾ।

ਪੇਗਾਸਸ ਪ੍ਰੋਜੈਕਟ 'ਤੇ ਗਾਰਡੀਅਨ ਨਾਲ ਕੰਮ ਕਰਨ ਵਾਲੀ ਭਾਰਤ-ਅਧਾਰਤ ਗੈਰ-ਲਾਭਕਾਰੀ ਸੰਸਥਾ, ਦਿ ਵਾਇਰ ਵੈੱਬਸਾਈਟ ਦੇ ਸੰਸਥਾਪਕ-ਸੰਪਾਦਕ ਸਿਧਾਰਥ ਵਰਦਰਾਜਨ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। "ਇਹ ਚੰਗੀ ਸ਼ੁਰੂਆਤ ਹੈ। ਸੁਪਰੀਮ ਕੋਰਟ ਨੇ ਸਰਕਾਰ ਦੀ 'ਰਾਸ਼ਟਰੀ ਸੁਰੱਖਿਆ' ਦੀ ਦਲੀਲ ਨੂੰ ਖਰੀਦਣ ਤੋਂ ਇਨਕਾਰ ਕਰ ਦਿੱਤਾ ਹੈ।"ਭਾਰਤ ਵਿੱਚ ਵਿਰੋਧੀ ਧਿਰ ਨੇ ਨਰਿੰਦਰ ਮੋਦੀ ਸਰਕਾਰ 'ਤੇ ਪੈਗਾਸਸ ਪ੍ਰੋਜੈਕਟ ਦੀਆਂ ਰਿਪੋਰਟਾਂ ਨੂੰ ਲੈ ਕੇ ਦੇਸ਼ਧ੍ਰੋਹ ਅਤੇ "ਅਯੋਗ ਬੇਅਦਬੀ" ਕਰਨ ਦਾ ਦੋਸ਼ ਲਗਾਇਆ ਹੈ, ਜਿਸ ਵਿੱਚ




ਖੁਲਾਸਾ ਹੋਇਆ ਹੈ ਕਿ ਕਈ ਪੱਤਰਕਾਰਾਂ, ਕਾਰਕੁਨਾਂ ਅਤੇ ਇੱਕ ਚੋਣ ਰਣਨੀਤੀਕਾਰ ਨੇ ਆਪਣੇ ਫੋਨ ਨੰਬਰਾਂ ਵਿੱਚ 50,000 ਤੋਂ ਵੱਧ ਨੰਬਰਾਂ ਦੇ ਡੇਟਾ ਲੀਕ ਤੱਕ ਪਹੁੰਚ ਕੀਤੀ ਸੀ।

ਕਹਾਣੀਆਂ ਵਿੱਚ ਸੈਂਕੜੇ ਪ੍ਰਮਾਣਿਤ ਭਾਰਤੀ ਫੋਨ ਨੰਬਰਾਂ ਦਾ ਵੇਰਵਾ ਸਾਹਮਣੇ ਆਇਆ ਹੈ ਜੋ ਨੰਬਰਾਂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਲੀਕ ਹੋਏ ਰਿਕਾਰਡਾਂ ਵਿੱਚ ਦਿਖਾਈ ਦਿੰਦੇ ਹਨ। ਪੇਗਾਸਸ ਪ੍ਰੋਜੈਕਟ, ਇਜ਼ਰਾਈਲੀ ਸਪਾਈਵੇਅਰ ਨਿਰਮਾਤਾ, ਐਨਐਸਓਗਰੁੱਪ ਦੁਆਰਾ ਕੀਤੀ ਗਈ ਇੱਕ ਜਾਂਚ, ਦੀ ਅਗਵਾਈ 17 ਨਿਊਜ਼ ਆਊਟਲੇਟਾਂ ਦੇ ਇੱਕ ਸੰਘ ਦੁਆਰਾ ਕੀਤੀ ਗਈ ਸੀ ਜਿਸ ਵਿੱਚ ਦਿ ਗਾਰਡੀਅਨ, ਦ ਵਾਸ਼ਿੰਗਟਨ ਪੋਸਟ ਅਤੇ ਫ੍ਰੈਂਚ ਗੈਰ-ਲਾਭਕਾਰੀ ਫੋਬਿਡਨ ਸਟੋਰੀਜ਼ ਸ਼ਾਮਲ ਸਨ।

ਐਨਐਸਓਨੇ ਕਿਹਾ ਹੈ ਕਿ ਇਸਦਾ ਹੈਕਿੰਗ ਸਾਫਟਵੇਅਰ ਸਿਰਫ ਸਰਕਾਰੀ ਗਾਹਕਾਂ ਦੁਆਰਾ ਗੰਭੀਰ ਅਪਰਾਧ ਦੀ ਜਾਇਜ਼ ਜਾਂਚ ਲਈ ਵਰਤੋਂ ਲਈ ਹੈ। ਕੰਪਨੀ ਨੇ ਕਿਹਾ ਹੈ ਕਿ ਉਹ "ਭਰੋਸੇਯੋਗ ਜਾਣਕਾਰੀ" ਪ੍ਰਾਪਤ ਕਰਨ 'ਤੇ ਦੁਰਵਿਵਹਾਰ ਦੇ ਦੋਸ਼ਾਂ ਦੀ ਪੂਰੀ ਜਾਂਚ ਕਰਦੀ ਹੈ।

ਭਾਰਤ ਸਰਕਾਰ ਨੇ ਇਸ ਘੁਟਾਲੇ 'ਤੇ ਬਹੁਤ ਘੱਟ ਕਿਹਾ ਹੈ, ਵੱਡੇ ਪੱਧਰ 'ਤੇ ਆਪਣੇ ਆਪ ਨੂੰ ਦੇਸ਼ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਨ ਅਤੇ ਇਸ 'ਤੇ ਆਪਣੇ "ਭਾਰਤ ਵਿਰੋਧੀ ਏਜੰਡੇ" ਨਾਲ ਭਾਰਤੀ ਲੋਕਤੰਤਰ ਨੂੰ ਬਦਨਾਮ ਕਰਨ ਦਾ ਦੋਸ਼ ਲਗਾਉਣ ਤੱਕ ਸੀਮਤ ਹੈ।ਪਿਛਲੀਆਂ ਸੁਣਵਾਈਆਂ ਦੌਰਾਨ, ਸਰਕਾਰ ਨੇ ਮਾਹਿਰਾਂ ਦਾ ਆਪਣਾ ਪੈਨਲ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਬੁੱਧਵਾਰ ਨੂੰ ਜੱਜਾਂ ਦੁਆਰਾ ਇਸ ਨੂੰ ਰੱਦ ਕਰ ਦਿੱਤਾ ਗਿਆ, ਜਿਨ੍ਹਾਂ ਨੇ ਤਕਨਾਲੋਜੀ ਦੀ ਦੁਰਵਰਤੋਂ ਬਾਰੇ "ਓਰਵੇਲੀਅਨ ਚਿੰਤਾਵਾਂ" ਨੂੰ ਧਿਆਨ ਵਿੱਚ ਰੱਖਦੇ ਹੋਏ ਸੁਣਵਾਈ ਸ਼ੁਰੂ ਕੀਤੀ।

ਜੱਜਾਂ ਨੇ ਕਿਹਾ ਕਿ ਅੰਨ੍ਹੇਵਾਹ ਜਾਸੂਸੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਪ੍ਰੈਸ ਦੀ ਆਜ਼ਾਦੀ 'ਤੇ ਇਸ ਦੇ "ਠੰਢੇ" ਪ੍ਰਭਾਵ ਨੂੰ ਉਜਾਗਰ ਕੀਤਾ।ਉਸ ਨੂੰ "ਸੱਚਾਈ ਨੂੰ ਨਿਰਧਾਰਤ ਕਰਨ ਅਤੇ ਮੁੱਦੇ ਦੀ ਤਹਿ ਤੱਕ ਜਾਣ ਲਈ" ਮਜਬੂਰ ਕੀਤਾ ਗਿਆ ਸੀ, ਉਸਨੇ ਕਿਹਾ।

# ਸਮਰਪਿਤ ਹਾਂ ਅਸੀਂ, ਦਿਖਾਵੇ ਨੂੰ !!



ਅਸ਼ੋਕ ਸੋਨੀ
91-98727-05078

ਇਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਆਂ, ਕਿਸੇ ਪਿੰਡ ਚ ਸੁਰਿੰਦਰ ਸਿੰਘ ਉਰਫ ਛਿੰਦਾ ਨਾਮ ਦਾ ਸ਼ਖਸ ਰਹਿੰਦਾ ਸੀ, ਘਰ ਦੇ ਹਾਲਾਤ ਤਾਂ ਨਰਮ ਈ ਰਹਿੰਦੇ ਪਰ ਛਿੰਦਾ ਦਿਖਾਵਾ ਕਰਨ ਦੀ ਬੀਮਾਰੀ ਤੋਂ ਪੀੜ੍ਹਤ ਸੀ। ਕਿਸੇ ਛੜੇ ਦਾ ਰਿਸ਼ਤਾ, ਛਿੰਦੇ ਨੇਂ ਆਪਣੀ ਕਰਾਮਾਤ ਨਾਲ ਸਿਰੇ ਚਾੜ੍ਹ ਦਿੱਤਾ ਤਾਂ ਅਗਲਿਆਂ ਨੇ ਵੀ ਸੋਨੇ ਦਾ ਕੜਾ ਪਾ ਕੇ ਛਿੰਦੇ ਦਾ ਮੁੱਲ ਤਾਰਤਾ, ਪਰ ਕੌੜਤੁੰਮਾ ਵੀ ਤਾਂ ਮੱਝ ਈ ਪਚਾਉਂਦੀ ਏ, ਬਕਰੀਆਂ ਦੇ ਢਿੱਡੋਂ ਕੌੜਤੁੰਮੇ ਦੀਆਂ ਡਕਾਰਾਂ ਨ੍ਹੀਂ ਆਉਂਦੀਆਂ। ਛਿੰਦਾ ਜਬਰਦਸਤ ਉਤਸ਼ਾਹ ਚ ਆ ਗਿਆ ਕਿ ਪਿੰਡ ਚ ਮੇਰਾ ਪਾਇਆ ਕੜਾ ਦਿੱਸੇ, ਸਾਰੇ ਪਿੰਡਦੇ ਮੈਨੂੰ ਪੁੱਛਣ ਤੇ ਫੇਰ ਮੈਂ ਟੋਹਰ ਨਾਲ ਦੱਸਾਂ ਕਿ, ਸੋਨੇ ਦਾ ਏ, ਫੇਰ ਠੁੱਕ ਬਣਦੀ ਏ ਕਿ ਨ੍ਹੀਂ।

ਪਿੰਡ ਆ ਗਿਆ ਛਿੰਦਾ, ਠੰਡ ਇੰਨੀ,, ਓ ਹੋ ਹੋ,, ਰਹਿ ਰੱਬ ਦਾ ਨਾਂ, ਸੱਥ ਚ ਸਾਰੇ ਧੂਣੀ ਤਪੀ ਜਾਣ ਪਰ ਛਿੰਦਾ ਅੱਧੀ ਬਾਹਾਂ ਦੇ ਕੁੜਤੇ ਚ ਈ ਜਾ ਕੇ ਲੱਗ ਗਿਆ ਗੱਪਾਂ ਠੋਕਣ, ਜੇ ਕੰਬਲ ਉਪਰ ਲੈ ਲਿੰਦਾ ਤਾਂ ਕੜਾ ਸਵਾਹ ਦਿੱਸਣਾ ਸੀ, ਚੱਲੋ ਜੀ ਨਾਲੇ ਛਿੰਦਾ ਠੁਰੀ ਜਾਵੇ ਤੇ ਕੜੇ ਆਲੇ ਹੱਥ ਨੂੰ, ਧੱਕੇ ਨਾਲ ਈ ਬੇਲੋੜਾ ਹਿਲਾ-ਹਿਲਾ ਕੇ ਗੱਲਾਂ ਕਰੀ ਜਾਵੇ ਪਰ ਬਦਕਿਸਮਤੀ ਨਾਲ ਕਿਸੇ ਨੇਂ ਛਿੰਦੇ ਨੂੰ ਕੜੇ ਬਾਰੇ ਨਾਂ ਪੁੱਛਿਆ, ਛਿੰਦਾ ਇੰਨੀ ਠੰਡ ਚ ਪੂਰੇ ਪਿੰਡ ਚ ਚੱਕਰ ਲਾ-ਲਾ ਗੱਲਾਂ ਮਾਰ ਆਇਆ ਪਰ ਕਿਸੇ ਵੀ ਮਾਂ ਦੇ ਪੁੱਤ ਨੇਂ, ਕੜੇ ਬਾਰੇ ਨਾਂ ਪੁੱਛਿਆ। ਅਖੀਰ ਛਿੰਦੇ ਨੇ ਚੱਕਿਆ ਤੇਲ ਆਲਾ ਗੈਲਣ ਤੇ ਛਿੜਕ ਕੇ ਤੇਲ, ਆਪਣੇ ਘਰ ਨੂੰ ਈ ਅੱਗ ਲਾ ਦਿੱਤੀ, ਪੂਰਾ ਪਿੰਡ ਭੱਜਾ ਆਇਆ, ਕੜੀ ਮੁਸ਼ੱਕਤ ਤੋਂ ਬਾਅਦ ਪੂਰੇ ਪਿੰਡ ਨੇ ਮਸਾਂ ਅੱਗ ਤੇ ਕਾਬੂ ਪਾਇਆ। ਛਿੰਦੇ ਨੂੰ ਪਿੰਡ ਦੇ ਬਜ਼ੁਰਗ ਸਾਬਕਾ ਸਰਪੰਚ ਬੋਹੜ ਸਿੰਘ ਨੇ ਪੁੱਛਿਆ,"ਛਿੰਦੇ ਕਿੰਨਾ ਕੁ ਨੁਕਸਾਨ ਹੋਇਆ ਏ"? ਛਿੰਦੇ ਦੇ ਮੰਨ੍ਹ ਦੀ ਹੋ ਗਈ ਤੇ ਉਦਾਸੀ ਦੀ ਨਕਲੀ ਜਿਹੀ ਏਕਟਿੰਗ ਕਰਦਾ ਬੋਲਿਆ,"ਸਰਪੰਚ ਸਾਬ੍ਹ, ਸੱਭ ਕੁਝ ਸੜ ਗਿਆ, ਬਸ ਆਹ ਕੜਾ ਬਚਿਆ ਏ, ਸੋਨੇ ਦਾ ਏ, ਇਕ ਤੋਲੇ ਦਾ"। ਮੂਰਖਾਂ ਦੇ ਸਰਤਾਜ ਛਿੰਦੇ ਦੇ ਚਿਹਰੇ ਤੇ



ਜੇਤੂ ਮੁਸਕਾਨ ਸੀ।

ਆਹ ਤਾਂ ਸੀ ਗੱਲ ਛਿੰਦੇ ਦੀ, ਪਰ ਤੁਸੀਂ ਸੋਚੋ ਕਿ ਆਪਣੇ ਸਭ ਦੇ ਅੰਦਰ ਵੀ, ਕਿਸੇ ਕੋਨੇ ਚ, ਕੋਈ ਲੁਕਿਆ ਛਿੰਦਾ ਤਾਂ ਨ੍ਹੀਂ ਬੈਠਾ, ਜੀ ਹਾਂ , ਇਹ ਛੁਪਿਆ ਉੱਲੂ ਸਾਡੇ ਸਭ ਵਿੱਚ ਮੌਜੂਦ ਏ। ਦਿਖਾਵੇ ਲਈ ਆਪਾਂ ਆਪਣੀ ਔਕਾਤ ਚੋਂ ਬਾਹਰ ਜਾ ਕੇ, ਵੱਡੀਆਂ ਕੋਠੀਆਂ ਪਾਉਂਦੇ ਆਂ, ਵੱਡੀਆਂ ਗੱਡੀਆਂ, ਵਿਆਹਾਂ ਤੇ ਬੇਲੋੜੇ ਖਰਚੇ, ਮਹਿੰਗੇ ਮੋਬਾਈਲ, ਬ੍ਰਾਂਡੇਡ ਕੱਪੜੇ ਵਗੈਰਾ, ਫਾਲਤੂ ਸ਼ਾਪਿੰਗ ਬਸ ਕੀ-ਕੀ ਦੱਸਾਂ, ਦਰਅਸਲ ਲੋਕਾਂ ਦੇ ਦਾਖਾ-ਦੇਖੀ ਆਪਾਂ ਸਾਰੇ ਹੀਣਭਾਵਨਾ ਦੇ ਸ਼ਿਕਾਰ ਹੋ ਗਏ ਆਂ, ਜਿਸ ਕਰਕੇ ਆਹ ਅਨਮੋਲ ਜਿੰਦਗੀ ਆਪਾਂ, ਕਿਸ਼ਤਾਂ ਭਰਨ ਲਈ ਈ ਜੀਣ ਲੱਗ ਪੈਂਦੇ ਆਂ। ਜਿਆਦਾਤਰ,, ਮੁਲਾਜ਼ਮ ਆਪਣੀ ਤਨਖਾਹ ਦੇਖ ਇਸ ਜਾਲ ਚ ਫੱਸ ਜਾਂਦੇ ਨੇ ਉਥੇ ਹੀ, ਕਿਸਾਨ ਕੱਚੀ ਫਸਲ ਦੇਖ ਤੇ ਵਪਾਰੀ ਪਿਛਲਾ ਮੁਨਾਫਾ ਦੇਖ, ਬਾਕੀ ਔਕਾਤ ਤੋਂ ਵੱਧ ਕੇ ਖਰੀਦੀ ਕੋਈ ਵੀ ਚੀਜ ਸਿਰਫ ਸਾਂਭੀ ਹੀ ਜਾ ਸਕਦੀ ਏ, ਵਰਤੀ ਨ੍ਹੀਂ ਜਾ ਸਕਦੀ।

ਸਰਕਾਰੀ ਮਹਿਕਮਿਆਂ ਚ ਦਿਖਾਵੇ ਦੀ ਪ੍ਰਵਿਰਤੀ ਜਿਆਦਾਤਰ, ਬੰਦੇ ਦੇ ਰੈਂਕ ਅਨੁਸਾਰ ਵੱਧਦੇ ਕ੍ਰਮ ਚ ਚਲਦੀ ਏ, ਜਿੱਥੇ ਵਾਰ-ਵਾਰ ਆਪਣਾ ਵੱਡੇ ਅਹੁਦੇ ਦੇ ਦਿਖਾਵੇ ਲਈ ਨਿਰੰਤਰ, ਅਭਿਨੈ ਜਾਰੀ ਰਹਿੰਦਾ ਏ ਤਾਂ ਉੱਥੇ ਈ ਵੱਡੇ-ਵੱਡੇ ਰਾਜਨੇਤਾਵਾਂ, ਅਭਿ-ਨੇਤਾਵਾਂ, ਖਿਲਾੜੀਆਂ, ਲੇਖਕਾਂ ਤੇ ਪੱਤਰਕਾਰਾਂ ਦੇ ਵਿੱਚ ਦਾ ਛਿੰਦਾ, ਕਈ ਵਾਰ ਸ਼ਰੇਆਮ ਈ ਦਿਖਾਈ ਦੇ ਜਾਂਦਾ ਏ। ਅਸਲ ਚ ਦਿਖਾਵਾ ਹੁਣ ਇਕ ਵੱਡੀ ਮਹਾਂਮਾਰੀ ਦਾ ਰੂਪ ਧਾਰਣ ਕਰ ਚੁੱਕਾ ਏ।


ਅਖੌਤੀ ਸਮਾਜਸੇਵੀਆਂ ਤੇ ਛੁਟਭਈਏ ਲੀਡਰਾਂ ਦਾ ਛਿੰਦਾ, ਉਨਾਂ ਵੱਲੋਂ ਕੀਤੇ ਮਾਮੂਲੀ ਕੰਮਾਂ ਦੀਆਂ ਵੱਡੀਆਂ ਤਸਵੀਰਾਂ ਦੇ ਵਿੱਚੋਂ ਝਾਕਦਾ ਰਹਿੰਦਾ ਏ, ਤਾਂ ਉੱਥੇ ਈ ਆਪਣੀ ਠੁੱਕ ਬਣਾਉਣ ਲਈ ਦਾਨ ਕਰਨ ਆਲਿਆਂ ਦਾ ਛਿੰਦਾ ਵੀ ਪੱਥਰਾਂ ਤੇ ਲਿੱਖੇ ਨਾਮਾਂ ਵਿਚੋਂ ਸਾਫ ਦਿਖਾਈ ਦਿੰਦਾ ਏ। ਹਾਲਾਂਕਿ ਬਹੁਤ ਸਾਰੇ ਸਮਾਜ ਭਲਾਈ ਦੇ ਨੈਤਿਕ ਕੰਮਾਂ ਦਾ ਸਰਵਜਨਕ ਦਿਖਾਵਾ ਕਰਨਾ ਲਾਜ਼ਮੀ ਏ ਤਾਂ ਜੋ ਹੋਰ ਲੋਕ ਵੀ ਪ੍ਰੇਰਿਤ ਹੋਣ । ਬਾਕੀ ਮਤਲਬ ਦੇ ਇਸ ਕਾਲੇ ਦੌਰ ਚ ਸਾਡੇ ਜਿਆਦਾਤਰ ਮਿੱਤਰ, ਰਿਸ਼ਤੇਦਾਰ ਸਾਡਾ ਫਿਕਰ ਤਾਂ ਭਾਂਵੇ ਘੱਟ-ਵੱਧ ਈ ਕਰਦੇ ਹੋਣ ਪਰ ਮਦਦ ਕਰਨ ਦਾ ਦਿਖਾਵਾ ਕਰਨ ਆਲੀ ਹਨੇਰੀ ਲਿਆ ਦਿੰਦੇ ਨੇਂ। ਮੈਂ ਤਾਂ ਇਸ ਬੀਮਾਰੀ ਚੋਂ ਨਿਕਲਣ ਲਈ ਯਤਨਸ਼ੀਲ ਆਂ ਤੇ ਆਸ ਕਰਦਾ ਹਾਂ ਕਿ ਤੁਸੀਂ ਵੀ ਜਲਦੀ ਈ ਇਸ ਰੋਗ ਤੋਂ ਨਿਜਾਤ ਪਾ ਲਵੋਗੇ।

# ਕੰਢੀ ਦੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਡਾ. ਧਰਮਪਾਲ ਸਾਹਿਲ**
**ਪ੍ਰਕਾਸ਼ਕ: ਪੰਜਾਬੀ ਸੱਥ ਲਾਂਬੜਾ,**
**ਪੰਨੇ :114, ਮੁੱਲ-180/-**

ਡਾ. ਧਰਮਪਾਲ ਸਾਹਿਲ ਨੇ ਪੰਜਾਬੀ ਅਤੇ ਹਿੰਦੀ ਨਾਵਲਕਾਰੀ ਦੇ ਖੇਤਰ ਵਿਚ ਕੌਮੀ ਅਤੇ ਕੌਮਾਂਤਰੀ ਪੱਧਰ ਤਕ ਮੱਲਾਂ ਮਾਰੀਆਂ ਹਨ।ਅਨੇਕਾਂ ਮਾਣ ਸਨਮਾਨ ਉਸਨੂੰ ਖੁਦ ਅਤੇ ਉਸਦੀਆਂ ਪੁਸਤਕਾਂ ਨੂੰ ਮਿਲ ਚੁੱਕੇ ਹਨ।ਉਹ ਇਕ ਖੋਜੀ ਬਿਰਤੀ ਵਾਲਾ ਲੇਖਕ ਹੈ।ਅਸਲ ਵਿਚ ਉਹ ਇਕ ਮਨੋਵਿਗਿਆਨੀ ਵਾਂਗ ਆਪਣੇ ਪਾਤਰਾਂ ਅਤੇ ਰਚਨਾ ਦੀ ਸਿਰਜਣਾ ਕਰਦਾ ਹੈ।ਉਸਨੇ ਦਰਜਨਾਂ ਪੁਸਤਕਾਂ ਨਾਲ ਸਾਹਿਤਕ ਖੇਤਰ ਵਿਚ ਆਪਣਾ ਇਕ ਨਿਵੇਕਲਾ ਮੁਕਾਮ ਸਿਰਜ ਲਿਆ ਹੈ।ਹਰ ਪਲ ਇਕ ਚਸ਼ਮੇ ਵਾਂਗ ਵਗਦੇ ਰਹਿਣਾ ਉਸਦੀ ਸ਼ਖਸ਼ੀਅਤ ਦਾ ਖਾਸਾ ਹੈ।ਕੰਢੀ ਖੇਤਰ ਦੇ ਪਿੰਡ ਤੂੰਗ ਦਾ ਜੰਮਪਲ ਹੋਣ ਕਰਕੇ ਇਸ ਖੇਤਰ ਨਾਲ ਪਿਆਰ ਪਾਲਦਾ ਹੋਇਆ ਪਥਰਾਟ, ਕੁਆਰ ਝਾਤ ,ਖਿੜਨ ਤੋਂ ਪਹਿਲਾ ਅਤੇ ਮਣ੍ਹੇ ਆਦਿ ਨਾਵਲਾਂ ਦੀ ਸਿਰਜਣਾ ਕਰ ਚੁੱਕੇ ਹਨ।ਇਸ ਖੇਤਰ ਦੀ ਮਹਾਨਤਾ ਬਾਰੇ ਸਿਰਜੀ ਹੱਥਲੀ ਪੁਸਤਕ 'ਕੰਢੀ ਦੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ' ਤੇ ਰੌਸ਼ਨੀ ਪਾਉਂਦੀ ਹੋਈ ਸਾਨੂੰ ਇਸ ਇਲਾਕੇ ਨਾਲ ਦਿਲੋਂ ਜੋੜਦੀ ਹੈ।

ਲੇਖਕ ਇਸ ਇਲਾਕੇ ਦਾ ਹੋਣ ਕਰਕੇ ਇਸਦੇ ਭੂ ਖੰਡਾਂ ਬਾਰੇ ਬੜੀ ਗਹਿਰੀ ਜਾਣਕਾਰੀ ਪ੍ਰਦਾਨ ਕਰਦਾ ਹੈ।ਧਾਰਮਿਕ, ਸਾਹਿਤਕ, ਰਾਜਸੀ, ਸਮਾਜਿਕ, ਸੱਭਿਆਚਾਰਕ ਭਾਵ ਹਰ ਪਹਿਲੂ ਬਾਰੇ ਬੜੀ ਗੰਭੀਰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।ਲੇਖਕ ਅਨੁਸਾਰ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਥਾਂਵੇ ਕਿਸੇ ਜ਼ਮਾਨੇ ਸ਼ਿਵਾਲਿਕ ਦਰਿਆ ਵਗਦਾ ਸੀ।ਜਿਸ ਵਿਚ ਬ੍ਰਹਮਪੁੱਤਰ, ਗੰਗਾ ਅਤੇ ਸਿੰਧ ਦਰਿਆ ਮਿਲਦੇ ਸਨ।ਸ਼ਿਵਾਲਿਕ ਦਾ ਇਹ ਦਰਿਆ ਪੰਜਾਬ ਤੇ ਸਿੰਧ ਦਾ ਮਾਇਓਸੀਨ ਨਾਂ ਦੇ ਸਾਗਰ ਵਿਚ ਜਾ ਕੇ ਖਤਮ ਹੁੰਦਾ ਸੀ।ਸ਼ਿਵਾਲਿਕ ਦੀਆਂ ਪਹਾੜੀਆਂ ਦੀ ਚੌੜਾਈ ਤੇਰਾ ਚੌਦਾਂ ਕਿਲੋਮੀਟਰ ਅਤੇ ਲੰਬਾਈ ਲੰਬਾਈ ਢਾਈ ਸੌ ਕਿਲੋਮੀਟਰ ਦੇ ਕਰੀਬ ਹੈ।ਇਸਦੀ ਸਮੁੰਦਰੀ ਤਲ ਤੋਂ ਚਾਰ ਸੌ ਤੋਂ ਲੈ ਕੇ ਸੱਤ ਸੌ ਮੀਟਰ ਤਕ ਉਚੀਆਂ ਹਨ।ਇਹ ਕੰਢੀ ਖੇਤਰ ਸ਼ਾਹਪੁਰ




ਪਠਾਨਕੋਟ ਤੋਂ ਸ਼ੁਰੂ ਹੋ ਕੇ ਰੋਪੜ ਮੁਹਾਲੀ ਤਕ ਤਕ ਫੈਲ ਜਾਂਦਾ ਹੈ।ਇਸ ਨੀਮ ਪਹਾੜੀ ਖੇਤਰ ਦੇ ਨਾਮ ਇਲਾਕਿਆਂ ਵਿਚ ਬਦਲਦੇ ਜਾਂਦੇ ਹਨ।ਜਿਵੇਂ ਧਾਰ ਸ਼ਾਹਪੁਰ ਕੰਢੀ, ਬਚਵਈ (ਮੁਕੇਰੀਆਂ-ਭੰਗਲਾ) ਕੇਂਦਰੀ ਕੰਢੀ (ਹਾਜੀਪੁਰ ਤਲਵਾੜਾ ਤੋਂ ਢੋਲਬਾਹਾ ਜੌਨੜੀ)ਬੀਤ (ਗੜ੍ਹਸ਼ੰਕਰ ਤੋਂ ਨੰਗਲ) ਚੰਗਰ (ਸ੍ਰੀ ਆਨੰਦਪੁਰ ਦਾ ਪਹਾੜੀ ਖੇਤਰ )ਅਤੇ ਘਾੜ (ਰੋਪੜ ਮੁਹਾਲੀ) ਆਦਿ ਉਪ ਖੇਤਰਾਂ ਦੇ ਨਾਮ ਹਨ। ਪੁਸਤਕ ਨੂੰ ਪੜ੍ਹਦਿਆਂ ਕੁਦਰਤੀ ਨਜ਼ਾਰਿਆਂ ਦਾ ਅਲਾਹੀ ਆਨੰਦ ਮਿਲਦਾ ਹੈ।ਇਸ ਪੁਸਤਕ ਰਾਹੀਂ ਤੁਸੀਂ ਕੰਢੀ ਖੇਤਰ ਦੀ ਯਾਤਰਾ ਹੀ ਨਹੀਂ ਕਰਦੇ ਸਗੋਂ ਉਥੋਂ ਦੇ ਇਤਿਹਾਸ ਮਿਥਹਾਸ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਦੇ ਹੋਏ ਇਲਾਕੇ ਦੇ ਮਹਾਨ ਵਿਅਕਤੀਆਂ ਦੇ ਰੂਬਰੂ ਵੀ ਹੁੰਦੇ ਹੋ।ਜਿਹਨਾਂ ਲੋਕਾਂ ਨੇ ਇਸ ਖੇਤਰ ਵਿਚ ਸੰਦਲੀ ਪੈੜਾਂ ਪਾਈਆਂ ਨੇ ਉਹ ਇਸ ਖਿੱਤੇ ਦੇ ਯਾਦਗਾਰੀ ਸਤੰਭ ਹਨ।ਇਹਨਾਂ ਸਤ੍ਹਾਰਾਂ ਲੇਖਾਂ ਰਾਹੀਂ ਅਸੀਂ ਕੰਢੀ ਦੇ ਜਨ ਜੀਵਨ , ਲੋਕ ਬੋਲੀ, ਰਹਿਣ ਸਹਿਣ, ਜੜ੍ਹੀ ਬੂ-ਟੀਆਂ, ਅੰਬਾਂ ਦੇ ਬਾਗ, ਲੋਕ ਮਾਨਤਾਵਾਂ, ਪਹਾੜ, ਜੰਗਲ ,ਪਾਂਡਵ, ਮਿੱਟੀ ਦੀਆਂ ਕਿਸਮਾਂ, ਖੇਤੀ ਬਾੜੀ, ਪੂਜਾ ਸਥਲ ,ਮੇਲੇ ਅਤੇ ਡੇਰਿਆਂ ਬਾਰੇ ਬੜੀ ਕੀਮਤੀ ਜਾਣਕਾਰੀ ਹਾਸਲ ਕਰਦੇ ਹਾਂ।ਇਸ ਪੁਸਤਕ ਦਾ ਮਨੋਰਥ ਆਪਣੀ ਕੰਢੀ ਦੀ ਅਮੀਰ ਵਿਰਾਸਤ ਨੂੰ ਸੰਭਾਲਣਾ ਅਤੇ ਨਵੀਂ ਪਨੀਰੀ ਦੇ ਹਵਾਲੇ ਕਰਨਾ ਹੈ।ਅਮਰੀਕ ਸਿੰਘ ਦਿਆਲ ਵਰਗੇ ਲੇਖਕ ਬੀਤ ਇਲਾਕੇ ਤੇ ਵੀ ਇਹੋ ਜਿਹੀ ਪੁਸਤਕ ਦੀ ਸਿਰਜਣਾ ਕਰ ਸਕਦੇ ਹਨ।ਡਾ. ਧਰਮਪਾਲ ਸਾਹਿਲ ਨੇ ਆਪਣੀ ਮਹੀਨ ਨਿਗ੍ਹਾ ਨਾਲ ਜਨ ਜੀਵਨ ਦੀਆਂ ਗਹਿਰਾਈਆਂ ਦੀ ਥਾਹ ਪਾਉਂਦਿਆਂ ਹਾਕਮਾਂ ਨੂੰ ਸੁਚੇਤ ਕੀਤਾ ਹੈ ਕਿ ਜਿਸ ਬਾਰੇ ਡਾ. ਐਮ ਐਸ ਰੰਧਾਵਾ ਵਰਗੇ ਸੁਚੇਤ ਰਹੇ, ਕਿਸੇ ਜ਼ਮਾਨੇ ਰਾਜੇ ਮਹਾਰਾਜੇ ਵਿਚਾਰ ਕਰਦੇ ਰਹੇ ਤੇ ਤੁਸੀਂ ਕਿਉਂ ਭੁੱਲੀ ਬੈਠੇ ਹੋ।ਪਾਂਡਵਾਂ ਦੀ ਇਸ ਅਮੀਰ ਵਿਰਾਸਤ ਨੂੰ ਸੰਭਾਲਣ ਦਾ ਸੁਨੇਹਾ ਦਿੰਦੀ ਹੋਈ ਇਹ ਪੁਸਤਕ ਇਕ ਹਾਲਮਾ ਅੱਗੇ ਸਵਾਲ ਖੜਾ ਕਰਦੀ ਹੈ।ਇਹ ਪੁਸਤਕ ਕੰਢੀ ਖੇਤਰ ਦੀ ਰੌਚਕ ਅਤੇ ਕਮਾਲ ਦੀ ਪੇਸ਼ਕਾਰੀ ਹੋ ਨਿਬੜਦੀ ਹੈ।

# ਪੰਜਾਬ SC ਕਮਿਸ਼ਨ ਨੂੰ ਮਿਲੇ ਦੋ ਨਵੇਂ ਮੈਂਬਰ, ਚੰਦਰੇਸ਼ਵਰ ਮੋਹੀ ਨੇ ਸੰਭਾਲਿਆ ਚਾਰਜ

## ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਦੋ ਗੈਰ-ਸਰਕਾਰੀ ਮੈਂਬਰ ਨਿਯੁਕਤ ਕੀਤੇ ਗਏ

26 ਅਗਸਤ, 2021:ਪੰਜਾਬ ਸਰਕਾਰ ਨੇ ਅੱਜ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਦੋ ਗੈਰ-ਸਰਕਾਰੀ ਮੈਂਬਰ ਨਿਯੁਕਤ ਕੀਤੇ ਹਨ। ਫਿਰੋਜ਼ਪੁਰ ਸ਼ਹਿਰ ਦੇ ਪਰਮਿਲਾ ਪੁੱਤਰੀ ਮੋਹਨ ਸਿੰਘ ਅਤੇ ਚੰਦਰੇਸ਼ਵਰ ਸਿੰਘ ਮੋਹੀ ਪੁੱਤਰ ਡਾ। ਸਤਵੰਤ ਸਿੰਘ ਮੋਹੀ, ਪਟਿਆਲਾਨੂੰ ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਦਕਿ ਬਾਕੀ ਨਿਯਮ ਅਤੇ ਸ਼ਰਤਾਂ ਵੱਖਰੇ ਤੌਰ 'ਤੇ ਜਾਰੀ ਕੀਤੀਆਂ ਜਾਣਗੀਆਂ। ਚੰਦਰੇਸ਼ਵਰ ਸਿੰਘ ਮੋਹੀ ਨੇ 26 ਅਗਸਤ, 2021 ਨੂੰ ਬਤੌਰ ਮੈਂਬਰ ਅਹੁਦਾ ਸੰਭਾਲ ਲਿਆ ਹੈ।

ਅਨੁਸੂਚਿਤ ਜਾਤੀਆਂ ਲਈ ਰਾਸ਼ਟਰੀ ਕਮਿਸ਼ਨ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੇ ਅਧਿਕਾਰ ਖੇਤਰ ਅਧੀਨ ਇੱਕ ਭਾਰਤੀ ਸੰਵਿਧਾਨਕ ਸੰਸਥਾ ਹੈ, ਜਿਸ ਦੀ ਸਥਾਪਨਾ ਅਨੁਸੂਚਿਤ ਜਾਤੀਆਂ ਅਤੇ ਐਂਗਲੋ ਇੰਡੀਅਨ ਭਾਈਚਾਰਿਆਂ ਦੇ ਸ਼ੋਸ਼ਣ ਵਿਰੁੱਧ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਦੇ ਸਮਾਜਿਕ, ਵਿਦਿਅਕ ਖੇਤਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ। , ਆਰਥਿਕ ਅਤੇ ਸੱਭਿਆਚਾਰਕ ਹਿੱਤਾਂ ਲਈ ਸੰਵਿਧਾਨ ਵਿੱਚ ਵਿਸ਼ੇਸ਼ ਉਪਬੰਧ ਕੀਤੇ ਗਏ ਸਨ। ਭਾਰਤੀ ਸੰਵਿਧਾਨ ਦੀ ਧਾਰਾ 338 ਅਨੁਸੂਚਿਤ ਜਾਤੀਆਂ ਲਈ ਰਾਸ਼ਟਰੀ ਕਮਿਸ਼ਨ ਨਾਲ ਸਬੰਧਤ ਹੈ। ਧਾਰਾ 338 ਏ ਅਨੁਸੂਚਿਤ ਕਬੀਲਿਆਂ ਲਈ ਰਾਸ਼ਟਰੀ ਕਮਿਸ਼ਨ ਨਾਲ ਸੰਬੰਧਿਤ ਹੈ।

ਪੰਜਾਬ ਅਨੁਸੂਚਿਤ ਜਾਤੀਆਂ ਐਕਟ, 2004 ਲਈ ਕਮਿਸ਼ਨ (2004 ਦਾ ਐਕਟ 5) 27 ਮਾਰਚ, 2004 ਨੂੰ ਪੰਜਾਬ ਦੇ ਰਾਜਪਾਲ ਦੀ ਮਨਜ਼ੂਰੀ ਪ੍ਰਾਪਤ ਹੋਈ, ਅਤੇ ਪਹਿਲੀ ਵਾਰ 1 ਅਪ੍ਰੈਲ, 2004 ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਨ), ਵਿਧਾਨਿਕ ਸਪਲੀਮੈਂਟ ਵਿੱਚ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤੀ ਗਈ ਸੀ।



ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੇ ਹਿੱਤਾਂ ਦੀ ਰਾਖੀ ਅਤੇ ਸੁਰੱਖਿਆ ਦੇ ਉਦੇਸ਼ ਨਾਲ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਲਈ ਇੱਕ ਐਕਟ, ਉਹਨਾਂ ਦੀ ਭਲਾਈ ਅਤੇ ਵਿਕਾਸ ਲਈ ਉਪਚਾਰਕ ਉਪਾਵਾਂ ਦੀ ਸਿਫ਼ਾਰਸ਼ ਕਰਨ ਲਈ ਅਤੇ ਇਸ ਨਾਲ ਜੁੜੇ ਜਾਂ ਇਤਫਾਕਨ ਮਾਮਲਿਆਂ ਲਈ ਕਮਿਸ਼ਨ ਦੇ ਗਠਨ ਦੀ ਵਿਵਸਥਾ ਕਰਨ ਲਈਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਕਮਿਸ਼ਨ ਦਾ ਗਠਨ ਕੀਤਾ ਗਿਆ ਸੀ।

(ਏ) ਚੇਅਰਪਰਸਨ, ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਇੱਕ ਉੱਘੀ ਵਿਅਕਤੀ ਜਾਂ ਪੰਜਾਬ ਰਾਜ ਸਰਕਾਰ ਦਾ ਇੱਕ ਸੇਵਾਮੁਕਤ ਅਧਿਕਾਰੀ ਹੋਵੇਗਾ ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹੋਵੇ, ਜੋ ਪ੍ਰਮੁੱਖ ਸਕੱਤਰ ਦੇ ਦਰਜੇ ਤੋਂ ਘੱਟ ਨਾ ਹੋਵੇ, ਸਰਕਾਰ ਦੁਆਰਾ ਨਿਯੁਕਤ ਕੀਤਾ ਜਾਵੇਗਾ;

(ਅ) ਅਨੁਸੂਚਿਤ ਜਾਤੀਆਂ ਦੇ ਮੈਂ-ਬਰਾਂ ਵਿੱਚੋਂ ਤਿੰਨ ਤੋਂ ਵੱਧ ਗੈਰ-ਸਰਕ-ਾਰੀ ਮੈਂਬਰ ਨਹੀਂ ਹੋਣਗੇ, ਜਿਨ੍ਹਾਂ ਨੂੰ ਸਰਕਾਰ ਦੁਆਰਾ ਯੋਗਤਾ, ਇਮਾਨਦ-ਾਰੀ ਅਤੇ ਰੁਤਬੇ ਵਾਲੇ ਵਿਅਕਤੀਆਂ ਿ ਵ ੱ ਚ ੋ ਂ ਨਿਯੁਕਤ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੇ ਅਨੁਸੂਚਿਤ ਜਾਤੀਆਂ ਦੀ ਭਲਾਈ ਅਤੇ ਉੱਨਤੀ ਲਈ ਸੇਵਾ ਕੀਤੀ ਹੈ। : ਬਸ਼ਰਤੇ ਕਿ ਤਿੰਨ ਮੈਂਬਰਾਂ ਵਿੱਚੋਂ, ਇੱਕ ਔਰਤ ਹੋਵੇਗੀ;

(ਏ) ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ, ਪਦ-ਅਧਿਕਾਰਤ ਮੈਂਬਰ ਹੋਵੇਗਾ;

(ਸ) ਡਾਇਰੈਕਟਰ, ਸਥਾਨਕ ਸਰਕਾਰਾਂ, ਪੰਜਾਬ, ਕਾਰਜਕਾਰੀ ਮੈਂਬਰ ਹੋਵੇਗਾ;

(ਹ) ਨਿਰਦੇਸ਼ਕ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਪੰਜਾਬ, ਅਹੁਦੇ ਦਾ ਮੈਂਬਰ ਹੋਵੇਗਾ; ਅਤੇ

(ਕ) ਇੱਕ ਮੈਂਬਰ-ਸਕੱਤਰ, ਜੋ ਕਿ ਸਰਕਾਰ ਦੁਆਰਾ ਭਾਰਤੀ ਪ੍ਰਸ਼ਾਸਨਿਕ ਸੇਵਾ ਜਾਂ ਪੰਜਾਬ ਸਿਵਲ ਸੇਵਾ ਦੇ ਅਧਿਕਾਰੀਆਂ ਵਿੱਚੋਂ ਨਿਯੁਕਤ ਕੀਤਾ ਜਾਵੇਗਾ, ਜੋ ਕਿ ਕਿਸੇ ਵਧੀਕ ਸਕੱਤਰ ਦੇ ਦਰਜੇ ਤੋਂ ਘੱਟ ਨਹੀਂ ਹੈ। ਅਹੁਦੇ ਦੀ ਮਿਆਦ ਅਤੇ ਚੇਅਰਪਰਸਨ ਅਤੇ ਮੈਂਬਰਾਂ ਦੀ ਸੇਵਾ ਦੀਆਂ ਸ਼ਰਤਾਂ।



ਹਰਦੀਪ ਸਿੰਘ ਚੁੰਬਰ
91-94636-01616

4। (1) ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰ ਤਿੰਨ ਸਾਲਾਂ ਦੀ ਮਿਆਦ ਲਈ ਅਹੁਦਾ ਸੰਭਾਲਣਗੇ:

ਬਸ਼ਰਤੇ ਕਿ ਜਿੱਥੇ ਚੇਅਰਪਰਸਨ ਉਪਰੋਕਤ ਤਿੰਨ ਸਾਲਾਂ ਦੀ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਸੱਠ-ਪੰਜਾਹ ਸਾਲ ਦੀ ਉਮਰ ਨੂੰ ਪ੍ਰਾਪਤ ਕਰ ਲੈਂਦਾ ਹੈ, ਉਹ ਉਸ ਦਿਨ ਆਪਣਾ ਅਹੁਦਾ ਛੱਡ ਦੇਵੇਗਾ, ਜਿਸ ਦਿਨ ਉਹ ਅਜਿਹੀ ਉਮਰ ਨੂੰ ਪ੍ਰਾਪਤ ਕਰਦਾ ਹੈ।

(2) ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰ, ਕਿਸੇ ਵੀ ਸਮੇਂ, ਸਰਕਾਰ ਨੂੰ ਲਿਖ ਕੇ ਅਤੇ ਸੰਬੋਧਿਤ ਕਰਕੇ, ਚੇਅਰਪਰਸਨ ਦੇ ਅਹੁਦੇ ਜਾਂ ਮੈਂਬਰ ਦੇ ਅਹੁਦੇ ਤੋਂ ਅਸਤੀਫਾ ਦੇ ਸਕਦੇ ਹਨ, ਜਿਵੇਂ ਕਿ ਸਥਿਤੀ ਹੋਵੇ।

ਇਸ ਤਰਾਂ ਇਹ ਪੰਜਾਬ ਸਰਕਾਰ ਦਾ 13 ਪੰਨਿਆਂ ਦਾ ਐਕਟ ਜੋ ਪੰਜਾਬ ਅਨੁਸੂਚਿਤ ਜਾਤੀਆਂ ਐਕਟ, 2004 ਲਈ ਕਮਿਸ਼ਨ (2004 ਦਾ ਐਕਟ 5) ਹੈ ਜਿਸ ਨੂੰ ਪੰਜਾਬ ਦੇ ਰਾਜਪਾਲ ਨੇ 27 ਮਾਰਚ, 2004 ਨੂੰ ਮਨਜੂਰੀ ਦੇ ਕੇ ਪਾਸ ਕਰ ਦਿਤਾ ਸੀ ਅਤੇ ਅਤੇ ਇਹ 1 ਅਪਰੈਲ 2004 ਨੂੰ ਪੰਜਾਬ ਵਿੱਚ

# ਕੈਪਟਨ ਅਮਰਿੰਦਰ ਸਿੰਘ ਦੀ ਆਲੋਚਨਾ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਹਿੱਤ ਵੇਚ ਦਿੱਤੇ

## ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ 26 ਅਕਤੂਬਰ ਬੁੱਧਵਾਰ ਨੂੰ ਇਕ ਵਾਰ ਫਿਰ ਇਕ-ਦੂਜੇ 'ਤੇ ਤਲਵਾਰਾਂ ਲਹਿਰਾਉਂਦੇ ਨਜ਼ਰ ਆਏ। ਦੋਵਾਂ ਨੇਤਾਵਾਂ ਨੇ ਟਵਿੱਟਰ 'ਤੇ ਇਕ-ਦੂਜੇ 'ਤੇ ਹਮਲਾ ਕਰਨ ਲਈ ਸ਼ਬਦਾਂ ਨੂੰ ਘੱਟ ਨਹੀਂ ਕੀਤਾ।

**ਹਰਦੀਪ ਸਿੰਘ ਚੁੰਬਰ**

27 ਅਕਤੂਬਰ ਦੇ ਟਵਿਟਰ ਵਾਰ ਵਿੱਚ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿਕੈਪਟਨ ਅਮਰਿੰਦਰ ਸਿੰਘ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਹਿੱਤ ਵੇਚ ਦਿੱਤੇ ਹਨ, ਜੇ ਕਰ ਇਸ ਗੱਲ ਨੂੰ ਸੱਚ ਹੀ ਮੰਨ ਲਈਏ ਤਾਂ ਸਵਾਲ ਬਣਦਾ ਹੈ ਪੰਜਾਬ ਦੇ 78 ਐਮਐਲਏ ਵੀ ਸਹਿਮਤ ਹੀ ਸਨ ਉਸ ਨਾਲ, ਕੇਵਲ ਨਵਜੋਤ ਸਿੰਘ ਸਿੱਦੂ ਨੇ ਹੀ ਬਗਾਵਤ ਕੀਤੀ ਬਾਕੀ ਕਿਸੇ ਨੇ ਵੀ ਪੰਜਾਬ ਦੇ ਹਿਤਾਂ ਦਾ ਧਿਆਨ ਰਖਦੇ ਹੋਏ ਅਵਾਜ ਨਹੀਂ ਉਠਾਈ, ਉਹਨਾ ਨੂੰ ਪੰਜਾਬ ਨਾਲੋਂ ਆਪਣੇ ਨਿਜੀ ਹਿੱਤ ਵਧੇਰੇ ਪਿਆਰੇ ਸਨ। ਸਾਢੇ ਚਾਰ ਸਾਲ ਉਹ ਜਨਤਾ ਦੇ ਗਾਹੜੇ ਸੀਨੇ ਦੀ ਕਮਾਈ ਉੱਤੇ ਐਸ਼ ਕਰਦੇ ਰਹੇ।



ਸਾਢੇ ਚਾਰ ਸਾਲਾਂ ਬਾਅਦ ਅਗਰ ਉਹਨਾ ਨੇ ਮਹਿਸੂਸ ਕੀਤਾ ਕਿ ਕਾਂਗਰਸ ਦੀ ਕਾਰਗੁਜਾਰੀ ਨੂੰ ਲੋਕ ਪਸੰਦ ਨਹੀਂ ਕਰ ਰਹੇ ਤਾਂ ਇੱਕ, ਦੋ, ਤਿੰਨ ਅਤੇ ਚਾਰ ਸਾਲ ਬਾਅਦ ਵਾ ਨਹੀਂ ਸਾਢੇ ਚਾਰ ਸਾਲ ਬਾਅਦ ਹੀ ਕਿਉਂ ਅੱਖ ਖੁੱਲੀ ਹੈ, ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਜਾ ਕੇ ਕਾਂਗਰਸ ਦੇ ਕਿਸੇ ਨਵੇਂ ਕਾਂਗਰਸੀ ਨੂੰ ਮੁੱਖ ਮੰਤਰੀ ਬਨਾਉਣ ਲਈ ਵੋਟ ਕਰਨ ਦੀ। ਇਸ ਤੋਂ ਕਾਂਗਰਸ ਦੇ ਨੇਤਾਵਾਂ ਦੀ ਗੁਲਾਮ ਮਾਨਸ਼ਿਕਤਾ ਦਾ ਪਤਾ ਲਗਦਾ ਹੈ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸੀ ਉਸ ਦੀ ਜੈਸ ਸਰ, ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਨੇ ਮੁਦਿਆਂ ਦੀ ਤਲਵਾਰ ਉਠਾ ਕੇ ਘੁਮਾਈ, ਗਾਂਗਰਸ ਦੀ ਕੇਂਦਰੀ ਟੀਮ ਦੀ ਜਾਗ ਖੁੱਲੀ, ਐਮਐਲਏ ਦਿੱਲੀ ਬੁਲਾਏ, ਆਪਣੇ ਡੁਬਦੇ ਭਵਿੱਖ ਨੂੰ ਦੇਖ ਕੇ ਨਵੇਂ ਪੈਂਤੜੇ ਨੂੰ ਸਹਿਮਤੀ ਦਿੱਤੀ, ਮੁੱਖਮ-ਤਰੀ ਨਵਾਂ ਬਣਾਇਆ ਜਾਵੇ। ਇਹ ਉਹਨਾ ਦਾ ਕੁਰਸੀ ਪਿਆਰ ਦੇ ਕਾਰਨ ਹੀ ਹੈ, ਇਸ ਦਾ ਪੰਜਾਬ ਦੇ ਹਿਤਾਂ ਨਾਲ ਕੋਈ ਲੈਣਾ ਦੇਣ ਨਹੀਂ ਹੈ।

ਜਿੰਨਾ ਸਾਫਗੋਈ ਨਾਲ ਨਵਜੋਤ ਸਿੱਧੂ ਚਲਣ ਦੀ ਗਲ ਕਰ ਰਹੇ ਹਨ, ਉਹ ਕੁਰਸੀ ਲੈਣ ਤੱਕ ਤਾਂ ਸਹੀ ਸਿੱਧ ਨਹੀਂ ਹੋ ਸਕਦਾ ਹੈ। ਅਗਰ ਇਹ ਹੀ ਕਾਫੀ ਹੁੰਦਾ ਤਾਂ ਕਾਂਗਰਸ ਦੀ ਕੇਂਦਰੀ ਟੀਮ ਨੇ ਮੁੱਖ ਮੰਤਰੀ ਦੇ ਔਹਦੇ ਦਾ ਤਾਜ ਸਿੱਧੂ ਦੇ ਸਿਰ ਉੱਤੇ ਹੀ ਸਜਾਉਣਾ ਸੀ। ਕਾਂਗਰਸ ਵਿੱਚ ਸਿੱਧੂ ਦੀ ਤਰਾਂ ਸੋਚ ਰਖਣ ਵਾਲੇ ਅਤੇ ਸਾਫ ਸੁਥਰੀ ਅਤੇ ਦਮ ਰਖਣ ਵਾਲੀ ਸ਼ਵੀ ਵਾਲੇ 78 ਵਿੱਚੋਂ 60 ਵੀ ਐਮਐਲਏ ਨਹੀਂ ਸਨ, ਜਿਹੜੇ ਦਿੱਲੀ ਕਾਂਗਰਸ ਦੇ ਦਰਬਾਰ ਵਿੱਚ ਉਸ ਦੀ ਦਾਵੇਦਾਰੀ ਨਾਲ ਖੜਦੇ ਅਤੇ ਸਿੱਧੂ ਲਈ ਲੜਦੇ। ਉਹ ਕੇਂਦਰੀ ਕਾਰਜ ਕਰਤਾ ਉੱਤੇ ਦਬਾਅ ਬਣਾ ਸਕਦੇ ਸਨ, ਸ਼੍ਰੀ ਮਤੀ ਸੋਨੀਆਂ ਗਾਂਧੀ ਨੂੰ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਸਨ। ਸਿੱਧੂ ਸਾਹਬ ਦੇ ਸਹੀ ਮੁੱਦਿਆ ਨੂੰ ਕਾਂਗਰਸ ਦੇ ਵਿਧਾਇਕਾਂ ਦੀ ਘੱਟ ਗਿਣਤੀ ਸਪੋਰਟ ਕਰਦੀ ਸੀ। ਵਿਧਾਇਕਾਂ ਨੂੰ ਭਵਿੱਖ ਵਿੱਚ ਵਿਧਾਇਕੀ ਮਿਲਣ ਦੀ ਖੋਜ, ਸਾਢੇ ਚਾਰ ਸਾਲਾਂ ਵਿੱਚ ਹੀ ਜਨਤਾ ਦਾ ਕਾਂਗਰਸ ਤੋਂ ਮੋਹ ਭੰਗ ਹੋਣ ਦਾ ਡਰ ਹੀਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਔਹਦੇ ਤੋਂ ਉਤਾਰਨ ਲਈ ਕਾਫੀ ਸੀ। ਉਹਨਾ ਨੂੰ ਸਿੱਧੂ ਸਾਹਬ ਦੀ ਮੱਦਿਆਂ ਦੀ ਗੱਲ ਨਾਲ ਸਹਿਮਤੀ ਤਾਂ ਸੀ ਪਰ ਉਹਨਾ ਅੰਦਰੋਂ ਉਸ ਨੂੰ ਮੁੱਖ ਮੰਤਰੀ ਬਨਾਉਣ ਲਈ ਦਮ ਨਹੀਂ ਭਰਿਆ, ਇਹ ਹੀ ਕਾਰਨ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਨਾਉਣ ਵਿੱਚ ਸਹੀ ਸਿੱਧ ਹੋਇਆ। ਇਸ ਸਬੰਧ ਵਿੱਚ ਉਸ ਨੂੰ ਵਿਚਾਰ ਕਰਨਾ ਹੋਵੇਗਾ।

ਮੁੱਖ ਮੰਤਰੀ ਨਾਂ ਬਣਨ ਦਰਦ ਤਾਂ ਨਵਜੋਤ ਸਿੰਘ ਸਿੱਧੂ ਨੂੰ ਬਾਰਬਾਰ ਭੁਲਾਇਆਂ ਨਹੀਂ ਭੁੱਲਦਾ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਔਹਦੇ ਤੋਂ ਉਤਾਰਨ ਦਾ ਸਾਰਾ ਸ਼ਿਹਰਾ ਹੀ ਉਸ ਨੂੰ ਜਾਂਦਾ ਹੈ। ਕੈਪਟਨ ਸਾਹਬ ਦਾ ਕੇਂਦਰ ਸਰਕਾਰ ਤਾਲਮੇਲ ਰਖਣਾ ਉਸ ਦੇ ਦੇ ਭਵਿੱਖ ਦੀ ਰਾਜਨੀਤੀ ਦਾ ਹਿੱਸਾ ਮੰਨਦੇ ਹਨ। ਅਕਾਲੀ ਦਲ ਨਾਲ ਨਰਮ ਰੁੱਖ ਹੋਣਾ ਕੈਪਟਨ ਅਮਰਿੰਦਰ ਸਿੰਘ ਅਤੇ ਪੁਰਾਂਣੇ ਸਮੇਂ ਕਾਂਗਰਸ ਸਰਕਾਰ ਦੇ ਘੋਟਾਲਿਆਂ ਦੇ ਦੋਸ਼ਾਂ ਪ੍ਰਤੀ ਪਿਛਲੀ ਅਕਾਲੀ ਸਰਕਾਰ ਦੀ ਨਰਮੀ ਰਖਣ ਦੇ ਅਹਿਸਾਨਾ ਦਾ ਬਦਲਾ ਮੋੜਿਆ ਹੈ। ਇਸ ਲਈ ਉਹ ਕਾਰਵਾਈ ਕਰਨ ਤੋਂ ਕਿਨਾਰਾ ਕਰਦੇ ਬੇਅਦਬੀ ਮਾਮਲੇ ਵਿੱਚ ਕਮਿਸ਼ਨ ਉੱਤੇ ਕਮਿਸ਼ਨ ਬਣਾਉਂਦੇ ਮਸਲੇ ਲਟਕਾਉਂਦੇ ਰਹੇ।

ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਦੇ ਸਾਢੇ ਚਾਰ ਸਾਲ ਦੇ ਕੰਮ ਵਿੱਚ ਪਛੜ ਜਾਣ ਕਾਰਨ ਉਸ ਦੀ ਭਰਪਾਈ ਲਾਈ ਅੱਗ ਦੇ ਢੇਰ ਉੱਤੇ ਬਿਠਾਇਆ ਗਿਆ ਹੈ। ਜੋ ਕੰਮ ਪੰਜ ਸਾਲ ਵਿੱਚ ਸਰਕਾਰ ਨੇ ਕਰਨੇ ਹੁੰਦੇ ਹਨ ਉਹ ਜਾ ਕਹਿ ਲਈਏ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨਾ ਹੁੰਦਾ ਹੈ, ਆਖਰੀ ਛੇ ਮਹੀਨਿਆਂ ਵਿੱਚ ਕਿਵੇਂ ਪੂਰੇ ਕਰੇ ਜਾ ਸਕਦੇ ਹਨ। ਉਹ ਵਿ ਉਸ ਸਮੇਂ ਦੋ ਪੰਜਾਬ ਦਾ ਵਿੱਤ ਮੰਤਰੀ ਸਾਲਾਂ ਤੋਂ ਖਜਾਨਾ ਖਾਲੀ ਦਾ ਰੌਲ਼ਾ ਪਾਉਂਦਾ ਆ ਰਿਹਾ ਹੋਵੇ। ਇਹੋ ਜਿਹਾ ਕੰਡਿਆਂ ਦਾ ਤਾਜ ਪਹਿਨ ਕੇ ਮੌਜੂਦਾ ਮੁੱਖ ਮੰਤਰੀ ਕੰਮ ਕਰ ਰਹੇ ਹਨ, ਲੇਕਿਨ ਮਾੜੇ ਹਾਲਾਤਾਂ ਦੇ ਹੋਣ ਦੇ ਬਾਵਜੂਦ ਬਹੁਤ ਸੋਹਣੀ ਕਾਰਗਜਾਰੀ ਹੈ ਉਹਨਾ ਦੀ। ਇਸ ਤੋਂ ਉਹਨਾ ਦੀ ਸ਼ਵੀ ਹੋਰ ਚਮਕੀ ਹੈ, ਅਤੇ ਉਹਨਾ ਦੇ ਕੰਮ ਕਾਰਨ ਕੁੱਝ ਭਰੋਸਾ ਵੀ ਵਧਿਆ ਹੈ।

ਸਿੱਧੂ ਸਾਹਬ ਲਗਾਤਾਰ ਸਾਬਕਾ ਮੁੱਖ ਮੰਤਰੀ ਉੱਤੇ ਹਮਲੇ ਕਰ ਰਹੇ ਹਨ, ਉਹਨਾ ਟਵੀਟਾਂ ਦੀ ਇੱਕ ਲੜੀ ਵਿੱਚ, ਸਿੱਧੂ ਨੇ ਕਿਹਾ: “ਅਸੀਂ ਕਾਂਗਰਸ ਦੇ 78 ਵਿਧਾਇਕ ਕਦੇ ਕਲਪਨਾ ਵੀ ਨਹੀਂ ਕਰ ਸਕਦੇ ਕਿ ਸਾਨੂੰ ਕੀ ਮਿਲਿਆ - ਇੱਕ ਬਾਂਹ ਮਰੋੜਿਆ, ਈਡੀ ਦੁਆਰਾ ਨਿਯੰਤਰਿਤ ਪੰਜਾਬ ਦਾ ਭਾਜਪਾ-ਵਫ਼ਾਦਾਰ ਮੁੱਖ ਮੰਤਰੀ ਜਿਸ ਨੇ ਆਪਣੀ ਚਮੜੀ ਬਚਾਉਣ ਲਈ ਪੰਜਾਬ ਦੇ ਹਿੱਤਾਂ ਨੂੰ ਵੇਚ ਦਿੱਤਾ! ਤੁਸੀਂ ਪੰਜਾਬ ਦੇ ਨਿਆਂ ਅਤੇ ਵਿਕਾਸ ਨੂੰ ਰੋਕਣ ਵਾਲੀ ਨਕਾਰਾਤਮਕ ਸ਼ਕਤੀ ਸੀ।"

ਉਸਨੇ ਅੱਗੇ ਟਵੀਟ ਕੀਤਾ: "ਕੀ ਤੁਹਾਨੂੰ ਚੰਗੇ ਸ਼ਾਸਨ ਲਈ ਗੈਰ ਰਸਮੀ ਤੌਰ 'ਤੇ ਸੁੱਟ ਦਿੱਤਾ ਗਿਆ ਸੀ? ਅਤੇ 18-ਨੁਕਾਤੀ ਏਜੰਡੇ ਨੇ ਪੰਜਾਬ ਦੇ ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਮੁੱਖ ਮੰਤਰੀ ਦੇ ਗਲੇ ਨੂੰ ਹਿਲਾ ਦਿੱਤਾ ।ਤੁਹਾਨੂੰ ਪੰਜਾਬ ਦੇ ਸਿਆਸੀ ਇਤਿਹਾਸ ਦੇ ਜੈਚੰਦ ਵਜੋਂ ਯਾਦ ਕੀਤਾ ਜਾਵੇਗਾ।"

ਸਾਬਕਾ ਮੁੱਖ ਮੰਤਰੀ ਵੱਲੋਂ ਪਾਰਟੀ ਬਣਾਉਣ 'ਤੇ ਸਿੱਧੂ ਨੇ ਕਿਹਾ, "ਪਿਛਲੀ ਵਾਰ ਜਦੋਂ ਤੁਸੀਂ ਆਪਣੀ ਪਾਰਟੀ ਬਣਾਈ ਸੀ, ਤਾਂ ਤੁਸੀਂ ਸਿਰਫ 856 ਵੋਟਾਂ ਹਾਸਲ ਕਰਕੇ ਆਪਣੀ ਵੋਟ ਹਾਰ ਗਏ ਸੀ।। ਲੋਕ ਫਿਰ ਤੋਂ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਨ ਲਈ ਤੁਹਾਨੂੰ ਸਜ਼ਾ ਦੇਣ ਦੀ ਉਡੀਕ ਕਰ ਰਹੇ ਹਨ!" ਜਵਾਬੀ ਹਮਲਾ ਕਰਦੇ ਹੋਏ, ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕੀਤਾ: “ਤੁਹਾਡੇ ਕੋਲ ਆਪਣਾ ਪੈਰ ਆਪਣੇ ਮੂੰਹ ਵਿੱਚ ਪਾਉਣ ਦੀ ਕਲਾ ਹੈ! ਜਿਨ੍ਹਾਂ 856 ਵੋਟਾਂ ਦਾ ਤੁਸੀਂ ਮਜ਼ਾਕ ਉਡਾ ਰਹੇ ਹੋ, ਮੈਂ ਖਰੜ ਤੋਂ ਨਾਮਜ਼ਦਗੀ ਵਾਪਸ ਲੈਣ ਤੋਂ ਬਾਅਦ ਵੀ ਆਈਆਂ ਕਿਉਂਕਿ ਮੈਂ ਸਮਾਣਾ ਤੋਂ ਬਿਨਾਂ ਮੁਕਾਬਲਾ ਜਿੱਤਿਆ ਸੀ। ਤਾਂ ਇਹ ਕੀ ਦਿਖਾਉਂਦਾ ਹੈ? ਜਾਂ ਕੀ ਤੁਸੀਂ ਸਮਝ ਨਹੀਂ ਸਕਦੇ ਹੋ।

ਉਸਨੇ ਅੱਗੇ ਕਿਹਾ: "ਤਾਂ ਤੁਸੀਂ ਸਾਰਾ ਦਿਨ ਮੇਰੇ 'ਤੇ ਹਮਲਾ ਕਰਕੇ ਆਪਣਾ ਸਮਾਂ ਬਰਬਾਦ ਕਰਨ ਦੀ ਬਜਾਏ ਆਪਣੇ ਕੰਮ 'ਤੇ ਧਿਆਨ ਕਿਉਂ ਨਹੀਂ ਦਿੰਦੇ?

ਜਦੋਂ ਤੱਕ ਤੁਸੀਂ @ਿਛਫੁਨਜਅਬ ਨੂੰ ਤਬਾਹ ਨਹੀਂ ਕਰ ਲੈਂਦੇ ਉਦੋਂ ਤੱਕ ਆਰਾਮ ਨਾ ਕਰਨ ਦਾ ਮਨ ਬਣਾ ਲਿਆ ਹੈ। ਅਤੇ ਜੇਕਰ ਅਜਿਹਾ ਹੈ ਤਾਂ ਤੁਸੀਂ ਸਿਰਫ਼ ਮੇਰੇ ਕੰਮ ਨੂੰ

## ਇੱਕੋ ਨਿਸ਼ਾਨਾ-ਤਿੰਨ ਕਾਨੂੰਨ !

ਫੁੱਟ ਪਾਉਣ ਵਾਲਿਆਂ ਨੇ ਟਿੱਲ ਲਾਇਆ ਏ
'ਸੰਯੁਕਤ' ਚਾਹੁੰਦੇ ਨੇ ਹੋਣ ਭਿੰਨ ਭਿੰਨ ਜੀ।
ਮੱਥੇ 'ਤੇ ਕਲੰਕ ਲਾਉਣਾ ਇਤਿਹਾਸ ਨੇ
ਮੱਕਾਰੀ ਤੇ ਗੱਦਾਰੀ ਕਰੀ ਜਿਨ ਜਿਨ ਜੀ।
ਸਾਜ਼ਿਸ਼ਾਂ ਹਕੂਮਤੀ ਜ਼ਬਰ ਸਹਿੰਦਿਆਂ
ਦਿਲਾਂ 'ਚ ਵਸਾਉ ਜਿੱਤ ਵਾਲਾ ਚਿੰਨ੍ਹ ਜੀ।
ਨਕਲੀ 'ਹਮਾਇਤੀਆਂ' ਦੀ ਤਾੜ ਰੱਖਿਉ
ਪਲ਼ਦੇ ਨਾ ਰਹਿਣ ਧਾਨਾ ਨਾਲ਼ ਧਿੰਨ ਜੀ।
ਜੋਸ਼-ਹੋਸ਼ ਨਾਲ਼ ਸ਼ਾਂਤਮਈ ਵੀ ਹੋਵੇ ਜੇ
ਜਾਬਤਾ ਦਿਖਾਉ ਗਾ ਫਤਹਿ ਦਾ ਦਿਨ ਜੀ।
ਚਾਣਕਾ ਚਾਲਾਂ ਤੋਂ ਸਾਵਧਾਨ ਰਹਿੰਦਿਆਂ
ਰੱਖੀਏ 'ਨਿਸ਼ਾਨੇ' 'ਤੇ ਕਾਨੂੰਨ ਤਿੰਨ ਜੀ!

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



## ਗੱਲੀਂ ਬਾਤੀਂ

ਗੱਲੀਂ ਬਾਤੀਂ ਪੱਥਰ ਤਾਰੀ ਜਾਂਦੇ ਓ।
ਕਾਹਨੂੰ ਐਨਾ ਝੱਲ ਖਿਲਾਰੀ ਜਾਂਦੇ ਓ।

ਗੂਹੜੇ ਡੂੰਘੇ ਰਿਸ਼ਤੇ ਰਖਕੇ ਡੰਗਰਾਂ ਨਾਲ
ਐਪਰ ਹੱਥੀਂ ਬੰਦੇ ਮਾਰੀ ਜਾਂਦੇ ਓ।

ਸਾਡੇ ਮਨ ਦੀ ਵਕਤ ਆਏ ਤੋਂ ਦਸਾਂਗੇ
ਆਪਣੇ ਮਨ ਦੀ ਤਾਂ ਪਰਚਾਰੀ ਜਾਂਦੇ ਓ।

ਲਾਈ ਜਾਂਦੇ ਟਾਕੀ ਓ ਨਿੱਤ ਅੰਬਰ ਨੂੰ
ਵਿਚ ਹਵਾ ਦੇ ਮਹਿਲ ਉਸਾਰੀ ਜਾਂਦੇ ਓ।

ਹੋਈ ਜਾਂਦੀ ਜੱਗ ਹਸਾਈ ਸੁਣ ਸੁਣ ਕੇ
ਨਿੱਤ ਨਵੇਂ ਜੋ ਜੱਕੜ ਮਾਰੀ ਜਾਂਦੇ ਓ।

ਰੁੱਖ ਹਵਾ ਦਾ ਮਹਿਲਾਂ ਵੱਲ ਨਾ ਹੋ ਜਾਵੇ
ਝੁੱਗੀਆਂ ਵਿਚ ਜੋ ਅੱਗ ਖਿਲਾਰੀ ਜਾਂਦੇ ਓ।

ਨੰਗੇ ਤਨ ਤੇ ਖਾਲੀ ਢਿੱਡ ਦਾ ਫ਼ਿਕਰ ਕਰੋ
ਗੱਲੀਂ ਬਾਤੀਂ ਬੁੱਤਾ ਸਾਰੀ ਜਾਂਦੇ ਓ।

ਮੋਇਆਂ ਖਾਤਰ ਖੀਰਾਂ ਪੂੜੇ ਵੰਡਦੇ ਓ
ਜਿਉਂਦੇ ਮਾਂ ਪਿਉ ਮਨੋਂ ਵਿਸਾਰੀ ਜਾਂਦੇ ਓ।

ਕੰਜਕਾਂ ਪੂਜਣ ਵਾਲਿਓ ਕੁੱਝ ਤਾਂ ਸ਼ਰਮ ਕਰੋ
ਕਿਉਂ ਕੁੱਖਾਂ ਵਿਚ ਕੰਨਿਆਂ ਮਾਰੀ ਜਾਂਦੇ ਓ।

ਹੱਸਦੇ ਓ ਨਿਤ ਅੱਗ ਸੇਕ ਕੇ ਸਿਵਿਆਂ ਦੀ
ਵੱਸਦੇ ਘਰਾਂ ਚ ਚੁੱਲ੍ਹੇ ਠਾਰੀ ਜਾਂਦੇ ਓ।

'ਲਾਲ' ਸਵੇਰਾ ਚੜ੍ਹਨੈਂ, ਰੋਕਿਆਂ ਰੁਕਣਾ ਨਹੀਂ,
ਕਿਉਂ ਸੂਰਜ ਨੂੰ ਫੂਕਾਂ ਮਾਰੀ ਜਾਂਦੇ ਓ?



**ਲਾਲ ਸਿੰਘ ਸੁਲਹਾਣੀ**
91-98721-55120

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਉਹ ਜਿੰਦਾ ਹੈ

ਉਹ ਜਿੰਦਾ ਹੈ ਸੰਘਰਸ਼ ਦੇ ਰਾਹਾਂ ਦੇ ਵਿੱਚ।
ਉਹ ਜਿੰਦਾ ਹੈ ਯਾਰਾਂ ਦੇ ਸਾਹਾ ਦੇ ਵਿੱਚ।
ਸਖ਼ਤ ਮਿਹਨਤ ਦੇ ਪਿੰਡਾਂ ਦੀ ਜੂਹ ਦੇ ਵਿੱਚ।
ਕ੍ਰਾਂਤੀਕਾਰੀਆਂ ਦੀ ਰਮਿਆ ਰੂਹ ਦੇ ਵਿੱਚ।
ਉਹ ਜਿੰਦਾ ਹੈ ਹਵਾ ਦੀ ਘੂਕ ਦੇ ਵਿੱਚ।
ਉਹ ਜਿੰਦਾ ਹੈ ਰੈਲੀ ਦੀ ਸ਼ੂਕ ਦੇ ਵਿੱਚ।
ਉਹ ਜਿੰਦਾ ਹੈ ਕਿਸਾਨਾ ਦੇ ਸੰਘਰਸ਼ ਦੇ ਵਿੱਚ।
ਵਿੱਚ ਕਣਾਂ ਦੇ ਫਰਸ਼ ਤੋਂ ਅਰਸ਼ ਦੇ ਵਿੱਚ।
ਉਹ ਜਿੰਦਾ ਹੈ ਗਰੀਬ ਦੇ ਦਰਦ ਦੇ ਵਿੱਚ।
ਰਹਿਮ ਦਿਲਾਂ ਦੀ ਧੜਕਣ ਦੇ ਹਮਦਰਦ ਦੇ ਵਿੱਚ।
ਕਿਸੇ ਕਾਇਨਾਤ ਦੀ ਸੁੰਦਰ ਕਿਆਰੀ ਦੇ ਵਿੱਚ।
ਉਹ ਜਿੰਦਾ ਹੈ ਯਾਰਾਂ ਦੀ ਯਾਰੀ ਦੇ ਵਿੱਚ।
ਜ਼ੁਲਮ ਰੋਕਣੀ ਗੁਫਤਗੂੰ ਦੇ ਵਿੱਚ।
ਜਿਉਂਦੀ ਜ਼ਮੀਰ ਦੇ ਕਿਸੇ ਬਰੂਹ ਦੇ ਵਿੱਚ।
ਹੱਕ ਲੈਣ ਲਈ ਗੂੰਜਦੇ ਨਾਹਰਿਆ ਦੇ ਵਿੱਚ।
ਧਾਵਾ ਕੂੜ ਤੇ ਬੋਲੇ ਜੈਕਾਰਿਆ ਦੇ ਵਿੱਚ।
ਸਾਹਿਤਕਾਰ ਦੀ ਅਜ਼ਾਦ ਜਿਹੀ ਕਲਮ ਦੇ ਵਿੱਚ।
ਦੁੱਖ ਕਿਸੇ ਦਾ ਮੇਟਦੀ ਮਲ੍ਹਮ ਦੇ ਵਿੱਚ।
ਉਸ਼ਿਨਾਗ ਸੰਧੂ''ਹੈ ਰੈਲੀ ਦੀ ਖੜਕਣ ਦੇ ਵਿੱਚ।
ਉਰਾਜ'' ਜਿੰਦਾ ਹੈ ਦਿਲਾਂ ਦੀ ਧੜਕਣ ਦੇ ਵਿੱਚ।

**- ਸ਼ਿਨਾਗ ਸਿੰਘ ਸੰਧੂ**
91-97816-93300



## ਕਵਿਤਾ
### 19 ਨਵੰਬਰ ਲਈ ਵਿਸ਼ੇਸ਼

ਅੰਧ ਵਿਸ਼ਵਾਸ਼ਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ
ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।
ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਹਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਅਪਣੀ ਭੈਣ ਦਾ ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੧ਓ ਦਾ ਐਸਾ ਇਕ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅਜਤਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।
ਇੰਨਸਾਨੀ ਕਦਰਾਂ ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦੁਭੁਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਾਮਾਜਿਕ ਇੰਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ
ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵੱਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਾਹਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।
ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨਾ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇੰਨਸਾਨ ਕਹਾਏ।

**- ਬਲਵਿੰਦਰ ਬਾਲਮ ਗੁਰਦਾਸਪੁਰ**
91-98156-25409

# ਧਾਰੀਵਾਲ ਵਿੱਚ ਨਾਟਕ, 'ਜ਼ਖ਼ਮੀ ਖੰਭਾਂ ਦੀ ਪਰਵਾਜ' ਨੇ ਦਰਸ਼ਕ ਕੀਲੇ





**ਚੰਡੀਗੜ੍ਹ-** ਇੰਡੀਅਨ ਪੀਪਲ ਥਿਏਟਰ ਐਸੋਸੀਏਸ਼ਨ ('ਇਪਟਾ') ਗੁਰਦਾਸਪੁਰ ਵੱਲੋਂ ਆਜ਼ਾਦੀ ਦੀ 75-ਵੀਂ ਵਰ੍ਹੇਗੰਢ ਨੂੰ ਸਮਰਪਿਤ ਅਤੇ ਉਘੇ ਟਰੇਡ ਯੂਨੀਅਨ ਆਗੂ ਮਨਜੀਤ ਸਿੰਘ ਦੋਰਾਂਗਲਾ (ਬਿਜਲੀ ਬੋਰਡ) ਦੀ ਨਿੱਘੀ ਯਾਦ ਵਿੱਚ ਹਿੰਦੂ ਕੰਨਿਆ ਮਹਾਂ ਵਿਦਿਆਲਾ ਧਾਰੀਵਾਲ ਵਿੱਚ ਅਸਿੱਸਟੈਂਟ ਪ੍ਰੋਫੈਸਰ ਰਾਜਵਿੰਦਰ ਕੌਰ ਨਾਗਰਾ ਦੇ ਉਦਮ ਸਦਕਾ, ਅਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਵੱਲੋਂ ਬੀਬਾ ਕੁਲਵੰਤ ਤੇ ਰਣਜੀਤ ਬਾਂਸਲ ਦੀ ਨਿਰਦੇਸ਼ਨਾ ਹੇਠ ਲੋਕ ਪੱਖੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਕੋਰੀਓਗ੍ਰਾਫੀਆਂ, 'ਘੋੜੀ ਸ਼ਹੀਦ ਭਗਤ ਸਿੰਘ', ਅਤੇ 'ਧੀਆਂ' ਪੇਸ਼ ਕੀਤੀਆਂ ਗਈਆਂ। 'ਇਹ ਮੁੰਡਾ ਨਿਰਾ ਸ਼ਨਿੱਚਰ ਈ' ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਗਾਏ ਗੀਤ 'ਤੇ ਕੋਰੀਓਗਰਾਫੀ ਨੇ ਦਰਸ਼ਕਾਂ ਨੂੰ ਹਸਾ ਹਸਾ ਕੇ ਲੋਟ ਪੋਟ ਕਰ ਦਿੱਤਾ। ਉਪਰੰਤ ਸਮਾਜਿਕ ਨਾ ਬਰਾਬਰੀ ਤੇ ਨਸ਼ਿਆਂ ਤੋਂ ਉਪਜਣ ਵਾਲੀਆਂ ਸਮੱਸਿਆਵਾਂ 'ਤੇ ਆਧਾਰਿਤ ਡਾਕਟਰ ਸਾਹਿਬ ਸਿੰਘ ਦਾ ਲਿਖਿਆ ਨਾਟਕ,'ਜ਼ਖ਼ਮੀ ਖੰਭਾਂ ਦੀ ਪਰਵਾਜ' ਖੇਡ੍ਹਿਆ ਗਿਆ, ਜਿਸ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ ਤੇ ਸੋਚਣ ਲਈ ਮਜਬੂਰ ਕੀਤਾ।



ਇਸ ਮੌਕੇ 'ਤੇ ਮੁੱਖ ਮਹਿਮਾਨ ਡਾਕਟਰ ਕਮਲਜੀਤ ਸਿੰਘ (ਕੇ ਜੇ ਹਸਪਤਾਲ) ਨੇ ਨਾਟਕਾਂ ਤੇ ਕੋਰੀਓਗਰਾਫੀਆਂ ਦੀ ਸਮੀਖਿਆ ਕਰਦਿਆਂ ਹੋਇਆਂ ਇਨ੍ਹਾਂ ਨੂੰ ਸਮਾਜ ਨੂੰ ਸੇਧ ਦੇਣ ਵਾਲੀਆਂ ਦੱਸਿਆ। 'ਇਪਟਾ' ਗੁਰਦਾਸਪੁਰ ਦੇ ਪ੍ਰਧਾਨ ਜੀ. ਐਸ. ਪਾਹੜਾ ਨੇ ਬੋਲਦਿਆਂ ਕਿਹਾ ਕਿ ਜਿੱਥੇ ਸਾਨੂੰ ਨਵੀਂ ਪੀੜ੍ਹੀ ਨੂੰ ਸਮਾਜਿਕ ਸਮੱਸਿਆਵਾਂ ਤੋਂ ਜਾਣੂ ਕਰਵਾਉਣ ਦੀ ਲੋੜ ਹੈ, ਉਥੇ ਲੋਕਾਂ ਦੁਆਰਾ ਚੁਣੇ ਹੋਏ ਇਮਾਨਦਾਰ ਤੇ ਜਨਤਾ ਦੇ ਸੱਚੇ-ਸੁੱਚੇ ਵਫ਼ਾਦਾਰ ਸੇਵਕ ਉਮੀਦਵਾਰਾਂ ਨੂੰ ਜਿਤਾ ਕੇ ਰਾਜ ਪ੍ਰਬੰਧ ਉਨ੍ਹਾਂ ਦੇ ਹੱਥਾਂ ਵਿਚ ਦੇ ਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਜਿਸ ਵਿਚ ਹਰ ਨਾਗਰਿਕ ਨੂੰ ਰੋਜ਼ਗਾਰ, ਮੁਫਤ ਵਿਦਿਆ, ਮੁਫਤ ਸਿਹਤ ਸਹੂਲਤਾਂ, ਹਰੇਕ ਨੂੰ ਬੁਢਾਪਾ ਪੈਨਸ਼ਨ, ਸਮਾਜਿਕ ਸੁਰੱਖਿਆ ਤੇ ਸਾਫ ਸੁਥਰਾ ਵਾਤਾਵਰਣ ਦੇ ਕੇ ਕਰਜਾ-ਮੁਕਤ ਸੂਬਾ ਕੀਤਾ ਜਾ ਸਕਦਾ ਹੈ ਤੇ ਹਰ ਤਰ੍ਹਾਂ ਦੇ ਮਾਫੀਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਲੋਕ-ਗਾਇਕ ਜੋਗਿੰਦਰ ਸਿੰਘ ਸਿੰਘਪੁਰੀਆ, ਮਨਦੀਪ ਸਹੋਤਾ ਤੇ ਰਣਜੀਤ ਸਿੰਘ ਗਿੱਲ ਨੇ ਲੋਕਾਂ ਨੂੰ ਸੇਧ ਦੇਣ ਵਾਲੇ ਗੀਤ ਅਤੇ ਹੀਰਾ ਸਿੰਘ ਸੈਨਪੁਰ, ਜਨਕ ਰਾਜ ਰਠੌਰ, ਸੁੱਚਾ ਸਿੰਘ ਪਸਨਾਵਾਲ ਤੇ ਅਰਮਨ ਨੇ ਸਮਾਜ ਉਸਾਰੂ ਕਵਿਤਾਵਾਂ ਪੇਸ਼ ਕੀਤੀਆਂ। ਸਟੇਜ ਦਾ ਸੰਚਾਲਨ ਗੁਰਮੀਤ ਸਿੰਘ ਬਾਜਵਾ ਨੇ ਬੜੀ ਬਾਖ਼ੂਬੀ ਨਿਭਾਇਆ। ਸ੍ਰੀ ਕੇਵਲ ਕ੍ਰਿਸ਼ਨ ਸ਼ਰਮਾ ਪ੍ਰਧਾਨ ਪ੍ਰਬੰਧਕ ਕਮੇਟੀ ਐਚ ਕੇ ਐਮ ਵੀ ਧਾਰੀਵਾਲ ਤੇ ਪ੍ਰਿੰਸੀਪਲ ਸੁਮਨ ਨੰਦਾ ਨੇ ਇਸ ਪ੍ਰੋਗਰਾਮ ਨੂੰ ਬਹੁਤ ਸਲਾਹਿਆ ਤੇ ਭਵਿੱਖ ਵਿੱਚ ਵੀ ਕਰਵਾਉਣ ਦਾ ਵਾਅਦਾ ਕੀਤਾ। ਸਮਾਗਮ ਦੌਰਾਨ ਸ੍ਰੀ ਰਮੇਸ਼ ਕੋਹਲੀ, ਜਨਰਲ ਸਕੱਤਰ ਐਚ ਕੇ ਐਮ ਵੀ, ਡਾ. ਸੀਮਾ ਸੈਣੀ, ਡਾ. ਮਨਜੀਤ ਸਿੰਘ, ਡਾ. ਪਵਨ ਕੁਮਾਰ, ਡਾ. ਦਲਜੀਤ, ਪ੍ਰੋ. ਦੀਪ, ਮੈਡਮ ਸੁਮਨ ਬਾਲਾ, ਮੈਡਮ ਪੂਜਾ ਤੇ ਸਮੂਹ ਸਟਾਫ, ਟ੍ਰੇਡ ਯੂਨੀਅਨ ਆਗੂ ਮੱਸਾ ਸਿੰਘ ਨੱਤ, ਬੂਟਾ ਰਾਮ ਆਜ਼ਾਦ, ਬਾਬਾ ਬਲਦੇਵ ਸਿੰਘ ਮਾਨੇਪੁਰ ਨਵਰਾਜ ਸੰਧੂ ਪੱਤਰਕਾਰ, ਨੀਰਜ ਕੁਮਾਰ ਤੇ ਸਚਿਨ ਕੁਮਾਰ ਰੰਗਕਰਮੀ ਉਚੇਚੇ ਤੌਰ ਤੇ ਹਾਜ਼ਰ ਸਨ।

**- ਪ੍ਰੀਤਮ ਲੁਧਿਆਣਵੀ**


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।

# ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ, ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ



ਤੀਰਥ ਸਿੰਘ ਸੋਹਲ




## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

# 3525 Highway 99, West Corning, CA 96021
Across the Street from TA Truck Stop